ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 6 | Issue 40 | 11 October to 17 October 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਕੈਲੇਫੋਰਨੀਆਂ ਦੇ ਜੰਗਲਾਂ ਨੂੰ ਲੱਗੀ ਭਿਆਨਕ ਅੱਗ ਦੌਰਾਨ 17 ਮੌਤਾਂ

## ਵਾਈਨ ਕੰਟਰੀ ਵਲੋਂ ਜਾਣੇ ਜਾਂਦੇ ਸੋਨੋਮਾ ਤੇ ਨਾਪਾ ਕਾਉਂਟੀ ਦੇ ਇਲਾਕਿਆਂ 'ਚ ਭਾਰੀ ਨੁਕਸਾਨ



ਵਾਈਨ ਕੰਟਰੀ ਵਜੋਂ ਜਾਣੇ ਜਾਂਦੇ ਕੈਲੀਫੋਰਨੀਆ ਦੇ ਨਾਪਾ ਵੈਲੀ ਖੇਤਰ ਵਿਚ ਲੱਗੀ ਅੱਗ ਨਾਲ ਅਪਣੇ ਅੰਗੂਰਾਂ ਦੇ ਬਾਗ ਤੇ ਫਾਰਮ ਹਾਊਸ ਦੀ ਹੋ ਰਹੀ ਤਬਾਹੀ ਵੇਖ ਇੱਕ ਦੂਜੀ ਦਾ ਦਰਦ ਵੰਡਾ ਰਹੀਆਂ ਮਾਂ ਤੇ ਧੀ।

**ਸੈਨ ਫਰਾਂਸਿਸਕੋ/ਹੁਸਨ ਲੜੋਆ ਬੰਗਾ:** ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਜੰਗਲ ਦੀ ਭਿਆਨਕ ਅੱਗ ਤੇਜ਼ ਹਵਾਵਾਂ ਕਾਰਨ ਵਾਈਨ ਕੰਟਰੀ ਵਲੋਂ ਜਾਣੇ ਜਾਂਦੇ ਸੋਨੋਮਾ ਕਾਉਂਟੀ, ਨਾਪਾ ਕਾਉਂਟੀ ਤੇ ਬਾਕੀ ਨਾਲ ਲਗਦੇ ਨਾਲ ਇਲਾਕਿਆਂ ਵਿੱਚ ਫੈਲਣ ਕਾਰਨ ਕੈਲੀਫੋਰਨੀਆ ਵਾਈਨ ਕੰਟਰੀ ਵੱਲ ਫੈਲਣ ਕਾਰਨ ਤਕਰੀਬਨ 17 ਵਿਅਕਤੀਆਂ ਦੀ ਮੌਤ ਹੋ ਗਈ ਅਤੇ 15 ਤੇ ਕਰੀਬ ਘਰ ਦੇ ਕਾਰੋਬਾਰੀ ਇਮਾਰਤਾਂ ਸੜ ਗਈਆਂ। ਆਖ਼ਰੀ ਖ਼ਬਰਾਂ ਮਿਲਣ ਵੇਲੇ ਤੱਕ ਅੱਗ ਤੇਜ਼ੀ ਨਾਲ ਨਾਪਾ ਵੈਲੀ ਅਤੇ ਆਸ ਪਾਸ ਦੇ ਜੰਗਲ 'ਚ ਫੈਲ ਰਹੀ ਸੀ। ਕੈਲੀਫੋਰਨੀਆ ਦੇ ਸਰਕਾਰੀ ਹਵਾਲਿਆਂ ਨੇ ਦੱਸਿਆ ਕਿ 11 ਵਿਅਕਤੀ ਸੋਨੋਮਾ ਕਾਉਂਟੀ, 2 ਨਾਪਾ ਕਾਉਂਟੀ, ਤੇ ਬਾਕੀ ਨਾਲ ਲਗਦੇ ਇਲਾਕਿਆਂ ਚ ਮਾਰੇ ਗਏ ਜਿਨਾਂ ਚ 100 ਸਾਲਾ ਚਾਰਲਸ ਤੇ 98 ਸਾਲਾ ਉਸਦੀ ਘਰਵਾਲੀ ਸਾਰਾ ਵੀ ਸ਼ਾਮਲ ਹਨ।

ਹਾਲਾਤ ਦੀ ਗੰਭੀਰਤਾ ਨੂੰ ਧਿਆਨ ਵਿੱਚ ਰਖਦੇ ਹੋਏ ਗਵਰਨਰ ਜੈਰੀ ਬਰਾਊਨ ਨੇ ਨਾਪਾ, ਸੋਨੋਮਾ ਤੇ ਯੁਬਾ ਕਾਉਂਟੀਆਂ ਵਿਚ ਐਮਰਜੰਸੀ ਐਲਾਨ ਦਿੱਤੀ ਹੈ। ਇਨ੍ਹਾਂ ਖੇਤਰਾਂ ਤੋਂ ਤਕਰੀਬਨ 20 ਹਜ਼ਾਰ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਫਾਇਰ ਬ੍ਰਿਗੇਡ ਵਿਭਾਗ ਦੇ ਮੁਖੀ ਕਿਮ ਪਿਮਲੋਟ ਦਾ ਕਹਿਣਾ ਹੈ ਕਿ ਅੱਗ ਲੱਗਣ ਕਾਰਨ ਲਗਭਗ 2000 ਘਰ ਤੇ ਇਮਾਰਤਾਂ ਬਰਬਾਦ ਹੋ ਚੁੱਕੀਆਂ ਹਨ। ਹੁਣ ਤਕ ਇਹ ਪਤਾ ਨਹੀਂ ਲੱਗ ਸਕਿਆ ਕਿ ਐਤਵਾਰ ਰਾਤ ਨੂੰ ਇੱਥੇ ਅੱਗ ਕਿਵੇਂ ਲੱਗੀ। ਉਨ੍ਹਾਂ ਨੇ ਕਿਹਾ, "ਸਾਡਾ ਪੂਰਾ ਧਿਆਨ ਲੋਕਾਂ ਦੀ ਜਾਨ ਬਚਾਉਣ 'ਤੇ ਹੈ। ਇਹ ਸਾਡੀ ਪਹਿਲ ਹੈ। ਅੱਗ 'ਤੇ ਕਾਬੂ ਪਾਉਣ ਲਈ ਸਾਰੇ ਉਪਕਰਣ ਇੱਥੇ ਮੌਜੂਦ ਹਨ। ਅਸੀਂ ਇੱਥੋਂ ਲੋਕਾਂ ਨੂੰ ਸੁਰੱਖਿਅਤ ਕੱਢਣ ਦੀ ਕੋਸ਼ਿਸ਼ ਕਰ ਰਹੇ ਹਾਂ। ਰਾਸ਼ਟਰੀ ਮੌਸਮ ਸੇਵਾ ਵਿਭਾਗ ਦੀ ਚਿਤਾਵਨੀ ਮੁਤਾਬਕ ਅੱਗ ਦਾ ਅਸਰ ਸੈਨ ਫਰਾਂਸਿਸਕੋ ਤੱਕ ਵੇਖਣ ਨੂੰ ਮਿਲੇਗਾ। ਤੇਜ਼ ਹਵਾਵਾਂ ਅਤੇ ਖੁਸ਼ਕ ਮੌਸਮ ਕਾਰਣ ਅੱਗ ਤੇਜ਼ੀ ਨਾਲ ਫੈਲ ਰਹੀ ਹੈ। ਨੌਰਥ ਕੈਲੇਫੋਰਨੀਆਂ ਦੇ

ਬਾਕੀ ਸਫ਼ਾ 32 'ਤੇ

# ਟਰੰਪ ਨੇ ਐੱਚ-1ਬੀ ਵੀਜ਼ਾ 'ਚ ਸਖਤੀ ਦਾ ਫੈਸਲਾ ਟਾਲਿਆ

## *ਗ੍ਰੀਨ ਕਾਰਡ ਨੂੰ ਲੈ ਕੇ ਸਖਤ ਰਵੱਈਆ ਕਾਇਮ*

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੁਆਲਟੀ 'ਤੇ ਆਧਾਰਤ ਇਮੀਗ੍ਰੇਸ਼ਨ ਨੀਤੀ ਬਣਾਉਣ ਦਾ ਪ੍ਰਸਤਾਵ




ਸੰਸਦ ਨੂੰ ਭੇਜਿਆ ਹੈ। ਇਸ ਪ੍ਰਸਤਾਵ ਵਿਚ ਭਾਰਤ ਦੇ ਹੱਕ ਵਿਚ ਇਹ ਗੱਲ ਹੈ ਕਿ ਐੱਚ-1ਬੀ ਵੀਜ਼ਾ ਨੂੰ ਲੈ ਕੇ ਕੋਈ ਸਖਤ ਸ਼ਰਤ ਲਾਉਣ ਦੀ ਗੱਲ ਨਹੀਂ ਹੈ। ਇਸ ਵੀਜ਼ੇ 'ਤੇ ਹੀ ਆਈ.ਟੀ. ਨਾਲ ਜੁੜੇ ਭਾਰਤੀ ਪੇਸ਼ੇਵਰ ਅਮਰੀਕਾ ਜਾਂਦੇ ਹਨ ਅਤੇ ਉਥੇ ਨੌਕਰੀ ਕਰਦੇ ਹਨ। ਪਰ ਗ੍ਰੀਨ ਕਾਰਡ ਨੂੰ ਲੈ ਕੇ ਟਰੰਪ ਨੇ ਆਪਣਾ ਸਖਤ ਰਵੱਈਆ ਕਾਇਮ ਰੱਖਿਆ ਹੈ। ਨੌਕਰੀਆਂ ਨੂੰ ਲੈ ਕੇ ਭਾਰਤੀ ਅਤੇ ਚੀਨੀ

ਬਾਕੀ ਸਫ਼ਾ 32 'ਤੇ

*ਗੁਰਦਾਸਪੁਰ ਜ਼ਿਮਨੀ ਚੋਣ*

# ਉਮੀਦਵਾਰਾਂ ਦੀ ਕਿਸਮਤ ਬੈਲਟ ਬਕਸਿਆਂ ਵਿਚ ਬੰਦ

## ਮੁੱਖ ਮੁਕਾਬਲਾ ਜਾਖੜ, ਸਲਾਰੀਆ ਅਤੇ ਖਜੂਰੀਆ ਵਿਚਾਲੇ

*15 ਅਕਤੂਬਰ ਨੂੰ ਆਵੇਗਾ ਨਤੀਜਾ*



ਵੋਟ ਪਾਉਣ ਲਈ ਲਾਈਨਾਂ 'ਚ ਲੱਗੇ ਵੋਟਰ

**ਗੁਰਦਾਸਪੁਰ/ਬਿਊਰੋ ਨਿਊਜ਼ :** ਗੁਰਦਾਸਪੁਰ ਲੋਕ ਸਭਾ ਹਲਕੇ ਦੀ ਵਕਾਰੀ ਜ਼ਿਮਨੀ ਚੋਣ ਲਈ ਵੋਟਾਂ ਪੈ ਗਈਆਂ ਹਨ। ਛੇ ਮਹੀਨੇ ਪੁਰਾਣੀ ਕਾਂਗਰਸ ਸਰਕਾਰ ਲਈ ਇਹ ਉਸ ਦੀ ਹਰਮਨਪਿਆਰਤਾ ਦਾ ਪਹਿਲਾ ਟੈਸਟ ਹੈ। ਇਹ ਸੀਟ ਫਿਲਮ ਅਭਿਨੇਤਾ ਤੋਂ ਨੇਤਾ ਬਣੇ ਵਿਨੋਦ ਖੰਨਾ ਦੇ ਦੇਹਾਂਤ ਕਾਰਨ ਅਪ੍ਰੈਲ ਵਿੱਚ ਖਾਲੀ ਹੋਈ ਸੀ। ਉਹ ਇੱਥੇ ਭਾਜਪਾ ਦੇ ਲੋਕ ਸਭਾ ਮੈਂਬਰ ਸਨ। ਹੁਣ ਜਿਥੇ ਕਾਂਗਰਸ ਨੇ ਇੱਥੋਂ ਆਪਣਾ ਉਮੀਦਵਾਰ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਬਣਾਇਆ ਹੈ, ਉੱਥੇ ਭਾਜਪਾ ਤੇ ਅਕਾਲੀ ਦਲ ਗਠਜੋੜ ਨੇ ਉਦਯੋਗਪਤੀ ਸਵਰਨ ਸਲਾਰੀਆ ਉੱਤੇ ਦਾਅ ਖੇਡਿਆ ਹੈ। ਤੀਜੀ ਧਿਰ 'ਆਪ' ਨੇ

ਬਾਕੀ ਸਫ਼ਾ 32 'ਤੇ

# ਰਾਮ ਰਹੀਮ ਨੇ ਮੰਗੀ ਸਜ਼ਾ ਮੁਆਫ਼ੀ, ਸਾਧਵੀਆਂ ਨੇ ਉਮਰ ਕੈਦ

## *ਹਾਈ ਕੋਰਟ ਦਾ ਆਦੇਸ਼-ਰਾਮ ਰਹੀਮ ਨੂੰ ਜੁਰਮਾਨਾ ਤਾਂ ਭਰਨਾ ਹੀ ਪਵੇਗਾ*

**ਚੰਡੀਗੜ੍ਹ/ਬਿਊਰੋ ਨਿਊਜ਼ :** ਸਾਧਵੀਆਂ ਨਾਲ ਜਬਰ ਜਨਾਹ ਦੇ ਮਾਮਲੇ ਵਿਚ ਸੀ.ਬੀ.ਆਈ. ਅਦਾਲਤ ਪੰਚਕੂਲਾ ਵਲੋਂ ਸੁਣਾਈ 10-10 ਸਾਲ ਕੈਦ ਦੀ ਸਜ਼ਾ ਦੇ ਵਿਰੁੱਧ ਰਾਮ ਰਹੀਮ ਵਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਦਾਖ਼ਲ ਅਪੀਲ 'ਤੇ ਜਸਟਿਸ ਸੂਰੀਆਕਾਂਤ ਦੇ ਡਿਵੀਜ਼ਨ ਬੈਂਚ ਨੇ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ। ਰਾਮ ਰਹੀਮ ਨੂੰ ਲਗਾਏ ਗਏ ਜੁਰਮਾਨੇ 'ਤੇ ਰੋਕ



ਲਗਾਉਣ ਦੀ ਮੰਗ 'ਤੇ ਬੈਂਚ ਨੇ ਉਸ ਨੂੰ ਝਟਕਾ ਦਿੰਦਿਆਂ ਦੋਵੇਂ ਮਾਮਲਿਆਂ ਵਿਚ 30 ਲੱਖ ਰੁਪਏ 2 ਮਹੀਨੇ ਵਿਚ ਜਮ੍ਹਾਂ ਕਰਵਾਉਣ ਦੀ ਹਦਾਇਤ ਕੀਤੀ ਹੈ। ਦੂਜੇ ਪਾਸੇ ਸਾਧਵੀਆਂ ਵਲੋਂ ਰਾਮ ਰਹੀਮ ਦੀ ਸਜ਼ਾ ਵਿਚ ਵਾਧਾ ਕਰ ਕੇ ਉਸ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੀ ਮੰਗ ਨੂੰ ਲੈ ਕੇ ਅਪੀਲ 'ਤੇ ਵੀ ਬੈਂਚ ਨੇ ਸੀ.ਬੀ. ਆਈ. ਅਤੇ ਰਾਮ ਰਹੀਮ ਨੂੰ ਨੋਟਿਸ ਜਾਰੀ ਕਰਕੇ

ਬਾਕੀ ਸਫ਼ਾ 31 'ਤੇ

# ਲੰਗਾਹ ਦੇ ਪੁਲੀਸ ਰਿਮਾਂਡ 'ਚ 3 ਦਿਨ ਦਾ ਵਾਧਾ

## *ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਧਾਰਾ ਵੀ ਜੁੜੀ*

**ਗੁਰਦਾਸਪੁਰ/ਬਿਊਰੋ ਨਿਊਜ਼:** ਸਾਬਕਾ ਅਕਾਲੀ ਮੰਤਰੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਨੂੰ ਇੱਕ ਦਿਨ ਦਾ ਰਿਮਾਂਡ ਖ਼ਤਮ ਹੋਣ 'ਤੇ ਮੰਗਲਵਾਰ ਦੁਪਹਿਰ ਬਾਅਦ ਪੁਲੀਸ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਚੀਫ ਜੂਡੀਸ਼ੀਅਲ ਮੈਜਿਸਟ੍ਰੇਟ ਮੋਹਿਤ ਬਾਂਸਲ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਲੰਗਾਹ ਦੇ ਪੁਲੀਸ ਰਿਮਾਂਡ ਵਿੱਚ 3 ਦਿਨ ਦਾ ਵਾਧਾ ਕਰ ਦਿੱਤਾ ਹੈ।



ਪੁਲੀਸ ਨੇ ਲੰਗਾਹ ਦੇ 7 ਦਿਨ ਦੇ ਰਿਮਾਂਡ ਦੀ ਮੰਗ ਕੀਤੀ ਸੀ। ਪੁਲੀਸ ਦਾ ਕਹਿਣਾ ਹੈ ਕਿ ਅਜੇ ਜਾਂਚ ਅਧੂਰੀ ਹੈ।

ਬਾਕੀ ਸਫ਼ਾ 09 'ਤੇ

# ਹਨੀਪ੍ਰੀਤ ਦੇ ਪੁਲੀਸ ਰਿਮਾਂਡ 'ਚ 3 ਦਿਨ ਦਾ ਵਾਧਾ

**ਪੰਚਕੂਲਾ/ਬਿਊਰੋ ਨਿਊਜ਼ :** 25 ਅਗਸਤ ਨੂੰ ਪੰਚਕੂਲਾ ਵਿਖੇ ਦੰਗੇ ਕਰਵਾਉਣ ਦੇ ਦੋਸ਼ ਹੇਠ ਪੁਲੀਸ ਵਲੋਂ



ਕਾਬੂ ਕੀਤੀ ਗਈ ਗੁਰਮੀਤ ਰਾਮ ਰਹੀਮ ਦੀ ਗੋਦ ਲਈ ਬੇਟੀ ਹਨੀਪ੍ਰੀਤ ਅਤੇ ਉਸ ਦੀ ਸਹਿਯੋਗੀ ਸੁਖਦੀਪ ਨੂੰ 6 ਦਿਨਾ ਪੁਲੀਸ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਮੁੜ ਪੰਚਕੂਲਾ ਦੀ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕੀਤਾ ਗਿਆ,

ਬਾਕੀ ਸਫ਼ਾ 31 'ਤੇ

For Advertisements in Quomantry Amritsar Times Please Call :

Jai Singh

510-677-2777















ੴ ਸਤਿਗੁਰ ਪ੍ਰਸਾਦਿ ॥

ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮਾ ਗੁਨ ਗਾਉ

# ਗੁਰਦੁਆਰਾ ਸਾਹਿਬ ਲੈਂਕਰਸ਼ਿਮ

**(7640 LANKERSHIM BLVD NORTH HOLLY WOOD CA 91605)**

# ਕੀਰਤਨੀਏ ਭਾਈ ਸੋਹਣ ਸਿੰਘ ਰਸੀਆ ਜੀ ਦੀ ਪਹਿਲੀ ਬਰਸੀ



ਭਾਈ ਸੋਹਣ ਸਿੰਘ ਰਸੀਆ

## 22 ਅਕਤੂਬਰ 2017 ਦਿਨ ਐਤਵਾਰ

ਪਰਮ ਸਨਮਾਨ ਯੋਗ ਸਾਧ ਸੰਗਤ ਜੀਓ ਆਪ ਜੀ ਦੇ ਪਿਆਰੇ ਕੀਰਤਨੀਏ ਭਾਈ ਸੋਹਣ ਸਿੰਘ ਰਸੀਆ ਜੀ ਦੀ ਪਹਿਲੀ ਬਰਸੀ 22 ਅਕਤੂਬਰ 2017 ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਲੈਂਕਰਸਿਮ ਵਿਖੇ ਬੜੇ ਪਿਆਰ ਅਤੇ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ਆਪ ਸਮੂਹ ਸੰਗਤਾਂ ਆਪਣੇ ਪਿਆਰੇ ਕੀਰਤਨੀਏ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਜ਼ਰੂਰ ਪੁੱਜੋ ਜੀ।

ਤਕਰੀਬਨ 80 ਸਾਲ ਪਹਿਲਾਂ ਇਕ ਸਧਾਰਨ ਜਿਮੀਂਦਾਰ ਪਰਿਵਾਰ ਵਿਚ ਜਨਮ ਲੈ ਕੇ 15 ਸਾਲ ਦੀ ਛੋਟੀ ਉਮਰ ਵਿਚ ਗੁਰੂ ਕੀਰਤਨ ਨੂੰ ਆਪਣੇ ਪੇਸ਼ੇ ਵਜੋਂ ਚੁਣਿਆ। ਮਿਹਨਤ ਅਤੇ ਲਗਨ ਸਦਕਾ ਆਪਣੇ ਜੀਵਨ ਵਿਚ ਗੁਰੂ ਕੀਰਤਨ ਰਾਹੀਂ ਜਿੰਦਗੀ ਦੀਆਂ ਉਨ੍ਹਾਂ ਉਚਾਈਆਂ ਨੂੰ ਛੋਹਿਆ ਜਿਸ ਉਚਾਈ ਉੱਤੇ ਪਹੁੰਚਣ ਦੀ ਹਰ ਕੋਈ ਚਾਹ ਰਖਦਾ ਹੈ। ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਬੰਗਲਾ ਸਾਹਿਬ 20 ਸਾਲ ਕੀਰਤਨ ਦੀ ਸੇਵਾ ਕੀਤੀ ਫਿਰ ਅਮਰੀਕਾ ਵਿਚ ਗੁਰਦੁਆਰਾ ਫਰੀਮਾਂਟ ਸਾਹਿਬ 10 ਸਾਲ ਸੇਵਾ ਕੀਤੀ ਅਤੇ ਰੱਜ ਕੇ ਸੰਗਤਾਂ ਦਾ ਪਿਆਰ ਮਾਣਿਆ। ਉਸ ਮਹਾਨ ਸ਼ਖਸੀਅਤ ਦਾ ਨਾਮ ਸੀ ***ਭਾਈ ਸੋਹਣ ਸਿੰਘ ਰਸੀਆ*** ਜੋ ਆਪਣੇ ਕੀਰਤਨ ਸਦਕਾ ਹਮੇਸ਼ਾ ਪਰਿਵਾਰ ਅਤੇ ਸੰਗਤਾਂ ਦੇ ਮਨਾਂ ਵਿਚ ਜਿੰਦਾ ਰਹਿਣਗੇ।

## ਪ੍ਰੋਗਰਾਮ ਦਾ ਵੇਰਵਾ ਇਸ ਪ੍ਰਕਾਰ ਹੈ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ**
20 ਅਕਤੂਬਰ ਸ਼ੁਕਰਵਾਰ ਸਵੇਰੇ 9:00 ਵਜੇ

**ਭੋਗ ਸ੍ਰੀ ਆਖੰਡ ਪਾਠ ਸਾਹਿਬ**
22 ਅਕਤੂਬਰ ਐਤਵਾਰ ਸਵੇਰੇ 9:00 ਵਜੇ

**ਆਸਾ ਦੀ ਵਾਰ ਅਤੇ ਕੀਰਤਨ**
22 ਅਕਤੂਬਰ ਐਤਵਾਰ ਸਵੇਰੇ 10:00 ਵਜੇ
ਅਤੇ ਬਾਅਦ ਦੁਪਹਿਰ 2:00 ਵਜੇ ਤੱਕ

***ਗੁਰੂ ਦਾ ਲੰਗਰ ਅਤੁੱਟ ਵਰਤੇਗਾ ਜੀ***

**ਧੰਨਵਾਦ ਸਹਿਤ**

ਰਵਿੰਦਰ ਸਿੰਘ ਰਸੀਆ : 818-536-8044, ਅਮਰੀਕ ਸਿੰਘ ਰਸੀਆ : 818-280-6760, ਪਰਵਿੰਦਰ ਸਿੰਘ ਰਸੀਆ : 818-601-8111

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

# ਧੰਨ ਧੰਨ ਸ੍ਰੀ ਗੁਰ ਰਾਮਦਾਸ ਸਾਹਿਬ ਜੀ






## ਦੇ ਪਾਵਨ ਪ੍ਰਕਾਸ਼ ਪੁਰਬ ਅਤੇ

## ਬੰਦੀ ਛੋੜ ਦਿਵਸ (ਦੀਵਾਲੀ)

ਦੇ ਉਪਲਕਸ਼ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਸਮਾਗਮ

ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

AT GURDWARA SAHIB KHALSA CARE FOUNDATION

**9989 Laurel Canyon Blvd, Pacoima CA 91331**

**15 OCTOBER (SUNDAY) & 22 OCTOBER (SUNDAY)**

11.30 am to 01.00 pm Kirtan - Bhai Harjinder Singh (Sri Nagar Wale)

**16 OCTOBER (MONDAY) TO 21 OCTOBER (SATURDAY)**

07.00 pm to 08.30 pm Kirtan - Bhai Harjinder Singh (Sri Nagar Wale)



**BHAI KANHAIYA JEE LANGAR SEWA DAL**

FOR MORE INFORMATION PLEASE CONTACT:

BALDEV SINGH (818) 468-9595 BALWINDER SINGH (818) 404-0811 MAKHAN SINGH (661) 225-7157 PARAMJIT SINGH (626) 354-6653

Printed by: SS #9873467767



CHAAT BHAVAN RESTAURANT

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

*Catering*
FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT 510.795.1100

976 E. EL CAMINO REAL • SUNNYVALE 408.795.1100

4112 GRAFTON ST • DUBLIN 925.829.1700

WWW.CHAATBHAVAN.COM

## ਭਾਈ ਤਾਰਾ ਖ਼ਿਲਾਫ਼ ਮੁਕੱਦਮੇ 'ਚ ਮਰ ਚੁੱਕੇ 5 ਗਵਾਹਾਂ ਦੇ ਬਿਆਨ ਦੋਬਾਰਾ ਪੜ੍ਹਨ ਲਈ ਅਰਜ਼ੀ ਦਾਇਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਾਬਕਾ ਮੁੱਖ ਮੰਤਰੀ ਪੰਜਾਬ ਬੇਅੰਤ ਸਿੰਘ ਹੱਤਿਆ ਮਾਮਲੇ ਵਿਚ ਭਾਈ ਜਗਤਾਰ ਸਿੰਘ ਤਾਰਾ ਖ਼ਲਾਫ਼ ਚੱਲ ਰਹੇ ਮੁਕੱਦਮੇ ਅੰਦਰ ਸੀ.ਬੀ.ਆਈ ਨੇ ਅਦਾਲਤ ਨੂੰ ਅਰਜ਼ੀ ਦੇ ਕੇ ਉਨ੍ਹਾਂ ਗਵਾਹਾਂ ਦੇ ਬਿਆਨ ਦੋਬਾਰਾ ਪੜ੍ਹਨ ਲਈ ਬੇਨਤੀ ਕੀਤੀ ਹੈ ਜਿਨ੍ਹਾਂ ਦੀ ਮੁਕੱਦਮੇ ਦੌਰਾਨ ਮੌਤ ਹੋ ਗਈ ਸੀ। ਸੀ.ਬੀ.ਆਈ ਵਲੋਂ ਵਕੀਲ ਐੱਸ.ਕੇ. ਸਕਸੈਨਾ ਨੇ ਵਧੀਕ ਸੈਸ਼ਨ ਜੱਜ ਜੇ.ਐੱਸ. ਸਿੱਧੂ ਦੀ ਵਿਸ਼ੇਸ਼ ਅਦਾਲਤ ਵਿਚ ਅਰਜ਼ੀ ਦਿੱਤੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਭਾਈ ਜਗਤਾਰ ਸਿੰਘ ਤਾਰਾ ਮੁਕੱਦਮੇ ਦੌਰਾਨ ਜੇਲ੍ਹ ਤੋਂ ਫ਼ਰਾਰ ਹੋ ਗਿਆ ਸੀ ਅਤੇ 31 ਮਈ 2004 ਵਿਚ ਅਦਾਲਤ ਨੇ ਉਸ ਨੂੰ ਇਸ਼ਤਿਹਾਰੀ ਮੁਲਜ਼ਮ ਐਲਾਨ ਦਿੱਤਾ ਸੀ।



ਭਾਈ ਤਾਰਾ ਦੇ ਫ਼ਰਾਰ ਹੋਣ ਦੌਰਾਨ ਜਿਨ੍ਹਾਂ 13 ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਸਨ ਉਨ੍ਹਾਂ ਵਿਚੋਂ ਪੰਜ ਗਵਾਹਾਂ ਦੀ ਮੌਤ ਹੋ ਚੁੱਕੀ ਹੈ ਜਿਨ੍ਹਾਂ ਵਿਚ ਸੀ.ਐੱਮ. ਪਟੇਲ, ਇੰਸਪੈਕਟਰ ਵਿਜੇ ਕੁਮਾਰ, ਡਿਪਟੀ ਐੱਸ.ਪੀ. ਸੀ.ਬੀ.ਆਈ. ਏ.ਜੀ.ਐੱਲ. ਕੌਲ, ਡਿਪਟੀ. ਐੱਸ.ਪੀ. ਸੀ.ਬੀ.ਆਈ. ਆਰ. ਐੱਸ. ਧਨਕੜ ਅਤੇ ਡਿਪਟੀ ਐੱਸ. ਪੀ. ਐੱਸ.ਐੱਨ. ਸਕਸੇਨਾ ਦੇ ਨਾਮ ਸ਼ਾਮਲ ਹਨ। ਅਰਜ਼ੀ ਵਿਚ ਕਿਹਾ ਗਿਆ ਕਿ ਭਾਈ ਜਗਤਾਰ ਸਿੰਘ ਤਾਰਾ ਖ਼ਿਲਾਫ਼ ਚੱਲ ਰਹੇ ਮੁਕੱਦਮੇ ਵਿਚ ਇਨ੍ਹਾਂ ਗਵਾਹਾਂ ਦੇ ਬਿਆਨ ਦਰਜ ਨਹੀਂ ਹੋ ਸਕਦੇ ਹਨ ਇਸ ਲਈ ਇਨ੍ਹਾਂ ਗਵਾਹਾਂ ਦੇ ਪੁਰਾਣੇ ਬਿਆਨ ਜੋ ਭਾਈ ਜਗਤਾਰ ਸਿੰਘ ਤਾਰਾ ਦੀ ਗੈਰ-ਹਾਜ਼ਰੀ ਵਿਚ ਦਰਜ ਕੀਤੇ ਗਏ ਸਨ, ਉਨ੍ਹਾਂ ਨੂੰ 299 ਸੀ. ਆਰ. ਪੀ. ਸੀ. ਤਹਿਤ ਦੋਬਾਰਾ ਪੜ੍ਹਿਆ ਜਾ ਸਕਦਾ ਹੈ। ਅਰਜ਼ੀ ਰਾਹੀਂ ਅਦਾਲਤ ਤੋਂ ਬੇਨਤੀ ਕੀਤੀ ਗਈ ਹੈ ਕਿ ਇਨ੍ਹਾਂ ਗਵਾਹਾਂ ਦੇ ਬਿਆਨਾਂ ਨੂੰ ਦੋਬਾਰਾ ਪੜ੍ਹ ਕੇ ਭਾਈ ਤਾਰਾ ਖ਼ਿਲਾਫ਼ ਬਿਆਨਾਂ ਦੇ ਤੌਰ 'ਤੇ ਵਰਤਿਆ ਜਾਵੇ।

## ਮਿਰਧਾ ਅਗਵਾ ਕੇਸ: ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਭਾਈ ਹਰਨੇਕ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ

**ਜੈਪੁਰ/ਸਿੱਖ ਸਿਆਸਤ ਬਿਊਰੋ:** ਕਾਂਗਰਸ ਆਗੂ ਤੇ ਕੇਂਦਰੀ ਮੰਤਰੀ ਰਹੇ ਰਾਮਨਿਵਾਸ ਮਿਰਧਾ ਦੇ ਪੁੱਤਰ ਰਾਜੇਂਦਰਾ ਮਿਰਧਾ ਨੂੰ 22 ਸਾਲ ਪਹਿਲਾ ਅਗਵਾ ਕਰਨ ਦੇ ਮਾਮਲੇ 'ਚ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਭਾਈ ਹਰਨੇਕ ਸਿੰਘ ਭੱਪ ਨੂੰ ਦੋਸ਼ੀ ਕਰਾਰ ਦਿੰਦਿਆਂ ਜੈਪੁਰ ਦੀ ਇਕ ਅਦਾਲਤ ਨੇ ਬੀਤੇ ਦਿਨੀਂ (6 ਅਕਤੂਬਰ, 2017) ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਵਧੀਕ ਜ਼ਿਲ੍ਹਾ ਜੱਜ ਪ੍ਰਮੋਦ ਮਲਿਕ ਨੇ ਸਜ਼ਾ ਨਾਲ 20,000 ਰੁਪਏ ਜ਼ੁਰਮਾਨਾ ਵੀ ਲਗਾਇਆ ਹੈ। ਦੱਸਣਯੋਗ ਹੈ ਕਿ 17 ਫਰਵਰੀ, 1995 ਨੂੰ ਖ਼ਾਲਿਸਤਾਨ ਲਿਬ੍ਰੇਸ਼ਨ ਫ਼ਰੰਟ ਦੇ ਚੀਫ਼ ਭਾਈ ਦਵਿੰਦਰ ਸਿੰਘ ਭੁੱਲਰ ਨੂੰ ਪੰਜਾਬ ਦੀ ਜੇਲ੍ਹ ਤੋਂ ਛੁਡਾਉਣ ਲਈ ਉਸ ਸਮੇਂ ਦੇ ਕਾਂਗਰਸ ਨੇਤਾ ਰਾਮਨਿਵਾਸ ਮਿਰਧਾ ਦੇ ਪੁੱਤਰ ਰਾਜੇਂਦਰ ਮਿਰਧਾ ਨੂੰ 17 ਫਰਵਰੀ 1995 ਨੂੰ ਸਵੇਰ ਵੇਲੇ ਸੈਰ ਕਰਦੇ ਸਮੇਂ ਜੈਪੁਰ ਤੋਂ ਅਗਵਾ ਕਰ ਲਿਆ ਸੀ। ਉਸ ਨੂੰ ਪੁਲਿਸ ਨੇ ਬਾਅਦ ਵਿਚ ਕਾਰਵਾਈ ਕਰਕੇ ਰਿਹਾਅ ਕਰਵਾ ਲਿਆ ਸੀ।



ਭਾਈ ਹਰਨੇਕ ਸਿੰਘ ਭੱਪ, ਫੈਸਲੇ ਤੋਂ ਬਾਅਦ ਦੀ ਤਸਵੀਰ

ਖਾਲਿਸਤਾਨ ਕਮਾਂਡੋ ਫੋਰਸ ਨਾਲ ਸਬੰਧਤ ਭਾਈ ਹਰਨੇਕ ਸਿੰਘ 2004 ਵਿਚ ਪੰਜਾਬ ਪੁਲਿਸ ਵਲੋਂ ਗ੍ਰਿਫਤਾਰ ਕੀਤੇ ਜਾਣ ਸਮੇਂ ਤੋਂ ਹੀ ਜੇਲ੍ਹ ਵਿਚ ਬੰਦ ਹੈ। ਉਸ ਨੂੰ 28 ਫਰਵਰੀ 2007 ਨੂੰ ਰਾਜਸਥਾਨ ਲਿਆਂਦਾ ਗਿਆ ਅਤੇ ਗ੍ਰਿਫਤਾਰ ਪਾਈ ਸੀ। ਇਸ ਸਾਲ ਮਈ ਵਿਚ ਰਾਜਸਥਾਨ ਹਾਈ ਕੋਰਟ ਨੇ ਹੇਠਲੀ ਅਦਾਲਤ ਨੂੰ ਹਦਾਇਤ ਕੀਤੀ ਸੀ ਕਿ ਮਾਮਲੇ ਦੀ ਸੁਣਵਾਈ ਤਿੰਨ ਮਹੀਨਿਆਂ ਵਿਚ ਮੁਕੰਮਲ ਕੀਤੀ ਜਾਵੇ ਅਤੇ ਵਧੀਕ ਐਡਵੋਕੇਟ ਜਨਰਲ ਨੂੰ ਮਾਮਲੇ 'ਤੇ ਨਿੱਜੀ ਰੂਪ ਵਿਚ ਨਿਗਰਾਨੀ ਰੱਖਣ ਦਾ ਹੁਕਮ ਦਿੱਤਾ ਸੀ।

## ਕੈਨੇਡਾ ਵਿਚ ਵੱਡੀ ਰਾਜਸੀ ਧਿਰ ਵਜੋਂ ਸਿੱਖ ਭਾਈਚਾਰੇ ਦਾ ਉਭਾਰ

**ਟੋਰਾਂਟੋ/ਬਿਊਰੋ ਨਿਊਜ਼ :** ਅੰਮ੍ਰਿਤਧਾਰੀ ਨੌਜਵਾਨ ਜਗਮੀਤ ਸਿੰਘ ਦੇ ਕੈਨੇਡਾ ਦੀ ਤੀਸਰੇ ਨੰਬਰ ਦੀ ਕੌਮੀ ਰਾਜਨੀਤਕ ਪਾਰਟੀ, ਨਿਊ ਡੈਮੋਕਰੇਟਿਕ ਪਾਰਟੀ (ਐਨ.ਡੀ.ਪੀ.) ਦਾ ਆਗੂ ਚੁਣੇ ਜਾਣ ਤੋਂ ਬਾਅਦ ਦੇਸ਼ ਵਿਚ ਰਾਸ਼ਟਰੀ ਪੱਧਰ 'ਤੇ ਕੈਨੇਡੀਅਨ ਸਿੱਖ ਭਾਈਚਾਰੇ ਦੀ ਚਰਚਾ ਚੱਲ ਰਹੀ ਹੈ। ਮੁੱਖ ਧਾਰਾ ਦੇ ਮੀਡੀਆ ਵਿਚ ਸਿੱਖਾਂ ਦੇ ਪਿਛਲੇ ਕਰੀਬ 100 ਸਾਲਾਂ ਦੇ ਇਤਿਹਾਸ ਦੀ ਪੜਚੋਲ ਕੀਤੀ ਜਾਂਦੀ ਹੈ। ਇਕ ਤਾਜ਼ਾ ਪ੍ਰਕਾਸ਼ਤ ਰਿਪੋਰਟ ਮੁਤਾਬਕ ਕੈਨੇਡਾ ਵਿਚ ਸਿੱਖਾਂ ਦੀ ਵਸੋਂ 7,50,000 (ਸਾਢੇ ਸੱਤ ਲੱਖ) ਦੇ ਕਰੀਬ ਹੈ, ਜਦ ਕਿ 1911 ਵਿਚ ਇਹ ਗਿਣਤੀ ਮਸਾਂ 2,342 ਸੀ। ਦੇਸ਼ ਦੀ ਪਾਰਲੀਮੈਂਟ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿਚ ਕੁੱਲ੍ਹ ਮਿਲਾ ਕੇ ਸਿੱਖ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀ ਗਿਣਤੀ 30 ਦੱਸੀ ਗਈ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਕੈਬਨਿਟ ਵਿਚ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਸਮੇਤ ਚਾਰ ਸਿੱਖ ਮੰਤਰੀ ਹਨ। ਕਦੇ 1914 ਦਾ ਉਹ ਸਮਾਂ ਵੀ ਸੀ ਜਦੋਂ ਕਾਮਾਗਾਟਾਮਾਰੂ ਬੇੜੇ ਵਿਚ 376 ਮੁਸਾਫਰਾਂ ਸਮੇਤ 340 ਸਿੱਖਾਂ ਨੂੰ ਕੈਨੇਡਾ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ ਸੀ। 1990 ਦੇ ਦਹਾਕੇ ਵਿਚ ਦੇਸ਼ ਅੰਦਰ ਸਿੱਖਾਂ ਨੇ ਰਾਜਨੀਤਕ ਪਹੁੰਚ ਵਧਾਉਣੀ ਸ਼ੁਰੂ ਕੀਤੀ ਤਾਂ ਲਿਬਰਲ ਪਾਰਟੀ ਦੇ ਉਮੀਦਰਵਾਰ ਹਰਬ ਧਾਲੀਵਾਲ ਅਤੇ ਗੁਰਬਖਸ਼ ਸਿੰਘ ਮੱਲ੍ਹੀ ਪਾਰਲੀਮੈਂਟ ਮੈਂਬਰ ਚੁਣੇ ਗਏ। ਕੈਨੇਡਾ ਵਿਚ ਬਹੁ-ਗਿਣਤੀ ਸਿੱਖਾਂ ਦਾ ਉਲਾਰ ਲਿਬਰਲ ਪਾਰਟੀ ਵੱਲ ਰਿਹਾ ਪਰ ਮੌਜੂਦਾ ਸਮੇਂ ਵਿਚ ਕੇਂਦਰ ਵਿਚ ਸਾਰੀਆਂ ਪਾਰਟੀਆਂ ਵਿਚ ਕੈਨੇਡੀਅਨ ਸਿੱਖਾਂ ਦੀ ਸਾਖ਼ ਸਤਿਕਾਰਯੋਗ ਹੈ। ਜਗਮੀਤ ਦੀ ਹੈਸੀਅਤ ਨਾਲ ਤਾਂ ਸਿੱਖਾਂ ਦਾ ਸਨਮਾਨ ਚਰਮ ਸੀਮਾ 'ਤੇ ਪੁੱਜ ਗਿਆ ਹੈ, ਜਿਸ ਦਾ ਅਸਰ ਕੌਮੀ ਹੀ ਨਹੀਂ ਕੌਮਾਂਤਰੀ ਪੱਧਰ 'ਤੇ ਹੋਣ ਦੀ ਵੀ ਸੰਭਾਵਨਾ ਹੈ, ਕਿਉਂਕਿ ਐਨ.ਡੀ.ਪੀ. ਦੀ ਮਕਬੂਲੀਅਤ ਵਧਣ ਨਾਲ ਜਗਮੀਤ ਕੈਨੇਡਾ ਦਾ ਪ੍ਰਧਾਨ ਮੰਤਰੀ ਜਾਂ ਸੰਸਦ ਵਿਚ ਵਿਰੋਧੀ ਧਿਰ ਦਾ ਆਗੂ ਬਣ ਸਕਦਾ ਹੈ। ਇਹ ਵੀ ਕਿ ਕੈਨੇਡਾ ਵਿਚ ਬਹੁਤੇ ਸਿੱਖ ਵੋਟਰਾਂ ਦਾ ਝੁਕਾਅ ਲਿਬਰਲ ਪਾਰਟੀ ਵੱਲ ਮੰਨਿਆ ਜਾਂਦਾ ਰਿਹਾ ਹੈ। ਬੀਤੇ ਕੁਝ ਸਾਲਾਂ ਦੌਰਾਨ ਕੰਜ਼ਰਵੇਟਿਵ ਪਾਰਟੀ ਨੇ ਵੀ ਸਿੱਖ ਵੋਟ ਅਤੇ ਉਮੀਦਵਾਰਾਂ ਨੂੰ ਆਕ੍ਰਸ਼ਿਤ ਕੀਤਾ ਪਰ ਐਨ.ਡੀ.ਪੀ. ਦੀ ਅਗਵਾਈ ਜਗਮੀਤ ਕੋਲ ਆ ਜਾਣ ਤੋਂ ਬਾਅਦ ਸਮੁੱਚਾ ਸਿੱਖ ਵੋਟ ਤਵਾਜ਼ਨ ਬਦਲਣ ਦੇ ਆਸਾਰ ਸਪਸ਼ਟ ਨਜ਼ਰ ਆ ਰਹੇ ਹਨ। ਭਾਵ ਐਨ.ਡੀ.ਪੀ. ਵੱਲ ਪਹਿਲਾਂ ਦੇ ਮੁਕਾਬਲੇ ਵੱਧ ਕੈਨੇਡੀਅਨ ਸਿੱਖ ਭੁਗਤਣਗੇ। ਲਿਬਰਲ ਪਾਰਟੀ ਅਤੇ ਕੰਜ਼ਰਵੇਟਿਵ ਪਾਰਟੀ ਦੇ ਖੇਮਿਆਂ ਵਿਚ ਇਸ ਪੱਖ ਤੋਂ ਵਿਚਾਰਾਂ ਚੱਲ ਰਹੀਆਂ ਹਨ। ਇਸ ਸਮੇਂ ਜਗਮੀਤ ਉਂਟਾਰੀਓ ਦੀ ਵਿਧਾਨ ਸਭਾ ਵਿਚ 2011 ਤੋਂ ਵਿਧਾਇਕ ਹਨ। ਉਸ ਦਾ ਹਲਕਾ ਬਰੈਂਪਟਨ ਈਸਟ ਹੈ, ਜਿੱਥੋਂ ਇਸ ਸਮੇਂ ਦਸਤਾਰਧਾਰੀ ਰਾਜ ਗਰੇਵਾਲ (ਲਿਬਰਲ ਪਾਰਟੀ) ਸੰਸਦ ਮੈਂਬਰ ਹਨ।

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿਲ ਨਿਊਯਾਰਕ ਦੀ ਮੈਂਬਰਸ਼ਿਪ 30 ਨਵੰਬਰ ਤੱਕ ਖੁੱਲ੍ਹੀ

**ਰਿਚਮੰਡ ਹਿਲ/ਬਿਊਰੋ ਨਿਊਜ਼ :** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਮੈਂਬਰਸ਼ਿਪ ਪਹਿਲੀ ਸਤੰਬਰ 2017 ਤੋਂ ਖੁੱਲ੍ਹੀ ਹੋਈ ਹੈ ਜੋ 30 ਨਵੰਬਰ ਤੱਕ ਜਾਰੀ ਰਹੇਗੀ। ਗੁਰਦੁਆਰਾ ਸਾਹਿਬ ਦੇ ਚੋਣ ਕਮਿਸ਼ਨ ਕੋਲ ਗੁਰਦੁਆਰਾ ਸਾਹਿਬ ਪਹੁੰਚ ਕੇ ਸੰਵਿਧਾਨ ਮੁਤਾਬਕ ਸੰਗਤ ਆਪਣੀ ਵੋਟ ਬਣਾ ਸਕਦੀ ਹੈ।









# ਨਿਰੀਆਂ ਗੱਲਾਂ ਨਾਲ ਕੁਰਬਾਨੀ ਬਾਰੇ ਚਰਚਾ ਕਰਨਾ ਸ਼ਹੀਦਾਂ ਦੀਆਂ ਪਵਿੱਤਰ ਰੂਹਾਂ ਨਾਲ ਬੇਇਨਸਾਫੀ : ਭਾਈ ਅਜਮੇਰ ਸਿੰਘ

## ਸ਼ਹੀਦ ਭਾਈ ਜਿੰਦਾ ਤੇ ਭਾਈ ਸੁੱਖਾ ਦੇ ਸਿਦਕ ਤੇ ਸਿਰੜ ਉਤੇ ਪਹਿਰਾ ਦੇਣ ਦਾ ਸੱਦਾ





**ਫਰੀਮੌਂਟ/ਬਲਵਿੰਦਰਪਾਲ ਸਿੰਘ ਖਾਲਸਾ :**
ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਖਾਲਿਸਤਾਨ ਦੇ ਮਹਾਨ ਸ਼ਹੀਦਾਂ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੇ ਸ਼ਹੀਦੀ ਸਮਾਗਮ ਉਤੇ ਸਿੱਖ ਚਿੰਤਕ, ਵਿਦਵਾਨ ਤੇ ਇਤਿਹਾਸਕਾਰ ਭਾਈ ਅਜਮੇਰ ਸਿੰਘ ਨੇ ਉਨ੍ਹਾਂ ਦੀ ਸ਼ਹਾਦਤ ਉਤੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਬੜੇ ਉਸਾਰੂ, ਜਜ਼ਬਾਤੀ ਤੇ ਨਿੱਗਰ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਜਿਹੇ ਸ਼ਹੀਦਾਂ ਦੇ ਜੀਵਨ ਉਤੇ ਬੋਲਣਾ ਕੋਈ ਸੌਖਾ ਕਾਰਜ ਨਹੀਂ। ਉਨ੍ਹਾਂ ਦੀ ਸ਼ਹਾਦਤ ਏਨੀ ਮਹਾਨ ਹੈ ਕਿ ਕੁਝ ਕਹਿਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਨਿਰੀਆਂ ਗੱਲਾਂ ਨਾਲ ਉਨ੍ਹਾਂ ਦੀ ਕੁਰਬਾਨੀ ਬਾਰੇ ਚਰਚਾ ਕਰਨ ਨਾਲ ਨਿਰਾ ਖਾਲੀਪਣ ਹੀ ਪੈਦਾ ਹੁੰਦਾ ਹੈ ਜੋ ਸ਼ਹੀਦਾਂ ਦੀਆਂ ਪਵਿੱਤਰ ਰੂਹਾਂ ਨਾਲ ਬੇਇਨਸਾਫੀ ਹੈ। ਭਾਈ ਜਿੰਦਾ ਤੇ ਭਾਈ ਸੁੱਖਾ ਦੀ ਕੁਰਬਾਨੀ ਦੇ ਉਨ੍ਹਾਂ ਪਲਾਂ ਨੂੰ ਸ਼ਬਦਾਂ ਵਿਚ ਢਾਲਣ ਲਈ ਉਨ੍ਹਾਂ ਜਿਹੇ ਜਜ਼ਬੇ ਦੀ ਲੋੜ ਪੈਂਦੀ ਹੈ, ਜਿਸ ਤੋਂ ਸਰਸ਼ਾਰ ਹੋ ਕੇ ਉਨ੍ਹਾਂ ਬਰਫੀ ਵੰਡਦਿਆਂ ਤੇ ਮੁਸਕਰਾਉਂਦਿਆਂ ਫਾਂਸੀ ਦੇ ਰੱਸੇ ਨੂੰ ਚੁੰਮਿਆ।

ਭਾਈ ਅਜਮੇਰ ਸਿੰਘ ਨੇ ਕਿਹਾ ਕਿ ਸਾਡੇ ਤੇ ਸ਼ਹੀਦਾਂ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਪਰ ਹੈ ਉਹ ਸਾਡੇ ਵਰਗੇ ਹੀ ਸਨ। ਪਰ ਸੋਚ ਵਿਚ ਅੰਤਰ ਸੀ। ਜਜ਼ਬੇ ਵਿਚ ਬਹੁਤ ਵੱਡਾ ਸਨੇਹ ਸੀ। ਗੁਰੂ ਸਾਹਿਬ ਨਾਲ ਤੇ ਖਾਲਸਾ ਪੰਥ ਨਾਲ ਅੰਤਾਂ ਦੀ ਮੁਹਬੱਤ ਸੀ। ਉਹ ਸਿੱਖ ਕੌਮ ਦੀ ਪੀੜ ਨੂੰ ਬਹੁਤ ਨੇੜਿਓਂ ਮਹਿਸੂਸ ਕਰਦੇ ਸਨ। ਉਨ੍ਹਾਂ ਸਾਰਾ ਜ਼ੁਲਮੋ ਤਸ਼ਦੱਦ ਆਪ ਵੇਖਿਆ ਤੇ ਹੱਢੀਂ ਹੰਢਾਇਆ ਸੀ। ਉਹ ਭਾਰਤ ਸਰਕਾਰ ਦੀ ਸਿੱਖਾਂ ਨਾਲ ਦੁਸ਼ਮਣੀ ਨੂੰ ਨਿਰਾ ਸਾਹਮਣੇ ਹੀ ਨਹੀਂ ਸਨ ਤੱਕਦੇ ਪਰ ਮਹਿਸੂਸ ਕਰਦੇ ਸਨ ਤੇ ਅਨੁਭਵ ਕਰਦੇ ਸਨ ਕਿ ਭਾਰਤ ਦਾ ਹਿੰਦੂ ਸਾਮਰਾਜ ਸਿੱਖੀ ਦਾ ਖਾਤਮਾ ਚਾਹੁੰਦਾ ਹੈ ਤੇ ਇਸ ਨੂੰ ਬਚਾਉਣ ਲਈ ਕੁਰਬਾਨੀ ਦੀ ਲੋੜ ਹੈ। ਉਹ ਸਿੱਖ ਕੌਮ ਦੀ ਪੀੜ ਨੂੰ ਸਦਾ ਆਪਣੇ ਉਤੇ ਕੀਤੇ ਤਸ਼ਦੱਦ ਦੇ ਤੌਰ 'ਤੇ ਵੇਖਦੇ ਸਨ।

ਭਾਈ ਅਜਮੇਰ ਸਿੰਘ ਨੇ ਦੱਸਿਆ ਕਿ ਫਾਂਸੀ ਚੜ੍ਹਨ ਤੋਂ ਬਹੁਤ ਪਹਿਲਾਂ ਉਹ ਹਰ ਤਰ੍ਹਾਂ ਦੇ ਲਾਲਚਾਂ, ਡਰਾਂ ਤੇ ਤ੍ਰਿਸ਼ਨਾਵਾਂ ਤੋਂ ਉਪਰ ਉਠ ਗਏ ਸਨ। ਉਹ ਆਮ ਜਿਹੇ ਭੀੜ ਵਾਲੇ ਸਿੱਖ ਨਹੀਂ ਸਨ ਰਹੇ। ਉਨ੍ਹਾਂ ਉਤੇ ਗੁਰੂ ਕਲਗੀਧਰ ਪਾਤਸ਼ਾਹ ਦੀ ਕੋਈ ਖਾਸ ਮੇਹਰ ਹੋ ਗਈ ਜਾਪਦੀ ਸੀ। ਉਨ੍ਹਾਂ ਦੀਆਂ ਜੇਲੋਂ ਲਿਖੀਆਂ ਚਿੱਠੀਆਂ ਇਹ ਦੱਸ ਪਾਉਂਦੀਆਂ ਹਨ ਕਿ ਉਨ੍ਹਾਂ ਪਿਆਰੇ ਦਾ ਇਲਾਹੀ ਦੇਸ਼ ਤੱਕ ਲਿਆ ਸੀ। ਜਿਥੇ ਜਾਣ ਲਈ ਉਹ ਕਾਹਲੇ ਸਨ ਪਰ ਖਾਲਿਸਤਾਨ ਦੀ ਪ੍ਰਾਪਤੀ ਲਈ ਦ੍ਰਿੜ ਸਨ। ਉਹ ਮਹਿਸੂਸ ਕਰਦੇ ਸਨ ਕਿ ਸਿੱਖ ਕੌਮ ਦੇ ਖਾਤਮੇ ਨੂੰ ਰੋਕਣ ਲਈ ਇਕ ਆਜ਼ਾਦ ਦੇਸ਼ ਦੀ ਲੋੜ ਹੈ। ਇਸ ਲਈ ਉਨ੍ਹਾਂ ਅਜ਼ਾਦੀ ਦੀ ਗੱਲ ਕੀਤੀ ਤੇ ਖਾਲਿਸਤਾਨ ਜ਼ਿੰਦਾਬਾਦ - ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡਦੇ ਇਸ ਫਾਨੀ ਸੰਸਾਰ ਤੋਂ ਅਲਵਿਦਾ ਲਈ। ਖਾਲਿਸਤਾਨ ਲਈ ਉਨ੍ਹਾਂ ਦਾ ਯੋਗਦਾਨ ਬਹੁਤ ਉਚਾ ਸੁੱਚਾ ਹੈ ਤੇ ਸਾਨੂੰ ਜੀਵਨ ਵਿਚ ਵਿਚਰਦਿਆਂ ਵੀ ਉਨ੍ਹਾਂ ਦੇ ਜਜ਼ਬੇ ਤੋਂ ਸੇਧ ਲੈ ਕੇ ਚੱਲਣ ਦੀ ਲੋੜ ਹੈ, ਉਨ੍ਹਾਂ ਦੇ ਜਜ਼ਬੇ ਨੂੰ ਜੀਵਨ ਵਿਚ ਢਾਲਣ ਦੀ ਲੋੜ ਹੈ। ਉਨ੍ਹਾਂ ਵਾਂਗ ਹੀ ਹੱਕ, ਸੱਚ ਤੇ ਇਨਸਾਫ ਉਤੇ ਪਹਿਰਾ ਦੇਣ ਦੀ ਲੋੜ ਹੈ ਤੇ ਜੇ ਲੋੜ ਪਏ ਤਾਂ ਕੁਰਬਾਨੀ ਕਰਨ ਦੀ ਲੋੜ ਹੈ। ਜੈਕਾਰਿਆਂ ਦੀ ਗੂੰਜ ਵਿਚ ਸ. ਅਜਮੇਰ ਸਿੰਘ ਦੇ ਵਿਚਾਰਾਂ ਦੀ ਸੰਪੂਰਨਤਾ ਕੀਤੀ ਗਈ।

ਸਮਾਗਮ ਦੇ ਅੰਤ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਅਜਮੇਰ ਸਿੰਘ ਨੂੰ ਸਿਰੋਪਾ ਸਾਹਿਬ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ ਗਿਆ।

## ਸਿੱਖ ਚਿੰਤਕ ਸ. ਅਜਮੇਰ ਸਿੰਘ ਦੇ ਰੂਬਰੂ ਪ੍ਰੋਗਰਾਮ

**ਫਰੀਮੌਂਟ/ਬਿਊਰੋ ਨਿਊਜ਼:**
ਉੱਘੇ ਸਿੱਖ ਚਿੰਤਕ ਸ. ਅਮਜੇਰ ਸਿੰਘ, ਜਿਹੜੇ ਇਨ੍ਹੀਂ ਦਿਨੀਂ ਉੱਤਰੀ ਅਮਰੀਕਾ ਦੇ ਦੌਰੇ ਉੱਤੇ ਹਨ, ਕੈਲੀਫੋਰਨੀਆਂ 'ਚ ਨੌਜਵਾਨ ਗਦਰੀ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਬਾਰੇ ਅਪਣੀ ਨਵੀਂ ਕਿਤਾਬ ਦੇ ਸਬੰਧ 'ਚ "ਕੈਲੀਫੋਰਨੀਆ ਤੋਂ ਪੰਜਾਬ : ਕਰਤਾਰ ਸਿੰਘ ਸਰਾਭਾ ਦਾ ਆਜ਼ਾਦੀ ਲਈ ਸਫ਼ਰ" ਬਾਰੇ ਰੂਬਰੂ ਪ੍ਰੋਗਰਾਮ ਕਰ ਰਹੇ ਹਨ।

ਉਹ ਵੱਖ ਵੱਖ ਥਾਈਂ ਸੰਗਤਾਂ ਅਤੇ ਅਪਣੇ ਪਾਠਕਾਂ ਨਾਲ ਸਿੱਖੀ ਅਤੇ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਵੀ ਵਿਚਾਰ ਵਟਾਂਟਰਾ ਕਰ ਰਹੇ ਹਨ। ਉਹ ਹੁਣ ਤੱਕ 7 ਅਕਤੂਬਰ ਨੂੰ ਯੂ ਸੀ ਡੇਵਿਸ, 8 ਅਕਤੂਬਰ ਨੂੰ ਗੁਰਦੁਆਰਾ ਸਾਹਿਬ, ਫਰੀਮੌਂਟ ਅਤੇ ਐਤਵਾਰ ਬਾਅਦ ਦੁਪਹਿਰ ਕਰਾਊਂਨ ਪਲਾਜ਼ਾ, ਯੂਨੀਅਨ ਸਿਟੀ ਵਿੱਚ ਸੰਗਤਾਂ ਦੇ ਰੂਬਰੂ ਹੋ ਚੁਕੇ ਹਨ।

### ਸ. ਅਜਮੇਰ ਸਿੰਘ ਦਾ ਅਗਲੇ ਦਿਨਾਂ ਦਾ ਪ੍ਰੋਗਰਾਮ ਇਸ ਤਰ੍ਹਾਂ ਹੈ

- 14 ਅਕਤੂਬਰ ਸ਼ਨਿਚਰਵਾਰ ਬਾਅਦ ਦੁਪਹਿਰ 2:00 ਵਜੇ ਗੁਰਦੁਆਰਾ ਸਾਹਿਬ ਸੈਂਟਾ ਐਨਾ ਫੋਨ ਸੰਪਰਕ: 951-751-7455
- 15 ਐਤਵਾਰ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋਂ ਦੁਪਹਿਰ 12:00 ਵਜੇ ਫੋਨ ਸੰਪਰਕ:559-708-9199
- 22 ਅਕਤੂਬਰ ਐਤਵਾਰ ਸਵੇਰੇ 11:00 ਵਜੇ ਗੁਰਦੁਆਰਾ ਸਾਹਿਬ ਟਰਲਕ, ਫੋਨ ਸੰਪਰਕ: 209-513-0508
- 22 ਅਕਤੂਬਰ ਐਤਵਾਰ ਬਾਅਦ ਦੁਪਹਿਰ 12:30 ਵਜੇ ਗੁਰਦੁਆਰਾ ਸਾਹਿਬ ਸਟਾਕਟਨ ਫੋਨ ਸੰਪਰਕ: 209-487-3699

*ਇਸੇ ਦੌਰਾਨ ਪਤਾ ਲੱਗਾ ਹੈ ਕਿ ਯੂ ਸੀ ਬਰਕਲੀ 'ਚ ਸ. ਅਮਜੇਰ ਸਿੰਘ ਦਾ ਪ੍ਰੋਗਰਾਮ 20 ਅਕਤੂਬਰ ਨੂੰ ਕਰਵਾਏ ਜਾਣ ਦੀ ਸੰਭਾਵਨਾ ਹੈ।*


When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



ACURA
AutoNation Acura Stevens Creek
4747 Stevens Creek Bl. Santa Clara, CA 95051
ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।
*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*
ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com



LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Pardeep S. Grewal
Attorney At Law
Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear
Family Law • Divorce
Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC
ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜ਼ਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

# ਗੁਰਦੁਆਰਾ ਸਾਹਿਬ ਸੈਂਟਾਕਲਾਰਾ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ



**ਸੈਂਟਾਕਲਾਰ/ਬਿਊਰੋ ਨਿਊਜ਼:** ਅਮਰੀਕੀ ਪੰਜਾਬੀ ਕਵੀਆਂ ਵਲੋਂ ਗੁਰਦੁਆਰਾ ਸਾਹਿਬ ਸੈਂਟਾਕਲਾਰਾ (2356 Walsh Ave, Santa Clara, CA 95051) ਵਿਖੇ ਗੁਰਦੁਆਰਾ ਧਾਰਮਿਕ ਅਤੇ ਸਮਾਜ ਭਲਾਈ ਕੇਂਦਰ ਵਿਸ਼ੇ ਤੇ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਸ਼ਾਇਰ ਪ੍ਰਮਿੰਦਰ ਸਿੰਘ ਪ੍ਰਵਾਨਾ ਇਸ ਮੌਕੇ ਬੋਲਦਿਆਂ ਦਸਿਆ ਕਿ ਹਰ ਸਿੱਖ ਜਿਥੇ ਵੀ ਜਾ ਵਸਦਾ ਹੈ ਉਸਦੀ ਪਹਿਲੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣਾ ਘਰ ਬਣਾਏ ਤੇ ਨਾਲ ਦੇ ਨਾਲ ਹੀ ਗੁਰੂ ਦਾ ਘਰ ਵੀ ਬਣਾਏ। ਤਾਂ ਹੀ ਜਿਥੇ ਵੀ ਸਿੱਖਾਂ ਦੀ ਆਬਾਦੀ ਹੈ ਉਥੇ ਨਿਸ਼ਾਨ ਸਾਹਿਬ ਝੂਲਦੇ ਵਿਖਾਈ ਦੇਂਦੇ ਹਨ। "ਝੂਲਤੇ ਨਿਸ਼ਾਨ ਰਹੇ ਪੰਥ ਮਹਾਰਾਜ ਕੇ" ਅਨੁਸਾਰ ਗੁਰਦੁਆਰਾ ਧਾਰਮਿਕ ਅਤੇ ਸਮਾਜ ਸੁਧਾਰ ਕੇਂਦਰ ਹਨ ਜਿੱਥੇ ਅਧਿਆਤਮਕ ਅਤੇ ਸੰਸਾਰਕ ਜੀਵਨ ਜਿਉਣ ਹੀ ਜਾਂਦੇ ਆਉਂਦੀ ਹੈ।

ਇਸ ਮੌਕੇ ਹਾਜ਼ਰ ਕਵੀਆਂ ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮੈਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਤੇ ਮਹਿੰਦਰ ਸਿੰਘ ਰਾਜਪੂਤ ਨੇ ਸੰਗਤਾਂ ਦੀ ਧਾਰਮਿਕ ਕਵਿਤਾਵਾਂ ਨਾਲ ਸਾਂਝ ਪਾਈ।

ਵਰਨਣਯੋਗ ਹੈ ਕਿ ਅਮਰੀਕੀ ਪੰਜਾਬੀ ਕਵੀਆਂ ਵਲੋਂ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਦੂਰ ਦੁਰਾਂਡੇ ਦੇ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ।

# ਨਵੇਂ ਲਾਗ ਬੁੱਕ ਕਾਨੂੰਨ ਦੇ ਵਿਰੋਧ 'ਚ ਟਰੱਕ ਡਰਾਈਵਰਾਂ ਵਲੋਂ ਫਰਿਜ਼ਨੋ ਅਤੇ ਬੇਕਰਸਫੀਲਡ 'ਚ ਮੁਜ਼ਾਹਰਾ



**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਅਮਰੀਕਾ ਵਿਚ ਸੰਘੀ ਸਰਕਾਰ ਵਲੋਂ 'ਲਾਗ ਬੁੱਕ' ਲਈ ਮਿੱਥੇ ਨਵੇਂ ਨਿਯਮਾਂ ਦੇ ਵਿਰੋਧ ਵਿੱਚ ਸੈਂਕੜੇ ਲੰਮੇ ਰੂਟ ਵਾਲੇ ਟਰੱਕ ਡਰਾਈਵਰਾਂ ਵਲੋਂ 4 ਅਕਤੂਬਰ ਨੂੰ ਬੇਕਰਸਫੀਲਡ ਅਤੇ 5 ਅਕਤੂਬਰ ਨੂੰ ਫਰਿਜ਼ਨੋ ਸਿਟੀ ਹਾਲ ਦੇ ਸਾਹਮਣੇ 3 ਘੰਟੇ ਲਈ ਜ਼ਬਰਦਸਤ ਮੁਜ਼ਾਹਰਾ ਕੀਤਾ ਗਿਆ। 18 ਦਸੰਬਰ ਤੋਂ ਲੰਮੇ ਰੂਟਾਂ ਵਾਲੇ ਟਰੱਕਰਾਂ ਲਈ ਇਲੈਕਟਰਾਨਿਕ ਲਾਗ ਡਵਾਈਸ ਜ਼ਰੂਰੀ ਹੋ ਗਈ ਹੈ। ਇਸ ਤਹਿਤ ਡੀ.ਓ.ਟੀ. ਡਰਾਈਵਰਾਂ ਦੇ ਚਲਾਉਣ ਦੇ ਘੰਟੇ ਟਰੈਕ ਕਰ ਸਕੇਗੀ। ਅਮਰੀਕਨ ਡਰਾਈਵਰ 1930 ਤੋਂ ਲੈ ਕੇ ਹੁਣ ਤੱਕ ਪੇਪਰ ਲਾਗ ਬੁੱਕ ਵਰਤਦੇ ਆ ਰਹੇ ਹਨ। ਫੈਡਰਲ ਮੋਟਰ ਕੈਰੀਅਰ ਦੇ ਵਕੀਲਾਂ ਮੁਤਾਬਕ ਈ.ਐਲ.ਡੀ. ਡਰਾਈਵਰਾਂ ਨੂੰ ਲੰਮੇ ਘੰਟੇ ਡਰਾਈਵ ਕਰਨ ਤੋਂ ਵਰਜਿਤ ਕਰੇਗੀ ਤੇ ਭਿਆਨਕ ਹਾਦਸਿਆਂ ਤੋਂ ਬਚਾਵੇਗੀ ਪਰ ਡਰਾਈਵਰ ਜਿਹੜੇ ਓਨਰ ਅਪਰੇਟਰ ਦੇ ਤੌਰ 'ਤੇ ਕੰਮ ਕਰਦੇ ਹਨ ਜਾਂ ਮਾਲਕ ਜਿਹੜੇ ਛੋਟੀਆਂ ਕੰਪਨੀਆਂ ਚਲਾ ਰਹੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਇਹ ਲਾਗ ਬੁੱਕ ਵਾਧੂ ਬੋਝ ਟਰੱਕਿੰਗ ਇਡੰਸਟਰੀ 'ਤੇ ਪਾਵੇਗੀ ਅਤੇ ਵੱਡੀਆ ਕੰਪਨੀਆਂ ਨੂੰ ਇਸ ਦਾ ਲਾਭ ਹੋਵੇਗਾ ਕਿਉਂਕਿ ਉਨ੍ਹਾਂ ਕੋਲ ਡਰਾਈਵਰਾਂ ਦੀ ਕਮੀ ਨਹੀਂ ਹੈ। ਕਾਨੂੰਨ ਮੁਤਾਬਕ ਡਰਾਈਵਰ ਹਰ ਰੋਜ਼ 14 ਘੰਟੇ ਲਾਗ ਬੁੱਕ ਚਲਾ ਸਕਦਾ ਹੈ ਜਿਸ ਵਿਚੋਂ 11 ਘੰਟੇ ਡਰਾਈਵ ਅਤੇ ਤਿੰਨ ਘੰਟੇ ਆਨ-ਆਫ ਕੱਢ ਸਕਦਾ ਹੈ। ਜੇ ਇਲੈਕਟਰਾਨਿਕ ਲਾਗ ਬੁੱਕ ਲੱਗਦੀ ਹੈ, ਕਾਨੂੰਨ ਮੁਤਾਬਕ ਜਦੋਂ ਇੱਕ ਵਾਰੀ ਲਾਗ ਆਨ ਹੋਵੇਗੀ, 14 ਘੰਟਿਆਂ ਮਗਰੋਂ ਉਹ ਲਾਜ਼ਮੀ ਤੌਰ 'ਤੇ ਬੰਦ ਕਰਨੀ ਪਵੇਗੀ। ਜਿਹੜੇ ਡਰਾਈਵਰ ਈ.ਐਲ.ਡੀ. ਦਾ ਵਿਰੋਧ ਕਰ ਰਹੇ ਸਨ, ਉਨ੍ਹਾਂ ਮੁਤਾਬਕ ਚਾਹੇ ਡਰਾਈਵਰ ਖ਼ਤਰਨਾਕ ਏਰੀਏ ਵਿੱਚ ਵੀ ਹੋਵੇ ਡਰਾਈਵਰ ਨੂੰ ਲਾਗ ਬੁੱਕ ਖਤਮ ਹੋਣ ਦੇ ਸਮੇਂ ਵਿੱਚ ਰੁਕਣਾ ਹੀ ਪਵੇਗਾ। ਡਰਾਈਵਰਾਂ ਮੁਤਾਬਕ ਡੀਜ਼ਲ ਵਧਣ ਦੀ ਹਾਲਤ ਵਿਚ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਨਹੀਂ ਮਿਲਦਾ ਅਤੇ ਡਰਾਈਵਰਾਂ ਨੂੰ ਬਣਦਾ ਇੱਜ਼ਤ ਮਾਣ ਵੀ ਨਹੀਂ ਮਿਲਦਾ। ਬੇਕਰਸਫੀਲਡ ਅਤੇ ਫਰਿਜ਼ਨੋ ਮੁਜ਼ਾਹਰਿਆਂ ਵਿੱਚ ਜ਼ਿਆਦਾ ਤੌਰ 'ਤੇ ਪੰਜਾਬੀ ਸਿੱਖ ਡਰਾਈਵਰ ਸ਼ਾਮਲ ਰਹੇ। ਦੋਵੇਂ ਮੁਜ਼ਾਹਰੇ ਕਰਨ ਦਾ ਪ੍ਰਬੰਧ ਮੁੱਖ ਤੌਰ 'ਤੇ ਜਕਾਰਾ ਮੂਵਮੈਂਟ ਦੇ ਨੌਜਵਾਨ ਬੱਚੇ ਬੱਚੀਆਂ ਨੇ ਬਹੁਤ ਵਧੀਆ ਢੰਗ ਨਾਲ ਕੀਤਾ। ਬੇਕਰਸਫੀਲਡ ਸਿਟੀ ਦੇ ਕੌਂਸਲ ਮੈਂਬਰ ਨੇ ਵੀ ਮੁਜ਼ਾਹਰਾ ਕਾਰੀਆਂ ਨੂੰ ਸੰਬੋਧਨ ਕੀਤਾ ਤੇ ਸਥਾਨਕ ਕਾਂਗਰਸ ਮੈਨ ਦੀ ਸੈਕਟਰੀ ਨੇ ਮੰਗ ਪੱਤਰ ਫੜਿਆ। ਇਹ ਨਾਜ਼ਰ ਸਿੰਘ ਕੂੰਨਰ ਦੇ ਯਤਨਾਂ ਸਦਕੇ ਸੰਭਵ ਹੋ ਸਕਿਆ। ਫਰਿਜ਼ਨੋ ਸ਼ਹਿਰ ਦੇ ਕਾਂਗਰਸ ਮੈਨ ਜਿੰਮ ਕੌਸਟਾ ਦੇ ਦਫਤਰ ਤੋਂ ਕੋਈ ਨੁਮਾਇੰਦਾ ਨਹੀਂ ਪਹੁੰਚਿਆਂ ਪਰ ਕਰਮਨ ਸਿਟੀ ਦੇ ਸਾਬਕਾ ਕੌਂਸਲ ਮੈਂਬਰ ਬਿੱਲ ਨਿੱਝਰ ਨੇ ਕਿਹਾ ਕਿ ਉਨ੍ਹਾਂ ਨੂੰ ਮੈਸਜ ਜ਼ਰੀਏ ਕਾਂਗਰਸ ਮੈਨ ਨੇ ਸੂਚਿਤ ਕੀਤਾ ਹੈ ਕਿ ਟੈਕਸਾਸ ਸਟੇਟ ਦੇ ਕਾਂਗਰਸ ਮੈਨ ਨਾਲ ਰਲ ਕੇ ਉਹ ਇਸ ਈ. ਐਲ. ਡੀ. ਮੈਂਡਿੱਟ ਨੂੰ ਰੀ-ਅਪੀਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ। 6 ਅਕਤੂਬਰ ਨੂੰ ਡਰਾਈਵਰਾਂ ਵਲੋਂ ਯੂਬਾ ਸਿਟੀ ਤੋਂ ਲੈ ਕੇ ਫਰਿਜ਼ਨੋ ਦੇ ਗੁਰਦੁਆਰਾ ਨਾਨਕ ਪ੍ਰਕਾਸ਼ ਤੱਕ ਬਾਬ ਟੇਲ ਟਰੱਕਾਂ ਨਾਲ ਰੈਲੀ ਵੀ ਕੱਢੀ ਗਈ।

# ਸੌਦਾ ਸਾਧ ਖ਼ਿਲਾਫ਼ ਡਟਣ ਵਾਲੇ ਗੁਰਦਾਸ ਸਿੰਘ ਤੂਰ ਦਾ ਫਰਿਜ਼ਨੋ ਦੇ ਬਜ਼ੁਰਗਾਂ ਵਲੋਂ ਸਵਾਗਤ



**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਡੇਰਾ ਸੱਚਾ ਸੌਦਾ ਵਿਖੇ ਲੰਮਾ ਸਮਾਂ ਬਤੌਰ ਸਾਧ ਜੀਵਨ ਬਤੀਤ ਕਰਨ ਵਾਲੇ ਗੁਰਦਾਸ ਸਿੰਘ ਤੂਰ, ਜਿਨ੍ਹਾਂ ਡੇਰੇ ਵਿੱਚ ਰਹਿੰਦਿਆਂ ਉਥੇ ਹੋ ਰਹੇ ਕੁਕਰਮਾਂ ਤੋਂ ਪਰਦਾ ਚੁੱਕਣ ਲਈ ਆਪਣੀ ਜਾਨ 'ਤੇ ਖੇਡ ਕੇ ਲੰਮੀਂ ਕਨੂੰਨੀ ਲੜਾਈ ਲੜੀ ਤੇ ਨਿਧੱੜਕ ਹੋ ਕੇ ਸਿਰਸਾ ਸਾਧ ਰਾਮ ਰਹੀਮ ਦਾ ਕਾਲਾ ਚਿੱਠਾ ਪੱਤਰਕਾਰਾਂ ਅੱਗੇ ਖੋਲ੍ਹਿਆ, ਅੱਜ-ਕੱਲ੍ਹ ਅਮਰੀਕਾ ਫੇਰੀ 'ਤੇ ਹਨ ਤੇ ਫਰਿਜ਼ਨੋ ਦੇ ਗੁਰਦੁਆਰਾ ਨਾਨਕਸਰ ਕਰਨਿਲੀਆ ਰੋਡ ਵਿਖੇ ਠਹਿਰੇ ਹੋਏ ਹਨ। ਇੱਥੇ ਫਰਿਜ਼ਨੋ ਏਰੀਏ ਦੇ ਬਜ਼ੁਰਗਾਂ ਨੇ ਤੂਰ ਨਾਲ ਵਿਸ਼ੇਸ਼ ਮੁਲਾਕਾਤ ਕਰਕੇ ਉਸ ਨੂੰ ਥਾਪੜਾ ਦਿੱਤਾ ਤੇ ਤੂਰ ਨੇ ਡੇਰੇ ਨਾਲ ਜੁੜੀਆਂ ਬਹੁਤ ਸਾਰੀਆਂ ਦਿੱਲ ਦਹਿਲਾਉਣ ਵਾਲੀਆਂ ਘਟਨਾਵਾਂ ਤੋਂ ਬਜ਼ੁਰਗਾਂ ਨੂੰ ਜਾਣੂ ਕਰਵਾਇਆ। ਉਹਨੇ ਦੱਸਿਆ ਕਿ ਉਹ ਮਰਦੇ ਦਮ ਤੱਕ ਸਿਰਸੇ ਸਾਧ ਖ਼ਿਲਾਫ਼ ਕਨੂੰਨੀ ਜੰਗ ਜਾਰੀ ਰੱਖੇਗਾ। ਤੂਰ ਨੇ ਕਿਹਾ ਕਿ ਭਾਰਤੀ ਮੀਡੀਆ ਮੁੱਖ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾ ਕੇ ਹਨੀਪ੍ਰੀਤ ਵੱਲ ਮੋੜ ਰਿਹਾ ਹੈ। ਉਹਨੇ ਦੱਸਿਆ ਕਿ ਪਿਛਲੇ 38 ਦਿਨਾਂ ਦੌਰਾਨ ਹਨੀਪ੍ਰੀਤ ਨੂੰ ਪੁਲਿਸ ਵੱਲੋਂ ਕੀਤੀ ਜਾਣ ਵਾਲੀ ਪੁੱਛ ਗਿੱਛ ਲਈ ਡੇਰੇ ਦੇ ਵਕੀਲ ਉਹਨੂੰ ਟਰੇਨਿੰਗ ਦਿੰਦੇ ਰਹੇ ਹਨ। ਉਹਨੇ ਕਿਹਾ ਕਿ ਸੱਚ ਦਾ ਰਸਤਾ ਕੰਡਿਆ ਭਰਿਆ ਹੁੰਦਾ ਹੈ ਲੇਕਿਨ ਚੱਲਾਂਗੇ ਜਿੰਨਾ ਚਿਰ ਸਵਾਸ ਵਗਦੇ ਨੇ।

## ਸੂ ਕੀ ਤੋਂ ਪੁਰਸਕਾਰ ਵਾਪਸ ਲੈ ਸਕਦਾ ਹੈ ਲੰਡਨ

**ਲੰਡਨ/ਬਿਊਰੋ ਨਿਊਜ਼ :** ਰੋਹਿੰਗੀਆ ਸੰਕਟ ਬਾਰੇ ਮਿਆਂਮਾਰ ਆਗੂ ਆਂਗ ਸਾਨ ਸੂ ਕੀ ਵੱਲੋਂ ਲਏ ਗਏ ਸਟੈਂਡ ਨੂੰ ਦੇਖਦਿਆਂ ਲੰਡਨ ਸ਼ਹਿਰ ਵੱਲੋਂ ਉਸ ਨੂੰ ਦਿੱਤੇ ਗਏ ਪੁਰਸਕਾਰ ਨੂੰ ਲੈਣ ਬਾਰੇ ਵਿਚਾਰਾਂ ਸ਼ੁਰੂ ਹੋ ਗਈਆਂ ਹਨ। ਲੰਡਨ ਕਾਰਪੋਰੇਸ਼ਨ ਦੀ ਨੀਤੀ ਅਤੇ ਵਸੀਲਿਆਂ ਬਾਰੇ ਕਮੇਟੀ ਦੀ ਮੁਖੀ ਕੈਥਰੀਨ ਮੈਕਗਿੰਨੀਜ਼ ਨੇ ਸਾਥੀ ਕੌਂਸਲਰਾਂ ਨੂੰ ਈ-ਮੇਲ ਭੇਜ ਕੇ ਕਿਹਾ ਹੈ ਕਿ



ਉਹ ਮਿਆਂਮਾਰ ਦੇ ਹਾਲਾਤ ਅਤੇ ਉਥੋਂ ਦੀ ਫ਼ੌਜ ਵੱਲੋਂ ਕੀਤੀਆਂ ਗਈਆਂ ਵਧੀਕੀਆਂ ਨੂੰ ਦੇਖ ਕੇ ਪਰੇਸ਼ਾਨ ਹਨ। ਇਹ ਟਿੱਪਣੀ ਉਸ ਸਮੇਂ ਆਈ ਹੈ ਜਦੋਂ ਇਕ ਮੈਂਬਰ ਮਨਸੂਰ ਅਲੀ ਨੇ ਈ-ਮੇਲ ਭੇਜ ਕੇ ਸੂ ਕੀ ਦੀ ਨਾਕਾਮੀ ਸਬੰਧੀ ਮਤਾ ਰੱਖਣ ਦੀ ਮੰਗ ਕੀਤੀ ਸੀ। 'ਦਿ ਆਬਜ਼ਰਵਰ' ਮੁਤਾਬਕ ਬੰਗਲਾਦੇਸ਼ ਮੂਲ ਦੇ ਮੈਂਬਰ ਨੇ ਕਿਹਾ ਕਿ ਅਰਜ਼ੀਆਂ ਦੀ ਪੜਤਾਲ ਕਰਨ ਤੋਂ ਬਾਅਦ ਉਹ ਸੂ ਕੀ ਨੂੰ ਦਿੱਤੇ ਗਏ ਪੁਰਸਕਾਰ ਨੂੰ ਵਾਪਸ ਲੈਣ ਸਬੰਧੀ ਕਮੇਟੀ ਨੂੰ ਹਦਾਇਤਾਂ ਕਰਨਗੇ। ਅਲੀ ਦੇ ਨਾਲ ਇਕ ਹੋਰ ਮੈਂਬਰ ਥੌਮਸ ਐਂਡਰਸਨ ਨੇ ਵੀ ਇਹੋ ਜਿਹੀ ਚਿੰਤਾ ਪ੍ਰਗਟਾਈ ਹੈ। ਆਨਰੇਰੀ ਫ੍ਰੀਡਮ ਆਫ਼ ਦਿ ਸਿਟੀ ਆਫ਼ ਲੰਡਨ ਪੁਰਸਕਾਰ ਸੂ ਕੀ ਨੂੰ ਮਈ ਵਿਚ ਦਿੱਤਾ ਗਿਆ ਸੀ। ਔਕਸਫੋਰਡ ਸਿਟੀ ਕੌਂਸਿਲ ਨੇ ਵੀ ਸਰਬਸੰਮਤੀ ਨਾਲ ਫ੍ਰੀਡਮ ਆਫ਼ ਔਕਸਫੋਰਡ ਆਨਰ ਵਾਪਸ ਲੈਣ ਦਾ ਮਤਾ ਪਾਸ ਕੀਤਾ ਸੀ। ਕੌਂਸਿਲ ਵੱਲੋਂ 27 ਨਵੰਬਰ ਨੂੰ ਵਿਸ਼ੇਸ਼ ਬੈਠਕ ਕਰਕੇ ਸਨਮਾਨ ਨੂੰ ਵਾਪਸ ਲੈਣ ਦੀ ਤਸਦੀਕ ਕੀਤੀ ਜਾਵੇਗੀ।

## ਭਾਰਤੀ ਵਿਅਕਤੀ ਨੂੰ ਪਤਨੀ ਦੀ ਹੱਤਿਆ ਦਾ ਮਾਮਲੇ 'ਚ 20 ਸਾਲ ਕੈਦ

**ਨਿਊਯਾਰਕ/ਬਿਊਰੋ ਨਿਊਜ਼ :** ਅਮਰੀਕਾ ਵਿਚ ਇਕ ਭਾਰਤੀ ਮੂਲ ਦੇ ਵਿਅਕਤੀ ਨੂੰ ਆਪਣੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰਨ ਦੇ ਦੋਸ਼ ਵਿਚ 20 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਖ਼ਬਰਾਂ ਅਨੁਸਾਰ 48 ਸਾਲਾ ਨਿਤਿਨ ਪੀ. ਸਿੰਘ ਨੇ ਆਪਣੀ ਪਤਨੀ ਦੇ ਕਿਸੇ ਹੋਰ ਵਿਅਕਤੀ ਨਾਲ ਸਬੰਧ ਹੋਣ ਕਾਰਨ ਕਤਲ ਕਰ ਦਿੱਤਾ ਸੀ। ਨਿਤਿਨ ਨੂੰ ਪਹਿਲੇ ਦਰਜੇ ਦੇ ਕਤਲ ਕਰਨ ਦੇ ਦੋਸ਼ ਤਹਿਤ 20 ਸਾਲ ਦੀ ਸਜ਼ਾ ਸੁਣਾਈ ਗਈ ਹੈ ਅਤੇ ਉਸ ਨੂੰ ਪੈਰੋਲ ਵਾਸਤੇ 85 ਫ਼ੀਸਦੀ ਸਜ਼ਾ ਪੂਰੀ ਕਰਨੀ ਹੋਵੇਗੀ। ਅਧਿਕਾਰਕ ਸੂਤਰਾਂ ਅਨੁਸਾਰ ਜੁਲਾਈ, 2016 ਵਿਚ ਨਿਤਿਨ ਨੇ ਆਪਣੀ 42 ਸਾਲਾ ਪਤਨੀ ਸੀਮਾ ਸਿੰਘ ਦੇ 40 ਵਾਰੀ ਚਾਕੂ ਨਾਲ ਵਾਰ ਕਰਦੇ ਹੋਏ ਬੇਰਹਿਮੀ ਨਾਲ ਕਤਲ ਕੀਤਾ। ਉਸ ਸਮੇਂ ਦੋਵਾਂ ਦੇ ਤਿੰਨ ਬੱਚੇ ਘਰ ਵਿਚ ਹੀ ਮੌਜੂਦ ਦੂਜੇ ਕਮਰੇ ਵਿਚ ਸੁੱਤੇ ਸਨ। ਨਿਤਿਨ ਨੇ ਅਦਾਲਤ ਨੂੰ ਦੱਸਿਆ ਕਿ ਉਸ ਦੀ ਪਤਨੀ ਨੇ ਜਦੋਂ ਦੱਸਿਆ ਕਿ ਉਹ ਉਸ ਨੂੰ ਛੱਡ ਕੇ ਬੱਚਿਆਂ ਨੂੰ ਆਪਣੇ ਨਾਲ ਲੈ ਕੇ ਜਾ ਰਹੀ ਹੈ ਤਾਂ ਮੈਂ ਗੁੱਸੇ ਵਿਚ ਨੇੜੇ ਪਏ ਚਾਕੂ ਨਾਲ ਉਸ 'ਤੇ ਹਮਲਾ ਕਰ ਦਿੱਤਾ। ਜ਼ਿਕਰਯੋਗ ਹੈ ਕਿ ਪਤਨੀ ਦੇ ਕਤਲ ਤੋਂ ਬਾਅਦ ਨਿਤਿਨ ਨੇ ਆਪ ਹੀ 911 ਨੰਬਰ 'ਤੇ ਫ਼ੋਨ ਕਰਦੇ ਹੋਏ ਆਪਣੀ ਪਤਨੀ ਦੀ ਮੌਤ ਹੋਣ ਬਾਰੇ ਜਾਣਕਾਰੀ ਦਿੱਤੀ ਸੀ। ਜਿਸ ਬਾਅਦ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਆਪਣੀ ਪਤਨੀ ਦਾ ਕਤਲ ਕਰਨ ਦੇ ਦੋਸ਼ ਤੈਅ ਕੀਤੇ ਗਏ।

# ਪਰਮਾਣੂ ਹਥਿਆਰਾਂ ਦੇ ਖ਼ਾਤਮੇ ਦੇ ਨਾਂ ਰਿਹਾ ਨੋਬੇਲ ਅਮਨ ਪੁਰਸਕਾਰ




**ਆਈਕੈਨ ਦੇ ਤਾਲਮੇਲ ਅਧਿਕਾਰੀ ਡੈਨੀਅਲ ਹੋਗਸਟੈਨ, ਕਾਰਜਕਾਰੀ ਡਾਇਰੈਕਟਰ ਬੀਟਰਾਈਸ ਫ੍ਰਿਨ ਅਤੇ ਉਸ ਦੇ ਪਤੀ ਵਿਲ ਫ੍ਰਿਨ ਰਾਮਸੇ।**

**ਓਸਲੋ/ਬਿਊਰੋ ਨਿਊਜ਼:** ਇਸ ਵਾਰ ਦਾ ਨੋਬੇਲ ਅਮਨ ਪੁਰਸਕਾਰ ਪਰਮਾਣੂ ਹਥਿਆਰਾਂ ਦੇ ਖ਼ਾਤਮੇ ਲਈ ਕੌਮਾਂਤਰੀ ਮੁਹਿੰਮ (ਇੰਟਰਨੈਸ਼ਨਲ ਕੰਪੇਨ ਟੂ ਅਬੌਲਿਸ਼ ਨਿਊਕਲੀਅਰ ਵੀਪਨਜ਼-ਆਈਕੈਨ) ਨਾਮੀ ਸੰਸਥਾ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਇਹ ਸੰਸਥਾ ਕੌਮਾਂਤਰੀ ਸੰਧੀ ਆਧਾਰਤ ਪਾਬੰਦੀ ਰਾਹੀਂ ਪਰਮਾਣੂ ਹਥਿਆਰਾਂ ਦੇ ਖ਼ਾਤਮੇ ਲਈ ਮੁਹਿੰਮ ਚਲਾ ਰਹੀ ਹੈ। ਜਨੇਵਾ ਆਧਾਰਤ ਆਈਕੈਨ ਨੂੰ 11 ਲੱਖ ਡਾਲਰ ਦਾ ਇਨਾਮ ਮਿਲੇਗਾ। ਇਹ ਐਲਾਨ ਕਰਦਿਆਂ ਇਥੇ ਨਾਰਵੇਜੀਅਨ ਨੋਬੇਲ ਕਮੇਟੀ ਦੀ ਮੁਖੀ ਬੇਰਿਟ ਰੀਸ-ਐਂਡਰਸਨ ਨੇ ਕਿਹਾ ਕਿ ਇਹ ਸੰਸਥਾ 'ਪਰਮਾਣੂ ਹਥਿਆਰਾਂ ਦੇ ਵਿਰੋਧ, ਇਨ੍ਹਾਂ 'ਤੇ ਰੋਕ ਅਤੇ ਇਨ੍ਹਾਂ ਦੇ ਖ਼ਾਤਮੇ ਦੀਆਂ ਆਪਣੀਆਂ ਕੋਸ਼ਿਸ਼ਾਂ ਵਿੱਚ ਦੁਨੀਆਂ ਭਰ ਦੇ ਮੁਲਕਾਂ ਨੂੰ ਸਹਿਯੋਗ ਲਈ ਮਨਾਉਣ ਵਾਸਤੇ ਇਕ ਵੱਡੀ ਤਾਕਤ' ਵਜੋਂ ਕੰਮ ਕਰ ਰਹੀ ਹੈ। ਇਨਾਮ ਦਾ ਐਲਾਨ ਹੋਣ ਤੋਂ ਬਾਅਦ ਜਨੇਵਾ ਵਿਚ ਮੀਡੀਆ ਨੂੰ ਸੰਬੋਧਨ ਕਰਦਿਆਂ ਆਈਕੈਨ ਦੀ ਐਗਜ਼ੈਕਟਿਵ ਡਾਇਰੈਕਟਰ ਬੀਟਰਾਈਸ ਫਿੰਨ੍ਹ ਨੇ ਕਿਹਾ, "ਇਹ ਇਨਾਮ ਪਰਮਾਣੂ ਹਥਿਆਰਾਂ ਵਾਲੇ ਸਾਰੇ ਮੁਲਕਾਂ ਅਤੇ ਉਨ੍ਹਾਂ ਮੁਲਕਾਂ, ਜਿਹੜੇ ਹਾਲੇ ਵੀ ਆਪਣੀ ਸਲਾਮਤੀ ਲਈ ਪਰਮਾਣੂ ਹਥਿਆਰਾਂ ਉਤੇ ਨਿਰਭਰ ਹਨ, ਨੂੰ ਸੁਨੇਹਾ ਦਿੰਦਾ ਹੈ ਕਿ ਇਹ ਰਵੱਈਆ ਨਾਬਰਦਾਸ਼ਤਯੋਗ ਹੈ।" ਬੀਬੀ ਫਿੰਨ੍ਹ ਨੇ ਕਿਹਾ ਕਿ ਇਨਾਮ ਬਾਰੇ ਜਾਣਕਾਰੀ ਦੇਣ ਲਈ ਉਨ੍ਹਾਂ ਨੂੰ ਫੋਨ ਆਇਆ ਤਾਂ ਇਕ ਵਾਰ ਤਾਂ ਜਾਪਿਆ ਜਿਵੇਂ ਕਿਸੇ ਨੇ ਮਜ਼ਾਕ ਕੀਤਾ ਹੋਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਖ਼ਬਰ ਟੀਵੀ ਚੈਨਲਾਂ ਉਤੇ ਨਸ਼ਰ ਨਹੀਂ ਹੋਈ, ਉਨ੍ਹਾਂ ਨੂੰ ਵਿਸ਼ਵਾਸ ਨਹੀਂ ਆਇਆ। ਗ਼ੌਰਤਲਬ ਹੈ ਕਿ ਇਹ ਇਨਾਮ ਅਜਿਹੇ ਮੌਕੇ ਦਿੱਤਾ ਗਿਆ ਹੈ ਜਦੋਂ ਪਰਮਾਣੂ ਹਥਿਆਰਾਂ ਦੇ ਮੁੱਦੇ ਉਤੇ ਉਤਰੀ ਕੋਰੀਆ ਤੇ ਅਮਰੀਕਾ ਦਰਮਿਆਨ ਤਣਾਅ ਵਧਿਆ ਹੋਇਆ ਹੈ।

# ਉਸਤਾਦ ਲਾਲ ਚੰਦ ਯਮਲਾ 16ਵਾਂ ਯਾਦਗਾਰੀ ਮੇਲਾ 15 ਅਕਤੂਬਰ ਨੂੰ ਫਾਊਲਰ ਸ਼ਹਿਰ ਵਿਚ



**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਉਸਤਾਦ ਲਾਲ ਚੰਦ ਯਮਲਾ ਦੇ ਸ਼ਾਗਿਰਦ ਰਾਜ ਬਰਾੜ ਵੱਲੋਂ ਸਹਿਯੋਗੀਆਂ ਦੀ ਮਦਦ ਨਾਲ ਫਰਿਜ਼ਨੋ ਵਿਖੇ 'ਉਸਤਾਦ ਲਾਲ ਚੰਦ ਯਮਲਾ ਜੱਟ ਮੈਮੋਰੀਅਲ ਫਾਉਡੇਸ਼ਨ' ਦੇ ਬੈਨਰ ਹੇਠ 'ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ' 15 ਅਕਤੂਬਰ, ਦਿਨ ਐਤਵਾਰ ਨੂੰ ਕਰਵਾਇਆ ਜਾਇਆ ਰਿਹਾ ਹੈ। ਇਸ ਵਿੱਚ ਯਮਲਾ ਜੱਟ ਦੀ ਗਾਇਕੀ ਨੂੰ ਸਮਰਪਿਤ ਬਹੁਤ ਸਾਰੇ ਉੱਚ ਕੋਟੀ ਦੇ ਕਲਾਕਾਰਾਂ ਨੂੰ ਆਪਣੀ ਗਾਇਕੀ ਰਾਹੀਂ ਖੁੱਲ੍ਹੀ ਸਟੇਜ 'ਤੇ ਸਰੋਤਿਆ ਦੇ ਰੂਬਰੂ ਕੀਤਾ ਜਾਵੇਗਾ। ਇਹ ਮੇਲਾ ਫਾਊਲਰ ਸ਼ਹਿਰ ਦੇ ਪੈਨਜੈਕ ਪਾਰਕ ਵਿੱਚ ਬਾਅਦ ਦੁਪਹਿਰ 1.00 ਵਜੇ ਤੋਂ ਸ਼ਾਮ 6.00 ਵਜੇ ਤੱਕ ਬੜੀ ਸ਼ਾਨ ਨਾਲ ਮਨਾਇਆ ਜਾਵੇਗਾ। ਸਥਾਨਕ ਕਲਾਕਾਰ ਵਿਚੋਂ ਧਰਮਵੀਰ ਥਾਂਦੀ, ਅਵਤਾਰ ਗਰੇਵਾਲ, ਦਿਲਦਾਰ ਬ੍ਰਦਰਜ਼ ਮਿਊਜ਼ੀਕਲ ਗਰੁੱਪ, ਬੀਬੀ ਜੋਤ ਰਣਜੀਤ, ਰਾਜ ਬਰਾੜ, ਸੁਰਜੀਤ ਸਿੰਘ ਮਾਛੀਵਾੜਾ, ਹਰਦੇਵ ਸਿੱਧੂ ਅਤੇ ਹੋਰ ਬਹੁਤ ਸਾਰੇ ਗਾਇਕ ਆਪਣੇ ਫਨ ਦਾ ਮੁਜ਼ਾਹਰਾ ਕਰਨਗੇ। ਸਟੇਜ ਸੰਚਾਲਨ ਪੰਜਾਬੀਅਤ ਦਾ ਮਾਣ ਸ਼ਕਤੀ ਮਾਣਕ ਕਰਨਗੇ। ਇਸ ਸਮੇਂ ਜੀ.ਐਚ.ਜੀ. ਅਕੈਡਮੀ ਦੇ ਬੱਚੇ ਗਿੱਧਾ ਅਤੇ ਭੰਗੜਾ ਪੇਸ਼ ਕਰਨਗੇ। ਇਸ ਮੇਲੇ ਅੰਦਰ ਗਾਇਕੀ ਤੋਂ ਇਲਾਵਾ ਸਕਿੱਟਾਂ, ਕਾਮੇਡੀ, ਗਿੱਧਾ, ਭੰਗੜਾ ਅਤੇ ਹੋਰ ਬਹੁਤ ਕੁਝ ਮਨੋਰੰਜਨ ਲਈ ਪੇਸ਼ ਕੀਤਾ ਜਾਵੇਗਾ। ਮੇਲੇ ਦੌਰਾਨ ਖਾਣੇ ਦਾ ਪ੍ਰਬੰਧ ਮੁਫਤ ਕੀਤਾ ਜਾਵੇਗਾ। ਸਮੂਹ ਪੰਜਾਬੀ ਭਾਈਚਾਰੇ ਨੂੰ ਮੇਲੇ ਵਿੱਚ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵੱਲੋਂ ਭਾਈ ਤਰਸੇਮ ਸਿੰਘ ਕੈਲੇਫੋਰਨੀਆ ਇਕਾਈ ਦੇ ਕਾਰਜਕਾਰੀ ਪ੍ਰਧਾਨ ਨਿਯੁਕਤ

**ਨਿਊਯਾਰਕ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵੱਲੋਂ ਭਾਈ ਤਰਸੇਮ ਸਿੰਘ ਨੂੰ ਕੈਲੇਫੋਰਨੀਆ ਸਟੇਟ ਦਾ ਕਾਰਜਕਾਰੀ ਪ੍ਰਧਾਨ ਨਿਯੂਕਤ ਕਰ ਦਿੱਤਾ ਗਿਆ ਹੈ।



ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਸਪੋਕਸਮੇਨ ਤੇ ਮੀਡੀਆ ਅਡਵਾਈਜਰ ਸ. ਸਰਬਜੀਤ ਸਿੰਘ ਵੱਲੋਂ ਨਿਊਯਾਰਕ ਦਫਤਰ ਤੋਂ ਪ੍ਰੈਸ ਦੇ ਨਾਮ ਜਾਰੀ ਕੀਤੇ ਬਿਆਨ ਅਨੁਸਾਰ ਭਾਈ ਤਰਸੇਮ ਸਿੰਘ ਨੂੰ ਕੈਲੇਫੋਰਨੀਆ ਸਟੇਟ ਦੇ ਜਥੇਬੰਧਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਮੀਟਿੰਗਾਂ, ਨਵੇਂ ਮੈਂਬਰ ਭਰਤੀ ਕਰਨ ਤੇ ਨਵੰਬਰ ਵਿੱਚ ਯੂਬਾ ਸਿਟੀ ਵਿੱਚ ਸਲਾਨਾ ਨਗਰ ਕੀਰਤਨ ਵਿੱਚ ਪਾਰਟੀ ਦੀ ਵੱਡੇ ਪੱਧਰ ਵਿੱਚ ਸ਼ਮੂਲੀਅਤ ਤੇ ਕੈਲੇਫੋਰਨੀਆ ਵਿੱਚ "ਖਾਲਿਸਤਾਨ" ਦੀ ਮੰਗ ਦੇ ਪ੍ਰਚਾਰ ਪ੍ਰਸਾਰ ਨੂੰ ਤੇਜ਼ ਕਰਨ ਲਈ ਤੇਜ਼ੀ ਲਿਆਉਣ ਲਈ ਸਾਰੀ ਜਿੰਮੇਵਾਰੀ ਸੌਂਪ ਦਿੱਤੀ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਭਾਈ ਤਰਸੇਮ ਸਿੰਘ ਜੋ ਸੱਚੇ ਸੁੱਚੇ,ਪੰਥਕ ਤੇ ਪੱਕੇ ਖਾਲਿਸਤਾਨੀ ਯੋਧੇ ਹਨ ਉਹ ਜਲਦ ਤੋਂ ਜਲਦ ਕੈਲੀਫੋਰਨੀਆ ਵਿੱਚ ਪਾਰਟੀ ਦੀ ਇਕਾਈ ਸਥਾਪਿਤ ਕਰਨ ਲਈ ਰਾਤ ਦਿਨ ਇੱਕ ਕਰ ਦੇਣ। ਸਰਦਾਰ ਸੁਰਜੀਤ ਸਿੰਘ ਕੁਲਾਰ ਪ੍ਰਧਾਨ ਸ਼੍ਰੋਮਣੀ ਅਕਾਲੀ ਦੱਲ ਅੰਮ੍ਰਿਤਸਰ ਅਮਰੀਕਾ ਕੈਲੀਫੋਰਨੀਆ ਪੁੱਜ ਕੇ ਭਾਈ ਤਰਸੇਮ ਸਿੰਘ ਸਮੇਤ ਸਾਰੀ ਇਕਾਈ ਨੂੰ ਸਿੱਖ ਕੌਮ ਦੀ ਨਿਸ਼ਕਾਮ ਸੇਵਾ ਤੇ ਚੜ੍ਹਦੀ ਕਲਾ ਲਈ ਪਾਰਟੀ ਵਿੱਚ ਸ਼ਿਮਲ ਕਰਕੇ ਕੈਲੀਫੋਰਨੀਆ ਦੇ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ ਕਰਨਗੇ।

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੁਰਗੱਦੀ ਦਿਵਸ ਨੂੰ ਸਮਰਪਿਤ ਤੀਸਰਾ ਸਾਲਾਨਾ ਮਹਾਨ ਨਗਰ ਕੀਰਤਨ ਕੱਢਿਆ

## *ਇੰਡੀਅਨਐਪਲਸ ਵਿਖੇ ਉੱਥੋਂ ਦੀ ਸਮੂਹ ਸਿੱਖ ਸੰਗਤ ਵੱਲੋਂ ਸਾਂਝੇ ਤੌਰ ਸ਼ਾਨਦਾਰ ਸਮਾਗਮ*












**ਇੰਡੀਅਨਐਪਲਸ (ਇੰਡਿਆਨਾ/ਮੱਖਣ ਸਿੰਘ ਕਲੇਰ:** ਇਥੋਂ ਦੀਆਂ ਸਮੂਹ ਗੁਰੂਘਰਾਂ ਦੀਆਂ ਕਮੇਟੀਆਂ ਨੇ ਸੰਗਤਾਂ ਦੇ ਸਹਿਯੋਗ ਨਾਲ ਤੀਸਰਾ ਸਾਲਾਨਾ ਨਗਰ ਕੀਰਤਨ ਕੱਢਿਆ ਗਿਆ। ਸਿੱਖੀ ਦੀ ਸ਼ਾਨ ਦੀ ਗਵਾਹੀ ਭਰਦਾ ਇਸ ਨਗਰ ਕੀਰਤਨ ਇੰਡੀਅਨਐਪਲਸ ਦੇ ਡਾਊਨ ਟਾਊਨ ਦੀਆਂ ਗਲੀਆਂ ਵਿੱਚੋਂ ਦੀ ਗੁਜਰਦਾ ਹੋਇਆ ਇਕ ਖੁੱਲੀ ਪਾਰਕ ਵਿੱਚ ਸਮਾਪਤ ਹੋਇਆ। ਇਸ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨਮਈ ਵਿੱਚ ਕਰ ਰਹੇ ਸਨ। ਕੀਰਤਨੀ ਜਥੇ ਧੁਰ ਕੀ ਇਲਾਹੀ ਬਾਣੀ ਦੇ ਸ਼ਬਦ ਪੜ੍ਹ ਰਹੇ ਸਨ। ਸੰਗਤਾਂ ਬੜੇ ਹੀ ਸਹਿਜ ਨਾਲ ਨਗਰ ਕੀਰਤਨ ਵਿਚ ਚਲ ਰਹੀਆਂ ਸਨ। ਪ੍ਰਬੰਧਕਾਂ ਵਲੋਂ ਵੀ ਬੜੇ ਸੁਚੱਜੇ ਢੰਗ ਨਾਲ ਪ੍ਰਬੰਧ ਕੀਤੇ ਹੋਏ ਸਨ। ਇਸ ਨਗਰ ਕੀਰਤਨ ਵਿੱਚ ਵਿਸ਼ੇਸ਼ ਤੌਰ ਤੇ ਇੰਡਿਆਨਾ ਸਟੇਟ ਦੇ ਗਵਰਨਰ ਮਾਈਕ ਪਿੰਸ ਦੇ ਭਰਾ ਗਰਿੱਗ ਪਿੰਸ ਨੇ ਹਾਜ਼ਰੀ ਲਗਵਾਈ ਤੇ ਸਟੇਜ ਤੋਂ ਸਿੱਖ ਕੌਮ ਦੇ ਨਾਮ ਗਵਰਨਰ ਵਲੋਂ ਭੇਜਿਆ ਸ਼ੰਦੇਸ਼ ਪੜ੍ਹ ਕੇ ਉਨ੍ਹਾਂ ਆਪਣੀ ਹਾਜ਼ਰੀ ਲਗਵਾਈ। ਲੰਗਰਾਂ ਦਾ ਵਿਸ਼ੇਸ਼ ਤੌਰ ਤੇ ਪ੍ਰਬੰਧ ਕੀਤਾ ਹੋਇਆ ਸੀ।

ਸਿੱਖ ਨੌਜਵਾਨਾਂ ਦੇ ਇਕ ਗਰੁੱਪ ਨੇ ਮੋਟਰ ਸਾਈਕਲਾਂ ਤੇ ਸਵਾਰ ਹੋ ਕੇ ਨਗਰ ਕੀਰਤਨ ਵਿੱਚ ਸ਼ਮੂਲੀਅਤ ਕਰਕੇ ਹੋਰ ਪ੍ਰਭਾਵਸ਼ਾਲੀ ਬਣਾਇਆ। ਨਗਰ ਕੀਰਤਨ ਦੀ ਸਮਾਪਤੀ ਵਾਲੇ ਸਥਾਨ ਤੇ ਸਟੇਜ ਸਜਾਈ ਗਈ ਸੀ ਜਿੱਥੋਂ ਪੰਥਕ ਬੁਲਾਰਿਆਂ ਨੇ ਸੰਗਤਾਂ ਦੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ ਗਈ। ਨਗਰ ਕੀਰਤਨ ਦੀ ਸਮਾਪਤੀ ਅਰਦਾਸ ਉਪਰੰਤ ਹੁਕਮਨਾਮਾਂ ਸਾਹਿਬ ਲੈ ਕੇ ਕੀਤੀ ਗਈ। ਪੰਥਕ ਬੁਲਾਰਿਆਂ ਤੋਂ ਪਹਿਲਾਂ ਸਟੇਜ ਤੋਂ ਢਾਡੀ ਜਥੇ ਵਲੋਂ ਹਾਜਰੀ ਲਗਵਾਈ ਗਈ। ਪ੍ਰਬੰਧਕਾਂ ਵਿੱਚੋਂ ਭਾਈ ਜਗਦੀਸ਼ ਸਿੰਘ ਨੇ ਇਸ ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਤੇ ਸਭ ਨੂੰ ਜੀਅ ਆਇਆ ਕਿਹਾ ਤੇ ਸਭ ਦਾ ਧੰਨਵਾਦ ਕੀਤਾ ਤੇ ਉਨਾਂ ਮਿੱਡਵੈਸਟ ਦੀਆਂ ਸਮੂਹ ਕਮੇਟੀਆਂ ਤੇ ਸੰਗਤਾਂ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਉਪਰੰਤ ਉਨਾਂ ਸਟੇਜ ਦੀ ਸੇਵਾ ਨਿਭਾਉਣ ਵਾਸਤੇ ਵਿਸ਼ੇਸ਼ ਤੌਰ ਤੇ ਪ੍ਰਬੰਧਕਾਂ ਦੇ ਸੱਦੇ ਤੇ ਪਹੁੰਚੇ ਸੁਰਿੰਦਰ ਸਿੰਘ ਪੱਤਰਕਾਰ ਨੂੰ ਸਟੇਜ ਤੇ ਸੱਦਾ ਦਿੱਤਾ। ਇਸ ਦੇ ਨਾਲ ਹੀ ਸੁਰਿੰਦਰ ਸਿੰਘ ਨੇ ਵਿਚਾਰਾਂ ਦੀ ਲੜੀ ਨੂੰ ਅਗੇ ਤੋਰਿਆ ਤੇ ਸਿੱਖ ਕੌਮ ਦੀ ਭਾਰਤ ਵਿੱਚ ਵੱਖ ਵੱਖ ਢੰਗਾਂ ਰਾਹੀਂ ਹੋ ਰਹੀ ਨਸਲਕੁਸ਼ੀ ਤੇ ਵਿਸਥਾਰ ਨਾਲ ਚਾਨਣਾਂ ਪਾਇਆ। ਉਨਾਂ ਬੜਾ ਜ਼ੋਰ ਦੇਕੇ ਕਿਹਾ ਕੇ ਭਰਾਵੋ ਜੇ ਤੁਸੀਂ ਪੰਜਾਬ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਕਿਰਸਾਨੀਂ ਵਲੋਂ ਫਸਲਾਂ ਉਤੇ ਕੀਤੀਆਂ ਜਾ ਰਹੀਆਂ ਜੀਵਨ ਮਾਰੂ ਸਪਰੇਆਂ ਨੂੰ ਤੁਰੰਤ ਰੋਕਣਾਂ ਪਵੇਗਾ।

ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਨਮਾਇੰਦੇ ਤੇ ਉਘੇ ਸਿੱਖ ਆਗੂ ਡਾਕਟਰ ਅਮਰਜੀਤ ਸਿੰਘ ਵਾਸ਼ਿੰਗਟਨ ਡੀ ਸੀ ਤੋਂ ਮੁੱਖ ਬੁਲਾਰੇ ਦੇ ਤੌਰ ਤੇ ਸ਼ਾਮਲ ਹੋਏ। ਉਨਾਂ ਸੰਗਤਾਂ ਨੂੰ ਇਸ ਨਗਰ ਕੀਰਤਨ ਦੀ ਵਧਾਈ ਦਿੱਤੀ ਤੇ ਨਾਲ ਹੀ ਉਨਾਂ ਸੰਗਤਾਂ ਨੂੰ ਸਿੱਖ ਕੌਮ ਅਜਾਦੀ ਵਾਸਤੇ ਲੜ ਰਹੀਆਂ ਜਥੇਬੰਦੀਆਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਖਾਲਿਸਤਾਨ ਦੀ ਪ੍ਰਾਪਤੀ ਵਾਸਤੇ ਸ਼ੰਘਰਸ਼ ਨੂੰ ਹੋਰ ਤੇਜ ਕਰਨ ਅਤੇ ਜੇਲ੍ਹਾਂ

**ਬਾਕੀ ਸਫ਼ਾ 32 'ਤੇ**

Hassle Free Buying and Selling!
Real EstateWe can Help to Buy and Sell Your Home.
Statewide REALTY & MORTGAGE
BRE# 01929644
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।



2161 SQ Feet home Natomas Sacramento
3 BR 2.5 bath with loft available for $389,000



Kulwinder Kaur K.D.
Cell 916-212-0123
e-mail kdkaur9@yahoo.com

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇਡੀਅਨ ਪਾਸਪੋਰਟ
- ਇਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS
CALIFORNIA IMMIGRATION SERVICES
(Registered & Bonded)
➢ FAMILY IMMIGRATION
➢ GREEN CARD PETITION
➢ CITIZENSHIP
➢ OCI CARD / INDIAN PASSPORT
➢ BUSINESS / VISITOR VISA
➢ H-1 B VISA PETITION
➢ STUDENT VISA
➢ RELIGIOUS VISA
➢ LEGAL SERVICES





Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

## ਨਿੱਕੀ ਹੈਲੀ ਦੀ ਰਾਜਨੀਤਕ ਟਵੀਟ ਕਰਨ ਲਈ ਸਖ਼ਤ ਤਾੜਨਾ

**ਕੋਲੰਬੀਆ/ਬਿਊਰੋ ਨਿਊਜ਼ :** ਦੱਖਣੀ ਕੈਰੋਲੀਨਾ ਕਾਂਗਰਸੀ ਉਮੀਦਵਾਰ ਦਾ ਸਮਰਥਨ ਕਰਨ ਲਈ ਅਮਰੀਕਾ ਦੀ ਸੰਯੁਕਤ ਰਾਸ਼ਟਰ ਵਿਚ ਰਾਜਦੂਤ ਨਿੱਕੀ ਹੈਲੀ ਦੀ ਸਰਕਾਰੀ ਕਰਮਚਾਰੀ ਦੀ ਰਾਜਨੀਤਕ ਗਤੀਵਿਧੀਆਂ ਵਿਚ ਹਿੱਸਾ ਨਾ ਲੈਣ ਵਾਲੇ ਕਾਨੂੰਨ ਤਹਿਤ ਸਖ਼ਤ ਤਾੜਨਾ ਕੀਤੀ ਗਈ। ਬੀਤੇ ਹਫ਼ਤੇ ਅਮਰੀਕਾ ਦੇ ਸਪੈਸ਼ਲ ਕਾਸਲ ਦਫ਼ਤਰ ਨੇ ਨਾਗਰਿਕਾਂ ਪ੍ਰਤੀ ਜ਼ਿੰਮੇਵਾਰੀ ਅਤੇ ਨੈਤਿਕਤਾ ਦੇ



ਆਧਾਰ 'ਤੇ ਵਾਸ਼ਿੰਗਟਨ ਵਿਚ ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਖ਼ਿਲਾਫ਼ ਨੋਟਿਸ ਜਾਰੀ ਕੀਤਾ ਗਿਆ ਸੀ ਪਰ ਕੋਈ ਕਾਰਵਾਈ ਨਹੀਂ ਹੋਈ। ਜੂਨ ਵਿਚ ਨਿਗਰਾਨ ਗਰੁੱਪ ਨੇ ਸਪੈਸ਼ਲ ਕੌਂਸਲ ਨੂੰ ਹੈਚ ਐਕਟ ਦੀ ਉਲੰਘਣਾ ਕਰਨ ਲਈ ਹੈਲੀ ਖ਼ਿਲਾਫ਼ ਪੱਤਰ ਲਿਖਿਆ ਸੀ। ਗਰੁੱਪ ਨੇ ਕਿਹਾ ਕਿ ਹੈਲੀ ਨੂੰ ਇਸ ਮਹੀਨੇ ਰਿਪਬਲਿਕ ਰਾਲਫ ਨਾਰਮੈਨ ਦਾ ਸਮਰਥਨ ਕਰਨ ਵਾਲੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟਵੀਟ ਮੈਸੇਜ ਨੂੰ ਰੀਟਵੀਟ ਨਹੀਂ ਸੀ ਕਰਨਾ ਚਾਹੀਦਾ। ਗਰੁੱਪ ਨੇ ਕਿਹਾ ਕਿ ਹਾਲਾਂਕਿ ਹੈਲੀ ਨੇ ਟਵੀਟ ਕੀਤੇ ਮੈਸੇਜ ਨੂੰ ਡਲੀਟ ਕਰ ਦਿੱਤਾ ਸੀ ਪਰ ਇਸ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

## ਐਚ-1 ਵੀਜ਼ਿਆਂ ਲਈ ਲੋੜੀਂਦਾ ਅਮਲ ਮੁੜ ਸ਼ੁਰੂ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਨੇ ਐਚ-1ਬੀ ਵਰਕ ਵੀਜ਼ਿਆਂ ਦੇ ਸਾਰੇ ਵਰਗਾਂ ਵਿੱਚ ਪ੍ਰੀਮੀਅਮ ਪ੍ਰਾਸੈਸਿੰਗ (ਲੋੜੀਂਦੀ ਕਾਰਵਾਈ) ਮੁੜ ਸ਼ੁਰੂ ਕਰ ਦਿੱਤੀ। ਭਾਰਤੀ ਆਈਟੀ ਪੇਸ਼ੇਵਰਾਂ ਵਿਚਾਲੇ ਕਾਫ਼ੀ ਮਕਬੂਲ ਇਨ੍ਹਾਂ ਵਰਕ ਵੀਜ਼ਿਆਂ ਉਤੇ ਅਮਲ ਅਪਰੈਲ ਵਿੱਚ ਆਰਜ਼ੀ ਤੌਰ 'ਤੇ ਰੋਕਿਆ ਗਿਆ ਸੀ। ਇਸ ਦਾ ਕਾਰਨ ਨਵੀਆਂ ਵੀਜ਼ਾ ਅਰਜ਼ੀਆਂ ਦੀ ਵੱਡੀ ਗਿਣਤੀ ਨਾਲ ਸਿੱਝਣਾ ਸੀ। ਸਤੰਬਰ ਵਿੱਚ ਐਚ-1ਬੀ ਵੀਜ਼ਿਆਂ ਦੇ ਕੁੱਝ ਵਰਗਾਂ ਨੂੰ ਤੇਜ਼ ਪ੍ਰਾਸੈਸਿੰਗ ਲਈ ਖੋਲ੍ਹਿਆ ਗਿਆ। ਅਮਰੀਕਾ ਦੇ ਨਾਗਰਿਕਤਾ ਤੇ ਪਰਵਾਸ ਸੇਵਾਵਾਂ ਮੰਤਰਾਲੇ ਨੇ ਦੱਸਿਆ ਕਿ ਹੁਣ ਐਚ-1ਬੀ ਵੀਜ਼ਿਆਂ ਦੇ ਸਾਰੇ ਵਰਗਾਂ ਉਤੇ ਲੋੜੀਂਦਾ ਅਮਲ ਸ਼ੁਰੂ ਹੋਵੇਗਾ।

ਐਚ-1ਬੀ ਵੀਜ਼ਾ ਇਕ ਗ਼ੈਰ ਪਰਵਾਸ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਖ਼ਾਸ ਪੇਸ਼ਿਆਂ ਲਈ ਵਿਦੇਸ਼ੀ ਕਾਮੇ ਭਰਤੀ ਕਰਨ ਦੀ ਇਜਾਜ਼ਤ ਦਿੰਦਾ ਹੈ। ਤਕਨਾਲੋਜੀ ਕੰਪਨੀਆਂ ਇਸ ਉਤੇ ਖ਼ਾਸ ਤੌਰ ਉਤੇ ਨਿਰਭਰ ਕਰਦੀਆਂ ਹਨ ਕਿਉਂਕਿ ਉਹ ਹਰ ਵਰ੍ਹੇ ਵਿਦੇਹਾਂ ਤੋਂ ਹਜ਼ਾਰਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਲੈਂਦੀਆਂ ਹਨ। ਕਾਂਗਰਸ ਦੀ ਮਨਜ਼ੂਰੀ ਦੇ ਹਿਸਾਬ ਨਾਲ ਵੱਧ ਤੋਂ ਵੱਧ 65 ਹਜ਼ਾਰ ਐਚ-1ਬੀ ਵੀਜ਼ੇ ਜਾਰੀ ਕੀਤੇ ਜਾ ਸਕਦੇ ਹਨ ਅਤੇ 20 ਹਜ਼ਾਰ ਵੀਜ਼ੇ ਉਨ੍ਹਾਂ ਪੇਸ਼ੇਵਰਾਂ ਨੂੰ ਜਾਰੀ ਹੋ ਸਕਦੇ ਹਨ, ਜਿਨ੍ਹਾਂ ਅਮਰੀਕਾ ਦੀਆਂ ਉੱਚ ਸਿੱਖਿਆ ਸੰਸਥਾਵਾਂ ਤੋਂ ਸਟੈਮ ਵਿਸ਼ਿਆਂ ਵਿੱਚ ਉੱਚ ਸਿੱਖਿਆ ਹਾਸਲ ਕੀਤੀ ਹੋਵੇ। ਅਕਾਦਮਿਕ ਤੇ ਖੋਜ ਕਾਰਜਾਂ ਵਰਗੇ ਕਈ ਵਰਗਾਂ ਲਈ ਐਚ-1ਬੀ ਵੀਜ਼ਾ ਜਾਰੀ ਕਰਨ ਨੂੰ ਕਾਂਗਰਸ ਦੀ ਲਾਜ਼ਮੀ ਹੱਦ ਤੋਂ ਛੋਟ ਹੈ।

## ਮੋਦੀ ਖ਼ਿਲਾਫ਼ ਟਿੱਪਣੀ ਕਰਨ ਵਾਲੇ ਪ੍ਰਕਾਸ਼ ਰਾਜ 'ਤੇ ਕੇਸ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਵਿਵਾਦਤ ਟਿੱਪਣੀ ਕਰਨ ਵਾਲੇ ਅਦਾਕਾਰ ਪ੍ਰਕਾਸ਼ ਰਾਜ ਕੇਸ ਦਰਜ ਕਰ ਲਿਆ ਗਿਆ। ਇਕ ਵਕੀਲ



ਵਲੋਂ ਸ਼ਿਕਾਇਤ ਦਾਇਰ ਕਰਨ ਦੇ ਬਾਅਦ ਇਸ 52 ਸਾਲਾ ਅਦਾਕਾਰ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਇਸ ਕੇਸ ਦੀ ਸੁਣਵਾਈ 7 ਅਕਤੂਬਰ ਨੂੰ ਲਖਨਊ ਦੀ ਇਕ ਅਦਾਲਤ ਵਿਚ ਹੋਵੇਗੀ। ਸੀਨੀਅਰ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ 'ਤੇ ਮੋਦੀ ਦੀ ਚੁੱਪੀ ਦੀ ਨਿੰਦਾ ਕਰਦਿਆਂ ਪ੍ਰਕਾਸ਼ ਰਾਜ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਨੂੰ ਸੋਸ਼ਲ ਮੀਡੀਆ 'ਤੇ ਗੌਰੀ ਲੰਕੇਸ਼ ਦੀ ਹੱਤਿਆ ਦਾ ਜਸ਼ਨ ਮਨਾਉਣ ਵਾਲੇ ਲੋਕਾਂ ਨੂੰ ਫਾਲੋ ਕਰਦਿਆਂ ਦੇਖਣਾ ਨਿਰਾਸ਼ਾਜਨਕ ਹੈ।

# ਜਗਮੀਤ ਸਿੰਘ ਦਾ ਵਿਰੋਧ ਕਰਨ ਵਾਲੇ ਨਸਲਵਾਦੀ ਤੇ ਮਨੁੱਖਤਾ ਵਿਰੋਧੀ : ਖਾਲਸਾ

### 'ਮੋਦੀ ਸਰਕਾਰ, ਭਾਜਪਾ ਤੇ ਆਰ ਐਸ ਐਸ ਜਗਮੀਤ ਸਿੰਘ ਬਾਰੇ ਫਿਰਕੂ ਰਵੱਈਆ ਤਿਆਗਣ'

**ਨਾਰਵਿਕ (ਕਨੈਕਟੀਕਟ)/ਹੁਸਨ ਲੜੋਆ ਬੰਗਾ:** ਸਿੱਖ ਸੇਵਕ ਸੁਸਾਇਟੀ ਇਟਰਨੈਸ਼ਨਲ ਅਮਰੀਕਾ ਯੂਨਿਟ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਮੈਂਬਰ ਪਲੈਨਿੰਗ ਬੋਰਡ ਨਾਰਵਿਚ ਕਨੈਕਟੀਕਟ, ਮੈਂਬਰ ਡੀਪਾਰਟਮੈਂਟ ਆਫ ਜਸਟਿਸ ਨੇ ਜਗਮੀਤ ਸਿੰਘ ਧਾਲੀਵਾਲ ਕੈਨੇਡਾ ਦੇ ਹੱਕ ਵਿਚ ਮੋਰਚਾ ਸੰਭਾਲ ਲਿਆ ਹੈ। ਸਵਰਨਜੀਤ ਸਿੰਘ ਖਾਲਸਾ ਨੇ ਨਿਊ ਡੈਮੋਕਰੈਟਿਕ ਪਾਰਟੀ (ਐਨ ਡੀ ਪੀ) ਦੇ ਨਵੇਂ ਨੇਤਾ ਜਗਮੀਤ ਸਿੰਘ ਧਾਲੀਵਾਲ ਐਡਵੋਕੇਟ ਨੂੰ ਵਧਾਈ ਦਿੰਦਿਆਂ ਕਿਹਾ ਕਿ ਓਂਟਾਰੀਓ ਸੂਬਾਈ ਅਸੈਂਬਲੀ ਦੇ ਬਰੈਂਪਟਨ ਹਲਕੇ ਤੋਂ ਵਿਧਾਨਕਾਰ ਜਗਮੀਤ ਸਿੰਘ ਹੁਣ 2019 ਦੀਆਂ ਕੌਮੀ ਸੰਸਦੀ ਚੋਣਾਂ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੇ ਖਿਲਾਫ਼ ਐਨ ਡੀ ਪੀ ਦੀ ਚੋਣ ਮੁਹਿੰਮ ਦੀ ਅਗਵਾਈ ਕਰਨਗੇ। ਉਨ੍ਹਾਂ ਮੋਦੀ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਕੈਨੇਡਾ ਦੀ ਸਿਆਸਤ ਵਿਚ ਜਗਮੀਤ ਸਿੰਘ ਦੇ ਉਭਾਰ ਨਾਲ ਭਾਵੇਂ ਪੂਰੇ ਸੰਸਾਰ ਵਿਚ ਜਸ਼ਨ ਮਨਾਇਆ ਜਾ ਰਿਹਾ ਹੈ ਤੇ ਮਾਨਵਵਾਦੀ ਖੁਸ਼ ਹਨ, ਪਰ ਮੋਦੀ ਸਰਕਾਰ, ਭਾਜਪਾ ਤੇ ਆਰ ਐਸ ਐਸ ਉਸ ਦੇ ਨਿਊ ਡੈਮੋਕ੍ਰੇਟਿਕ ਪਾਰਟੀ ਦਾ ਨੇਤਾ ਚੁਣੇ ਜਾਣ ਕਾਰਨ ਚਿੰਤਤ ਦਿਖਾਈ ਦੇ ਰਹੀ



ਹੈ। ਉਨ੍ਹਾਂ ਕਿਹਾ ਕਿ ਜਗਮੀਤ ਸਿੰਘ ਨੂੰ ਭਾਰਤ ਸਰਕਾਰ ਨੇ ਦਸੰਬਰ 2013 ਵਿਚ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਵੇਲੇ ਉਹ ਓਂਟਾਰੀਓ ਵਿਚ ਪ੍ਰੋਵੈਂਸ਼ੀਅਲ ਪਾਰਲੀਮੈਂਟ ਦੇ ਮੈਂਬਰ ਸਨ। 2016 ਵਿਚ ਜਗਮੀਤ ਸਿੰਘ ਨੇ ਓਂਟਾਰੀਓ ਵਿਧਾਨ ਸਭਾ ਵਿਚ ਪ੍ਰਸਤਾਵ ਪੇਸ਼ ਕਰਕੇ 1984 ਦੇ ਦਿੱਲੀ ਦੰਗਿਆਂ ਨੂੰ ਨਸਲਕੁਸ਼ੀ ਕਰਾਰ ਦੇਣ ਦੀ ਮੰਗ ਕੀਤੀ ਸੀ। ਲਿਬਰਲ ਪਾਰਟੀ ਦੇ ਕਈ ਹੋਰ ਮੈਂਬਰਾਂ ਨੇ ਵੀ ਪ੍ਰਸਤਾਵ ਦਾ ਸਮਰਥਨ ਕੀਤਾ ਸੀ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਕਤਲੇਆਮ ਹਿੰਦੂਆਂ ਨੇ ਨਹੀਂ ਕੀਤਾ, ਇਹ ਸਰਕਾਰੀ ਕਤਲੇਆਮ ਹੈ, ਇਸੇ ਲਈ ਕਿਸੇ ਨੂੰ ਸਜ਼ਾ ਨਹੀਂ ਹੋਈ ਤੇ ਜਗਮੀਤ ਸਿੰਘ ਨੇ ਇਸ ਬਾਰੇ ਮਨੁੱਖੀ ਹਿੱਤਾਂ ਵਿਚ ਠੀਕ ਅਵਾਜ਼ ਬੁਲੰਦ ਕੀਤੀ ਹੈ।

ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਤੇ ਯੂਰਪ ਦੀਆਂ ਅਖ਼ਬਾਰਾਂ ਜਗਮੀਤ ਸਿੰਘ ਦੀਆਂ ਪ੍ਰਸ਼ੰਸ਼ਾ ਕਰ ਰਹੀਆਂ ਹਨ, ਪਰ ਭਾਰਤ ਦਾ ਕੁਝ ਫਿਰਕੂ ਮੀਡੀਆ ਜਗਮੀਤ ਸਿੰਘ ਦਾ ਸਿੱਖ ਹੋਣ ਕਰਕੇ ਵਿਰੋਧ ਕਰਕੇ ਮਾਨਵੀ ਹਿੱਤਾਂ ਦਾ ਘਾਣ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੋ ਲੋਕ ਜਗਮੀਤ ਸਿੰਘ ਧਾਲੀਵਾਲ ਦਾ ਵਿਰੋਧ ਕਰ ਰਹੇ ਹਨ, ਉਹ ਨਸਲਵਾਦੀ ਹਨ ਤੇ ਮਨੁੱਖਤਾ ਵਿਰੋਧੀ ਹਨ। ਸਮਾਜ ਨੂੰ ਉਹ ਜਾਤਾਂ ਧਰਮਾਂ ਦੇ ਨਾਮ 'ਤੇ ਵੰਡ ਕੇ ਸਮਾਜ ਵਿਚ ਨਫ਼ਰਤ ਫੈਲਾਉਣਾ ਚਾਹੁੰਦੇ ਹਨ।

ਉਨ੍ਹਾਂ ਕਿਹਾ ਕਿ ਜਦੋਂ ਤੱਕ ਸਿੱਖ ਭਾਈਚਾਰਾ ਗੁਰੂ ਗਰੰਥ ਸਾਹਿਬ ਜੀ ਦੀ ਵਿਚਾਰਧਾਰਾ 'ਤੇ ਪਹਿਰਾ ਦਿੰਦਾ ਰਹੇਗਾ, ਮਾਨਵਤਾ ਨੂੰ ਪਿਆਰ ਕਰਦਾ ਰਹੇਗਾ, ਸਮਾਜ ਵਿਚ ਗੁਰੂ ਸਾਹਿਬ ਦਾ ਸਰਬੱਤ ਦਾ ਭਲਾ ਸਿਧਾਂਤ ਲਾਗੂ ਕਰਦਾ ਰਹੇਗਾ ਤਾਂ ਵਿਸ਼ਵ ਵਿਚ ਸਭ ਲੋਕਾਂ ਨੂੰ ਪਿਆਰ ਕਰਨਗੇ ਤੇ ਸਾਨੂੰ ਹੀ ਸੱਤਾ ਸੌਂਪਣਗੇ।

## 'ਏਅਰ ਇੰਡੀਆ ਕਾਂਡ' ਵਿਚ ਜਗਮੀਤ ਸਿੰਘ ਦਾ ਨਾਂ ਘੜੀਸਣ 'ਤੇ ਲੋਕ ਖ਼ਫ਼ਾ

**ਟੋਰਾਂਟੋ/ਬਿਊਰੋ ਨਿਊਜ਼ :** ਕੈਨੇਡਾ ਦੀ ਵਿਰੋਧੀ ਪਾਰਟੀ ਐਨਡੀਪੀ ਦੇ ਕੌਮੀ ਨੇਤਾ ਬਣੇ ਜਗਮੀਤ ਸਿੰਘ ਨੂੰ ਮੀਡੀਆ ਦੇ ਇਕ ਵਰਗ ਵੱਲੋਂ 'ਏਅਰ ਇੰਡੀਆ ਕਾਂਡ' ਵਿੱਚ ਘੜੀਸੇ ਜਾਣ ਤੋਂ ਲੋਕ ਖ਼ਫ਼ਾ ਹਨ। ਕੈਨੇਡਾ ਦੇ ਇਕ ਮੁੱਖ ਖ਼ਬਰ ਚੈਨਲ 'ਸੀਬੀਸੀ' ਉਤੇ ਟੈਰੀ ਮਲਿਸਕੀ ਨੇ ਜਗਮੀਤ ਸਿੰਘ ਨਾਲ ਗੱਲਬਾਤ ਕਰਦਿਆਂ ਏਅਰ ਇੰਡੀਆ ਕਾਂਡ ਨਾਲ ਜੁੜੇ ਤਲਵਿੰਦਰ ਸਿੰਘ ਪਰਮਾਰ ਬਾਰੇ ਵਾਰ ਵਾਰ ਸਵਾਲ ਕਰਨ ਦਾ ਮਾਮਲਾ ਸੋਸ਼ਲ ਮੀਡੀਆ 'ਤੇ ਭਖਿਆ ਹੋਇਆ ਹੈ। ਟੈਰੀ ਨੇ ਜਗਮੀਤ ਸਿੰਘ ਨੂੰ ਪੁੱਛਿਆ ਕਿ 'ਪਰਮਾਰ' ਨੂੰ ਸ਼ਹੀਦ ਕਰਾਰ ਦਿੱਤੇ ਜਾਣ ਨੂੰ ਉਹ ਸਹੀ ਮੰਨਦਾ ਹੈ ਜਾਂ ਗਲਤ ? ਉਹ ਵਾਰ ਵਾਰ 'ਹਾਂ ਜਾਂ ਨਾਂਹ' ਆਖਣ ਲਈ ਜ਼ੋਰ ਪਾਉਂਦਾ ਰਿਹਾ ਪਰ ਜਗਮੀਤ ਸਿੰਘ ਨੇ ਕਿਹਾ ਕਿ ਉਹ ਮਨੁੱਖਤਾ ਦੇ ਘਾਣ ਦੀ ਹਰ ਅਜਿਹੀ ਘਟਨਾ ਦੀ ਨਿਖੇਧੀ ਕਰਦਾ ਹੈ। ਇਸ ਕਾਂਡ ਵਿਚ ਦੋਸ਼ੀਆਂ ਦੀ ਨਿਸ਼ਾਨਦੇਹੀ ਤੇ ਸਜ਼ਾਵਾਂ ਬਾਕੀ ਹਨ। ਕਾਲਮਨਵੀਸ ਤਾਰਿਕ ਫਤਿਹ ਤੇ ਸਾਬਕਾ ਮੰਤਰੀ ਉੱਜਲ ਦੁਸਾਂਝ ਨੇ ਵੀ ਜਗਮੀਤ ਸਿੰਘ ਦੀ ਨੁਕਤਾਚੀਨੀ ਕੀਤੀ ਹੈ। ਪਰ ਵੈਨਕੂਵਰ ਤੋਂ ਪੱਤਰਕਾਰ ਗੁਰਪ੍ਰੀਤ (ਰੈਡੀਕਲ ਦੇਸੀ) ਨੂੰ ਇਹ ਸਭ ਕੁਝ ਸਮੁੱਚੇ ਸਿੱਖਾਂ ਦਾ ਅਪਮਾਨ ਲੱਗਦਾ ਹੈ। ਉਸ ਮੁਤਾਬਕ ਸੱਜੇ ਪੱਖੀਆਂ, ਮੋਦੀ ਭਗਤਾਂ ਅਤੇ ਕੁਝ ਮੀਡੀਆ ਵੱਲੋਂ ਇਸ ਮਾਮਲੇ ਨੂੰ ਖਾਹਮਖਾਹ ਉਛਾਲਿਆ ਜਾ ਰਿਹਾ ਹੈ। ਗੁਰਪ੍ਰੀਤ ਨੇ ਕਿਹਾ ਕਿ ਇਹ ਸਵਾਲ ਜਗਮੀਤ ਨੂੰ ਨਹੀਂ ਕੈਨੇਡੀਅਨ ਖੁਫੀਆ ਏਜੰਸੀ 'ਸੀਐਸਐਸ', 'ਆਰਸੀਐਮਪੀ' ਜਾਂ 'ਰਾਅ' ਨੂੰ ਪੁੱਛੇ ਜਾਣੇ ਚਾਹੀਦੇ ਹਨ। ਪਰਮਾਰ ਨੂੰ ਕਦੇ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਅਜਿਹੇ ਹਾਲਾਤ ਵਿਚ ਇੱਕ ਵਕੀਲ ਵਜੋਂ ਜਗਮੀਤ ਸਿੰਘ ਦੋ-ਟੁੱਕ ਜਵਾਬ ਕਿਵੇਂ ਦੇ ਸਕਦਾ ਹੈ। ਇੱਕ ਸਾਜ਼ਿਸ਼ ਤਹਿਤ ਉਸ ਦੀ 'ਕਿਰਦਾਰਕੁਸ਼ੀ' ਦੀ ਕੋਸ਼ਿਸ਼ ਹੋ ਰਹੀ ਹੈ।

## ਸਿੱਖ ਭਾਈਚਾਰੇ ਵਲੋਂ ਲਾਸ ਵੇਗਸ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ

**ਸਿਆਟਲ/ਬਿਊਰੋ ਨਿਊਜ਼:** ਗੁਰਦੁਆਰਾ ਸੱਚਾ ਮਾਰਗ ਸਿਆਟਲ ਵਿਚ ਕੈਂਟ ਤੇ ਐਬਰਨ ਦੇ ਮੇਅਰ, ਕੌਂਸਲ ਮੈਂਬਰਾਂ, ਅਫ਼ਸਰਾਂ ਸਮੇਤ ਪੰਜਾਬੀ ਭਾਈਚਾਰੇ ਵੱਲੋਂ ਲਾਸ ਵੇਗਸ ਹਾਦਸੇ ਵਿਚ ਮਾਰੇ ਗਏ ਮ੍ਰਿਤਕਾਂ ਦੀ ਯਾਦ ਵਿਚ ਪਾਠ, ਕੀਰਤਨ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮਗਰੋਂ ਮੋਮਬੱਤੀਆਂ ਜਲਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਯਾਦ ਰਹੇ ਕਿ ਬੀਤੇ ਦਿਨੀਂ ਲਾਸ ਵੇਗਾਸ ਵਿਚ ਸਿਰਫਿਰੇ ਗੋਰੇ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾ ਕੇ 59 ਲੋਕਾਂ ਦੀ ਮੌਤ ਅਤੇ ਪੰਜ ਸੌ ਤੋਂ ਵੱਧ ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ ਗਿਆ ਸੀ। ਸਿੱਖ ਭਾਈਚਾਰੇ ਵਲੋਂ ਇਸ ਘਟਨਾ ਦੀ ਨਿਖੇਧੀ ਕੀਤੀ ਗਈ ਅਤੇ ਵਿਛੜੀਆਂ ਆਤਮਾਵਾਂ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ। ਗੁਰਦੁਆਰੇ ਦੇ ਮੁਖੀ ਹਰਸ਼ਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਇਹ ਬਹੁਤ ਮਾੜੀ ਘਟਨਾ ਵਾਪਰੀ ਹੈ ਜਿਥੇ ਬੇਦੋਸ਼ੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਮੌਕੇ ਗੁਰਦੁਆਰੇ ਦੇ ਬਾਹਰ ਸਭ ਨੇ ਮਿਲ ਕੇ ਕੈਂਡਲ ਲਾਈਟ ਕਰਕੇ ਅਚਨਚੇਤ ਮਰਨ ਵਾਲਿਆਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਇਹੋ ਜਿਹੀਆਂ ਘਟਨਾਵਾਂ ਤੋਂ ਬਚਾਉਣ ਲਈ ਅਰਦਾਸ ਕੀਤੀ ਗਈ।

# ਸਿਖਸ ਫਾਰ ਜਸਟਿਸ ਨੇ ਪੰਜਾਬ ਇੰਡੀਪੈਂਡੈਂਸ ਰਿਫਰੈਂਡਮ ਲਈ ਕੈਟਾਲੋਨੀਆ ਤੋਂ ਹਮਾਇਤ ਦੀ ਮੰਗ ਕਰਦਿਆਂ ਆਜ਼ਾਦੀ ਦਾ ਅਪਣਾ ਨਿਸ਼ਾਨਾ ਦੁਹਰਾਇਆ

**ਨਿਊਯਾਰਕ/ਹੁਸਨ ਲੜੋਆ ਬੰਗਾ:** ਸਪੇਨ ਦੇ ਕੈਟਾਲੋਨੀਆ ਇਲਾਕੇ ਦੇ ਲੋਕ ਜਦੋਂ ਬੀਤੀ 1 ਅਕਤੂਬਰ ਨੂੰ ਰਿਫਰੈਂਡਮ (ਸਵੈ ਨਿਰਣੇ ਦੇ ਹੱਕ) ਲਈ ਵੋਟਿੰਗ ਪਾ ਰਹੇ ਸਨ ਤੇ ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਦਾ ਇਕ ਵਫਦ ਬਾਰਸੀਲੋਨਾ ਵਿਚ ਮੌਜੂਦ ਸੀ ਜੋ ਕਿ ਪੰਜਾਬ ਇੰਡੀਪੈਂਡੈਂਸ ਰਿਫਰੈਂਡਮ ਲਈ ਸਮਰਥਨ ਜੁਟਾਉਣ ਲਈ ਆਇਆ ਹੋਇਆ ਸੀ। ਅਮਰੀਕਾ, ਕੈਨੇਡਾ ਅਤੇ ਯੂਰਪ ਤੋਂ ਆਏ ਸਿਖਸ ਫਾਰ ਜਸਟਿਸ ਦੇ ਇਸ ਵਫ਼ਦ ਨੇ ਕੈਟਾਲੋਨੀਆ ਸਰਕਾਰ ਦੇ ਅਧਿਕਾਰੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਭਾਰਤ ਵਿਚ ਸਿੱਖਾਂ ਦੀ ਸਥਿਤੀ ਤੋਂ ਜਾਣੂ ਕਰਵਾਇਆ ਕਿ ਕਿਵੇਂ ਪੰਜਾਬ ਦੇ ਲੋਕਾਂ ਦੀ ਭਾਸ਼ਾਈ, ਸਭਿਆਚਾਰਕ ਅਤੇ ਧਾਰਮਿਕ ਪਛਾਣ ਖਤਮ ਕਰ ਲਈ ਗਈ ਹੈ, ਉਨ੍ਹਾਂ ਦੇ ਕੁਦਰਤੀ ਸਾਧਨਾਂ ਨੂੰ ਬਾਹਰ ਲਿਜਾਇਆ ਜਾ ਰਿਹਾ ਅਤੇ ਉਨ੍ਹਾਂ ਦੀ ਖੁਦਮੁਖਤਿਆਰੀ ਦੇ ਅਧਿਕਾਰਾਂ ਦੇ ਸੰਘਰਸ਼ ਨੂੰ ਦਬਾਇਆ ਜਾ ਰਿਹਾ ਹੈ।

ਪੰਜਾਬ ਇੰਡੀਪੈਂਡੈਂਸ ਰਿਫਰੈਂਡਮ ਲਈ ਸਮੁੱਚੇ ਵਿਸ਼ਵ ਦੇ ਰਿਫਰੈਂਡਮ ਦੀ ਮੰਗ ਕਰਨ ਵਾਲੇ ਦੇਸ਼ਾਂ ਤੋਂ ਸਮਰਥਨ ਜੁਟਾਇਆ ਜਾ ਰਿਹਾ ਹੈ ਜਿਸ ਦੀ ਮੁਹਿੰਮ ਤਹਿਤ ਸਿਖਸ ਫਾਰ ਜਸਟਿਸ ਦਾ ਵਫਦ ਕੈਟਾਲੋਨੀਆ ਦੇ ਸਿੰਚਾਈ ਮੰਤਰੀ ਨੂੰ ਮਿਲਿਆ। ਦਸਣਯੋਗ ਹੈ ਕਿ ਕੈਟਾਲੋਨੀਆ ਦੇ ਖੇਤਰ ਨੇ ਕੇਂਦਰ ਸਰਕਾਰ ਦੀ ਭਾਰੀ ਵਿਰੋਧ ਦਾ ਸਾਹਮਣਾ ਕਰਦਿਆਂ ਅਤੇ ਸਪੇਨ ਦੇ ਸੰਵਿਧਾਨ ਦੀ ਸਪਸ਼ਟ ਉਲੰਘਣਾ ਕਰਦਿਆਂ ਇੰਡੀਪੈਂਡੈਂਸ ਰਿਫਰੈਂਡਮ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਿਆ। 90 ਫੀਸਦੀ ਕੈਟਾਲੋਨੀਆ ਦੇ ਰਾਸ਼ਟਰਪਤੀ ਕਾਰਲਸ ਪੁਗਡੀਮੌਂਟ ਵੱਲੋਂ ਇਸ ਸਬੰਧ ਵਿਚ ਮੰਗਲਵਾਰ ਨੂੰ ਸੰਸਦ ਨੂੰ ਸੰਬੋਧਨ ਵਿਚ ਰਸਮੀ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ।

ਕੈਟਾਲੋਨੀਆ ਸਪੇਨ ਦਾ ਸਭ ਤੋਂ ਅਮੀਰ ਅਤੇ ਬਹੁਤ ਹੀ ਉਸਾਰੂ ਖੇਤਰ ਹੈ ਅਤੇ ਇਸ ਦਾ ਇਤਿਹਾਸ ਬਹੁਤ ਪੁਰਾਣਾ ਲਗਭਗ 1000 ਸਾਲ ਪੁਰਾਣਾ ਹੈ। ਸਪੇਨਿਸ਼ ਸਿਵਲ ਜੰਗ ਤੋਂ ਪਹਿਲਾਂ ਇਸ ਖੇਤਰ ਨੂੰ ਖੁਦਮੁਖਤਿਆਰੀ ਪ੍ਰਾਪਤ ਸੀ ਪਰ ਸੰਨ 1939 ਤੋਂ ਸੰਨ 1975 ਵਿਚ ਜਨਰਲ ਫਰਾਂਸਿਸਕੋ ਫਰੈਂਕੋ ਦੇ ਦਹਾਕਿਆਂ ਦੀ ਤਾਨਾਸ਼ਾਹੀ ਨੇ ਇਸ ਨੂੰ ਦਬਾ ਦਿੱਤਾ ਗਿਆ ਸੀ। ਜਦੋਂ ਫਰੈਂਕੋ ਦੀ ਮੌਤ ਹੋਈ ਕੈਟਲਾਨ ਰਾਸ਼ਟਰਵਾਦ ਨੂੰ ਮੁੜ ਸੁਰਜੀਤ ਕੀਤਾ ਗਿਆ ਅਤੇ 1978 ਦੇ ਸੰਵਿਧਾਨ ਤਹਿਤ ਇਸ ਉਤਰ ਪੂਰਬੀ ਖੇਤਰ ਨੂੰ ਇਕ ਵਾਰ ਫਿਰ ਖੁਦਮੁਖਤਿਆਰੀ ਦਾ ਦਰਜਾ ਦੇ ਦਿੱਤਾ ਗਿਆ ਸੀ।

ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ, ਜਿਹੜੇ ਕਿ 27 ਸਤੰਬਰ ਤੋਂ ਬਾਰਸੀਲੋਨਾ ਵਿਚ ਮੁਹਿੰਮ ਚਲਾ ਰਹੇ ਸਨ ਨੇ ਕਿਹਾ ਕਿ ਕੈਟਾਲੋਨੀਆ ਅਤੇ ਕੁਰਦਾਂ (ਇਰਾਕ ਦਾ ਇਲਾਕਾ), ਜਿਨ੍ਹਾਂ ਦੇ ਸਭਿਆਚਾਰ ਅਤੇ ਭਾਸ਼ਾ ਨੂੰ ਖਤਮ ਕਰਨ ਦੇ ਕੰਢੇ ਲਿਆ ਖੜ੍ਹਾ ਕਰ ਦਿੱਤਾ ਹੈ, ਦੀ ਤਰ੍ਹਾਂ ਹੀ ਸਿੱਖਾਂ ਦੀ ਵਖਰੀ ਧਾਰਮਿਕ, ਸਭਿਆਚਾਰਕ ਅਤੇ ਭਾਸ਼ਾਈ ਪਛਾਣ ਨੂੰ ਭਾਰਤ ਵੱਲੋਂ 1947 ਤੋਂ ਖਤਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਸਿੱਖਾਂ ਵੱਲੋਂ ਭਾਰਤੀ ਸਵਿਧਾਨ ਨੂੰ ਮੰਨਣ ਤੋਂ ਸਪਸ਼ਟ ਇਨਕਾਰ ਕੀਤਾ ਗਿਆ ਸੀ ਤੇ ਉਨ੍ਹਾਂ ਨੂੰ ਆਪਣੀ ਰਾਏ ਦੇਣ ਦਾ ਇਕ ਵੀ ਮੌਕਾ ਨਹੀਂ ਦਿੱਤਾ ਗਿਆ ਕਿ ਉਨ੍ਹਾਂ ਤੋਂ ਪੁਛਿਆ ਜਾਵੇ ਕਿ ਕੀ ਉਹ ਭਾਰਤੀ ਸੰਘ ਵਿਚ ਰਹਿਣਾ ਚਾਹੁੰਦੇ ਹਨ ਜਾਂ ਆਜ਼ਾਦ ਦੇਸ਼ ਬਣਾਉਣਾ ਚਾਹੁੰਦੇ ਹਨ।

ਦਸਣਯੋਗ ਹੈ ਕਿ ਇਸ ਤੋਂ ਪਹਿਲਾਂ ਸਿਖਸ ਫਾਰ ਜਸਟਿਸ ਦਾ ਵਫਦ ਕੁਰਦਿਸਤਾਨ ਵਿਚ ਸੀ ਜੋ ਕਿ ਕੁਰਦਿਸਤਾਨ ਦੇ ਚੋਣ ਕਮਿਸ਼ਨ ਦੇ ਸੱਦੇ 'ਤੇ ਕੌਮਾਂਤਰੀ ਅਬਜ਼ਰਵਰ ਵਜੋਂ ਗਿਆ ਸੀ ਤੇ ਬੀਤੀ 25 ਸਤੰਬਰ ਨੂੰ ਇੱਥੇ ਹੋਈ ਇੰਡੀਪੈਂਡੈਂਸ ਰਿਫਰੈਂਡਮ ਦੀ ਵੋਟਿੰਗ ਪ੍ਰਕ੍ਰਿਆ ਦੀ ਨਿਗਰਾਨੀ ਕ ਰਿਹਾ ਸੀ।

ਸਿਖਸ ਫਾਰ ਜਸਟਿਸ ਸਾਲ 2020 ਵਿਚ ਪਾਬੰਦੀ ਰਹਿਤ ਰਿਫਰੈਂਡਮ ਦੀ ਮੁਹਿੰਮ ਚਲਾ ਰਿਹਾ ਜਿਸ ਵਿਚ ਲੋਕਾਂ ਨੂੰ ਇਸ ਆਧਾਰ 'ਤੇ ਵੋਟ ਪਾਉਣ ਲਈ ਕਿਹਾ ਜਾਵੇਗਾ ਕਿ 'ਮੈਂ ਭਾਰਤੀ ਕਬਜੇ ਵਾਲੇ ਪੰਜਾਬ ਵਿਚ ਇਕ ਪ੍ਰਭੁਸੱਤਾ ਪ੍ਰਾਪਤ ਅਤੇ ਆਜ਼ਾਦ ਦੇਸ਼ ਦੇ ਨਿਰਮਾਣ ਦੀ ਇੱਛਾ ਰੱਖਦਾ ਹਾਂ ਇਸ ਆਧਾਰ 'ਤੇ ਕਿ ਸਿੱਖ ਪੰਜਾਬ ਦੇ ਮੂਲ ਵਾਸੀ ਹਨ, ਉਨ੍ਹਾਂ ਦੀ ਆਪਣੀ ਇਤਿਹਾਸਿਕ ਮਾਤਭੂਮੀ ਹੈ, ਇਕ ਵਖਰਾ ਧਰਮ ਹੈ ਅਤੇ ਸੰਯੁਕਤ ਰਾਸ਼ਟਰ ਦੇ ਇੰਟਰਨੈਸ਼ਨਲ ਕੋਵਨੈਂਟ ਆਨ ਸਿਵਲ ਐਂਡ ਪੋਲਿਟਿਕਲ ਰਾਈਟਸ ਅਤੇ ਇੰਟਰਨੈਸ਼ਨਲ ਕੋਲਨੈਂਟ ਆਨ ਇਕੋਨਾਮਿਕਸ, ਸੋਸ਼ਲ ਅਤੇ ਕਲਚਰਲ ਰਾਈਟਸ ਦੇ ਚਾਰਟਰ ਦੀ ਧਾਰਾ 1 ਤਹਿਤ ਖੁਦਮੁਖਤਿਆਰੀ ਦੇ ਅਧਿਕਾਰ ਦਾ ਹੱਕਦਾਰ ਹਾਂ।

ਇਹ ਪਾਬੰਦੀ ਰਹਿਤ ਪੰਜਾਬ ਇੰਡੀਪੈਂਡੈਂਸ ਰਿਫਰੈਂਡਮ ਨੂੰ ਆਜ਼ਾਦ ਤੇ ਅਸਰ ਰਸੂਖ ਵਾਲੇ ਸੰਗਠਣ ਚਲਾਉਣਗੇ ਅਤੇ ਇਸ ਦੀ ਨਿਗਰਾਨੀ ਕੌਮਾਂਤਰੀ ਐਨ ਜੀ ਓਜ਼ ਅਤੇ ਮਨੁੱਖੀ ਅਧਿਕਾਰ ਕਾਰਕੁੰਨਾ ਵੱਲੋਂ ਕੀਤੀ ਜਾਵੇਗੀ। 2020 ਵਿਚ ਪੰਜਾਬ ਸੂਬੇ ਤੋਂ ਇਲਾਵਾ ਉਤਰੀ ਅਮਰੀਕਾ, ਯੂਰਪ, ਆਸਟਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ, ਫਿਲਪਾਈਨ, ਸਿੰਗਾਪੁਰ, ਕੀਨੀਆ ਅਤੇ ਮੱਧ ਪੂਰਬ ਦੇਸ਼ਾਂ ਦੇ ਪ੍ਰਮੁੱਖ ਸ਼ਹਿਰਾਂ ਵਿਚ ਵੀ ਵੋਟਿੰਗ ਕਰਵਾਈ ਜਾਵੇਗੀ।

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿੰਘ ਸਾਹਿਬਾਨ ਨੇ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਨੂੰ ਸਿੱਖ ਪੰਥ 'ਚੋਂ ਛੇਕਿਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਮੁਤਵਾਜ਼ੀ ਜਥੇਦਾਰਾਂ ਵੱਲੋਂ ਕੀਤੇ ਗਏ ਫ਼ੈਸਲੇ ਮਗਰੋਂ ਅਕਾਲ ਤਖ਼ਤ ਤੋਂ ਪੰਜ ਜਥੇਦਾਰਾਂ ਨੇ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਨੂੰ ਪਰ ਨਾਰੀ ਨਾਲ ਸਬੰਧ ਰੱਖਣ ਦੀ ਬਜਰ ਕੁਰਹਿਤ ਦੇ ਦੋਸ਼ ਹੇਠ ਸਿੱਖ ਪੰਥ ਵਿੱਚੋਂ ਛੇਕ ਦਿੱਤਾ ਹੈ। ਤਖ਼ਤ ਨੇ ਸਿੱਖ ਸੰਸਥਾਵਾਂ ਨੂੰ ਆਖਿਆ ਕਿ ਜੇਕਰ ਇਹ ਵਿਅਕਤੀ ਕਿਸੇ ਸੰਸਥਾ ਦਾ ਮੈਂਬਰ ਹੈ ਤਾਂ ਇਸ ਨੂੰ ਤੁਰੰਤ ਬਰਖਾਸਤ ਕਰ ਦਿੱਤਾ ਜਾਵੇ। ਹੁਕਮਨਾਮੇ ਵਿਚ ਕਿਸੇ ਵੀ ਧਾਰਮਿਕ ਅਸਥਾਨ ਵਿੱਚ ਉਸ ਦੇ ਨਾਂ ਦੀ ਅਰਦਾਸ ਨਾ ਕਰਨ ਦੀ ਤਾੜਨਾ ਵੀ ਕੀਤੀ ਗਈ। ਇਹ ਹੁਕਮਨਾਮਾ ਅਕਾਲ ਤਖ਼ਤ ਦੀ ਫ਼ਸੀਲ ਤੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਸੰਗਤਾਂ ਨੂੰ ਸੁਣਾਇਆ। ਇਸ ਤੋਂ ਪਹਿਲਾਂ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਧਾਰਮਿਕ ਸਲਾਹਕਾਰ ਕਮੇਟੀ ਦੇ ਮੈਂਬਰਾਂ ਨਾਲ ਮੀਟਿੰਗ ਹੋਈ, ਜਿਸ ਵਿਚ ਸੁੱਚਾ ਸਿੰਘ ਲੰਗਾਹ ਦੀ ਅਸ਼ਲੀਲ ਵੀਡੀਓ ਅਤੇ ਪੁਲੀਸ ਵੱਲੋਂ ਦਰਜ ਕੀਤੇ ਮਾਮਲੇ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਉਪਰੰਤ ਪੰਜ ਜਥੇਦਾਰਾਂ ਦੀ ਮੀਟਿੰਗ ਵਿੱਚ ਉਸ ਨੂੰ ਪੰਥ ਵਿੱਚੋਂ ਛੇਕਣ ਦਾ ਫੈਸਲਾ ਕੀਤਾ ਗਿਆ। ਇਕੱਤਰਤਾ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਗ੍ਰੰਥੀ ਗਿਆਨੀ ਜਗਤਾਰ ਸਿੰਘ ਸ਼ਾਮਲ ਸਨ।



ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ (ਸੱਜਿਓਂ ਦੂਜੇ) ਅਕਾਲ ਤਖ਼ਤ ਤੋਂ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਬਾਰੇ ਐਲਾਨ ਕਰਦੇ ਹੋਏ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਸੁੱਚਾ ਸਿੰਘ ਲੰਗਾਹ ਖਿਲਾਫ਼ ਸਿੱਖ ਸੰਗਤ ਵੱਲੋਂ ਵੱਡੇ ਪੱਧਰ 'ਤੇ ਸ਼ਿਕਾਇਤਾਂ ਪੁੱਜੀਆਂ ਸਨ। ਇਸ ਤੋਂ ਇਲਾਵਾ ਅਖ਼ਬਾਰਾਂ ਅਤੇ ਇਲੈਕਟਰੋਨਿਕ ਮੀਡੀਆ ਰਾਹੀਂ ਵੀ ਇਸ ਦੀ ਭਾਰੀ ਚਰਚਾ ਹੋਈ ਹੈ। ਅਕਾਲੀ ਆਗੂ ਦੀ ਇਸ ਬਦਇਖਲਾਕੀ ਵਾਲੀ ਕਾਰਵਾਈ ਕਾਰਨ ਜਿੱਥੇ ਸਿੱਖ ਸੰਗਤਾਂ ਦੇ ਮਨਾਂ ਨੂੰ ਠੇਸ ਪੁੱਜੀ ਹੈ, ਉਥੇ ਸਿੱਖ ਕਿਰਦਾਰ ਨੂੰ ਵੀ ਢਾਹ ਲੱਗੀ ਹੈ। ਉਨ੍ਹਾਂ ਦੱਸਿਆ ਕਿ ਪੰਜ ਜਥੇਦਾਰਾਂ ਨੇ ਸ੍ਰੀ ਲੰਗਾਹ ਨੂੰ ਸਿੱਖ ਰਹਿਤ ਮਰਿਆਦਾ ਅਨੁਸਾਰ ਬਜਰ ਕੁਰਹਿਤ ਕਰਨ ਦਾ ਦੋਸ਼ੀ ਮੰਨਿਆ ਹੈ। ਮਾਮਲੇ ਦੀ ਗੰਭੀਰਤਾ ਅਤੇ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਉਸ ਨੂੰ ਪੰਥ ਵਿੱਚੋਂ ਛੇਕਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਸਲਾਹਕਾਰ ਕਮੇਟੀ ਵੱਲੋਂ ਵੀ ਇਸੇ ਸਜ਼ਾ 'ਤੇ ਮੋਹਰ ਲਾਈ ਗਈ ਸੀ। ਉਨ੍ਹਾਂ ਸਮੂਹ ਸਿੱਖ ਸੰਗਤ ਨੂੰ ਆਦੇਸ਼ ਦਿੱਤਾ ਕਿ ਉਸ ਨਾਲ ਕਿਸੇ ਕਿਸਮ ਦੀ ਸਾਂਝ ਨਾ ਰੱਖੀ ਜਾਵੇ, ਉਸ ਦਾ ਨਾਂ ਲੈ ਕੇ ਕਿਸੇ ਵੀ ਗੁਰਦੁਆਰੇ ਵਿੱਚ ਅਰਦਾਸ ਨਾ ਕੀਤੀ ਜਾਵੇ ਅਤੇ ਸਿੱਖ ਸੰਸਥਾਵਾਂ ਉਸ ਨੂੰ ਬਤੌਰ ਮੈਂਬਰ ਤੁਰੰਤ ਬਰਖਾਸਤ ਕਰਨ। ਉਨ੍ਹਾਂ ਦੱਸਿਆ ਕਿ ਇਕੱਤਰਤਾ ਵਿੱਚ ਫੈਸਲਾ ਕੀਤਾ ਗਿਆ ਹੈ ਕਿ ਬਜਰ ਕੁਰਹਿਤ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਭਵਿੱਖ ਵਿਚ ਕਿਸੇ ਧਾਰਮਿਕ ਸੰਸਥਾ ਦੀ ਨੁਮਾਇੰਦਗੀ ਨਾ ਦਿੱਤੀ ਜਾਵੇ ਅਤੇ ਅਹੁਦੇਦਾਰ ਬਣਾਉਣ ਤੋਂ ਪਹਿਲਾਂ ਉਸ ਦੇ ਕਿਰਦਾਰ ਨੂੰ ਧਿਆਨ ਵਿੱਚ ਰੱਖਿਆ ਜਾਵੇ। ਇਸ ਦੌਰਾਨ ਗੁਰਦਾਸਪੁਰ ਦੇ ਗੁਰਦੁਆਰਾ ਛੋਟਾ ਘੱਲੂਘਾਰਾ ਦੇ ਮਾਮਲੇ ਵਿਚ ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਾਸਟਰ ਜੋਹਰ ਸਿੰਘ ਨੂੰ ਆਦੇਸ਼ ਦਿੱਤਾ ਕਿ ਉਹ 13 ਅਕਤੂਬਰ ਨੂੰ ਅਕਾਲ ਤਖਤ 'ਤੇ ਪੇਸ਼ ਹੋ ਕੇ ਆਪਣਾ ਪੱਖ ਸਪਸ਼ਟ ਕਰਨ। ਨਹੀਂ ਤਾਂ ਉਸ ਨੂੰ ਬਾਗ਼ੀ ਸਮਝਦੇ ਹੋਏ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਉਸ ਨੂੰ ਦੋ ਵਾਰ ਪੇਸ਼ ਹੋਣ ਲਈ ਸਮਾਂ ਦਿੱਤਾ ਜਾ ਚੁੱਕਾ ਹੈ। ਇਕ ਸਵਾਲ ਦੇ ਜਵਾਬ ਵਿੱਚ ਗੁਰਦੁਆਰਾ ਕਮੇਟੀ ਦੇ ਆਗੂ ਬੂਟਾ ਸਿੰਘ ਸਬੰਧੀ ਕਾਰਵਾਈ ਬਾਰੇ ਉਨ੍ਹਾਂ ਕਿਹਾ ਕਿ ਇਹ ਮਾਮਲਾ 13 ਅਕਤੂਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਸੱਦੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ। ਯਾਦ ਰਹੇ ਕਿ ਬੂਟਾ ਸਿੰਘ ਖਿਲਾਫ਼ ਵੀ ਸੁੱਚਾ ਸਿੰਘ ਲੰਗਾਹ ਵਾਂਗ ਬਜਰ ਕੁਰਹਿਤ ਦਾ ਦੋਸ਼ ਹੈ।

**ਲੰਗਾਹ ਮੈਡੀਕਲ ਕਾਲਜ ਟਰੱਸਟ ਦੇ ਮੈਂਬਰ ਵਜੋਂ ਵੀ ਫਾਰਗ :**

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਨੇ ਸੁੱਚਾ ਸਿੰਘ ਲੰਗਾਹ ਨੂੰ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਟਰੱਸਟ ਵਿੱਚੋਂ ਬਤੌਰ ਮੈਂਬਰ ਬਰਖਾਸਤ ਕਰ ਦਿੱਤਾ ਹੈ। ਲੰਗਾਹ ਨੂੰ ਹਾਲ ਹੀ ਵਿੱਚ ਟਰੱਸਟ ਦੇ ਨਵੇਂ ਮੈਂਬਰਾਂ ਵਜੋਂ ਨਾਮਜ਼ਦ ਕੀਤਾ ਗਿਆ ਸੀ। ਟਰੱਸਟ ਦੇ ਪ੍ਰਬੰਧ ਹੇਠ ਮੈਡੀਕਲ ਯੂਨੀਵਰਸਿਟੀ, ਡੈਂਟਲ ਕਾਲਜ ਅਤੇ ਚੈਰੀਟੇਬਲ ਹਸਪਤਾਲ ਚਲ ਰਹੇ ਹਨ।

## ਮੁਤਵਾਜ਼ੀ ਜਥੇਦਾਰਾਂ ਨੇ ਵੀ ਲੰਗਾਹ ਤੇ ਬੂਟਾ ਸਿੰਘ ਨੂੰ ਪੰਥ ਵਿੱਚੋਂ ਛੇਕਿਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਮੁਤਵਾਜ਼ੀ ਜਥੇਦਾਰਾਂ ਨੇ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਅਤੇ ਗੁਰਦੁਆਰਾ ਛੋਟਾ ਘੱਲੂਘਾਰਾ, ਕਾਹਨੂੰਵਾਨ ਦੇ ਸਕੱਤਰ ਬੂਟਾ ਸਿੰਘ ਨੂੰ ਗੈਰ ਔਰਤਾਂ ਨਾਲ ਕੁਕਰਮ ਕਰਨ ਦੀ ਬਜਰ ਕੁਰਹਿਤ ਦੇ ਦੋਸ਼ ਹੇਠ ਪੰਥ ਵਿੱਚੋਂ ਖਾਰਜ ਕਰਨ ਦਾ ਹੁਕਮਨਾਮਾ ਜਾਰੀ ਕੀਤਾ ਹੈ। ਇਹ ਹੁਕਮਨਾਮਾ ਇੱਥੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਮੁਤਵਾਜ਼ੀ ਜਥੇਦਾਰਾਂ ਵਿੱਚ ਸ਼ਾਮਲ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ, ਭਾਈ ਅਮਰੀਕ ਸਿੰਘ ਅਜਨਾਲਾ, ਭਾਈ ਮੇਜਰ ਸਿੰਘ ਤੇ ਭਾਈ ਸੂਬਾ ਸਿੰਘ ਨੇ ਮੀਡੀਆ ਨੂੰ ਜਾਰੀ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਵਿਖੇ ਮੱਥਾ ਟੇਕਿਆ।ਭਾਈ ਮੰਡ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਨੂੰ ਰਾਜਸੀ ਤਾਕਤ ਦੀ ਦੁਰਵਰਤੋਂ ਕਰਦਿਆਂ ਸਿੱਖ ਰਹਿਤ ਮਰਿਆਦਾ ਦੇ ਉਲਟ ਜਾ ਕੇ ਇੱਕ ਮਜਬੂਰ ਔਰਤ ਨਾਲ ਕੁਕਰਮ ਕਰਨ ਦੇ ਦੋਸ਼ ਹੇਠ ਸਿੱਖੀ ਵਿੱਚੋਂ ਖਾਰਜ ਕੀਤਾ ਜਾਂਦਾ ਹੈ। ਉਨ੍ਹਾਂ ਨੇ ਸਿੱਖ ਸੰਗਤ ਨੂੰ ਆਦੇਸ਼ ਦਿੱਤਾ ਕਿ ਸੁੱਚਾ ਸਿੰਘ ਲੰਗਾਹ ਨਾਲ ਕਿਸੇ ਵੀ ਤਰ੍ਹਾਂ ਦਾ ਸਿੱਖੀ ਸਬੰਧ ਨਾ ਰੱਖਣ ਕਿਉਂਕਿ ਉਸ ਨੇ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਤਹਿਤ ਬਜਰ ਕੁਰਹਿਤ ਕੀਤੀ ਹੈ।

ਇੱਕ ਹੋਰ ਆਦੇਸ਼ ਜਾਰੀ ਕਰਦਿਆਂ ਕਾਹਨੂੰਵਾਨ ਦੇ ਗੁਰਦੁਆਰਾ ਘੱਲੂਘਾਰਾ ਸਾਹਿਬ ਦੇ ਪ੍ਰਬੰਧਕੀ ਟਰਸੱਟ ਦੇ ਸਕੱਤਰ ਬੂਟਾ ਸਿੰਘ ਨੂੰ ਇੱਕ ਗੈਰ ਔਰਤ ਨਾਲ ਕੁਕਰਮ (ਬਜਰ ਕੁਰਹਿਤ) ਕਰਨ ਦੇ ਦੋਸ਼ ਹੇਠ ਪੰਥ ਵਿੱਚੋਂ ਛੇਕਣ ਦਾ ਐਲਾਨ ਕੀਤਾ ਹੈ। ਉਨ੍ਹਾਂ ਆਖਿਆ ਕਿ ਇਸ ਵਿਅਕਤੀ ਨੂੰ ਮੌਕੇ 'ਤੇ ਸਿੱਖ ਸੰਗਤ ਵੱਲੋਂ ਕਾਬੂ ਕੀਤਾ ਗਿਆ ਸੀ ਅਤੇ ਇਸ ਸਬੰਧੀ ਬਣਾਈ ਗਈ ਜਾਂਚ ਕਮੇਟੀ ਵੱਲੋਂ ਵੀ ਇਸ ਨੂੰ ਦੋਸ਼ੀ ਪਾਇਆ ਗਿਆ ਹੈ। ਉਨ੍ਹਾਂ ਸਿੱਖ ਸੰਗਤ ਨੂੰ ਆਖਿਆ ਕਿ ਇਸ ਵਿਅਕਤੀ ਨਾਲ ਕਿਸੇ ਕਿਸਮ ਦਾ ਵੀ ਸਬੰਧ ਨਾ ਰੱਖਿਆ ਜਾਵੇ। ਟਰਸੱਟ ਦੇ ਪ੍ਰਧਾਨ ਮਾਸਟਰ ਜੌਹਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਵਿਖੇ 12 ਅਕਤੂਬਰ ਨੂੰ ਤਲਬ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਾਂਚ ਕਮੇਟੀ ਨੇ ਇਸ ਵਿਅਕਤੀ ਨੂੰ ਗੁਰਦੁਆਰਾ ਪ੍ਰਬੰਧਾਂ ਵਿੱਚ ਮਰਿਆਦਾ ਦੀ ਉਲੰਘਣਾ ਲਈ ਦੋਸ਼ੀ ਪਾਇਆ ਹੈ।

ਭਾਈ ਮੰਡ ਨੇ ਖੁਲਾਸਾ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ 14 ਅਕਤੂਬਰ ਨੂੰ ਕੋਟਕਪੂਰਾ ਵਿਖੇ ਕਾਂਗਰਸ ਸਰਕਾਰ ਖ਼ਿਲਾਫ਼ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਗੋਲੀ ਕਾਂਡ ਦਾ ਇਨਸਾਫ ਦਿਵਾਉਣ ਲਈ ਜਨਤਕ ਵਾਅਦਾ ਕੀਤਾ ਸੀ ਪਰ ਹੁਣ ਤੱਕ ਇਹ ਵਾਅਦਾ ਪੂਰਾ ਨਹੀਂ ਹੋਇਆ।

## ਲੰਗਾਹ ਦੇ ਪੁਲੀਸ ਰਿਮਾਂਡ 'ਚ 3 ਦਿਨ ਦਾ ਵਾਧਾ

***ਸਫ਼ਾ ਇਕ ਦਾ ਬਾਕੀ***

ਇਸੇ ਦੌਰਾਨ ਪੁਲੀਸ ਨੇ ਲੰਗਾਹ ਖਿਲਾਫ਼ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਧਾਰਾ 295ਏ ਤਹਿਤ ਇਕ ਹੋਰ ਕੇਸ ਦਰਜ ਕਰ ਲਿਆ ਹੈ। ਉਸ ਨੇ ਪਿਛਲੇ ਬੁੱਧਵਾਰ ਗੁਰਦਾਸਪੁਰ ਦੀ ਅਦਾਲਤ ਵਿਚ ਸਮਰਪਣ ਕੀਤਾ ਸੀ ਜਿਸ ਮਗਰੋਂ ਉਸ ਨੂੰ 5 ਦਿਨਾਂ ਦੇ ਪੁਲੀਸ ਰਿਮਾਂਡ 'ਤੇ ਭੇਜਿਆ ਗਿਆ ਸੀ। ਜ਼ਿਕਰਯੋਗ ਹੈ ਕਿ ਲੰਗਾਹ ਦੀ ਅਸ਼ਲੀਲ ਵੀਡੀਓ ਵਾਇਰਲ ਹੋਣ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਅਤੇ ਹੋਰ ਸਿੱਖ ਸੰਗਠਨਾਂ ਵੱਲੋਂ ਉਸ ਖ਼ਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਉਨ੍ਹਾਂ ਜ਼ਿਲ੍ਹਾ ਪੁਲੀਸ ਮੁਖੀ ਨੂੰ ਮੰਗ-ਪੱਤਰ ਵੀ ਸੌਂਪਿਆ ਸੀ। ਸਿਟੀ ਪੁਲੀਸ ਗੁਰਦਾਸਪੁਰ ਵਿਖੇ ਸਿੱਖ ਸੰਗਠਨਾਂ ਦੀ ਸ਼ਿਕਾਇਤ ਉਤੇ ਕਾਰਵਾਈ ਕਰਦਿਆਂ ਲੰਗਾਹ ਖਿਲਾਫ਼ ਪਹਿਲਾਂ ਦਰਜ ਕੇਸਾਂ ਵਿੱਚ ਧਾਰਾ 295ਏ ਵੀ ਜੋੜ ਲਈ ਗਈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਅਗਵਾਈ ਹੇਠ ਸਿੰਘ ਸਾਹਿਬਾਨਾਂ ਦੀ ਵੀਰਵਾਰ ਨੂੰ ਹੋਈ ਬੈਠਕ ਦੌਰਾਨ ਲੰਗਾਹ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ।

ਪੁਲੀਸ ਨੇ ਲੰਗਾਹ ਕੋਲੋਂ ਪੁੱਛ-ਪੜਤਾਲ ਕਰਨ ਲਈ ਅਦਾਲਤ ਤੋਂ 10 ਰੋਜ਼ਾ ਰਿਮਾਂਡ ਦੀ ਮੰਗ ਕੀਤੀ ਸੀ ਪਰ ਅਦਾਲਤ ਨੇ ਪੰਜ ਦਿਨਾ ਰਿਮਾਂਡ ਦਿੱਤਾ। ਮੁਲਜ਼ਮ ਦਾ ਰੋਜ਼ਾਨਾ ਮੈਡੀਕਲ ਕਰਵਾਇਆ ਜਾਵੇਗਾ। ਇਸ ਦੌਰਾਨ ਜ਼ਿਲ੍ਹਾ ਕਚਹਿਰੀ ਕੰਪਲੈਕਸ ਅਤੇ ਅਦਾਲਤ ਦੇ ਬਾਹਰ ਵੱਡੀ ਗਿਣਤੀ ਵਿੱਚ ਪੁਲੀਸ ਫੋਰਸ ਤਾਇਨਾਤ ਰਹੀ। ਮੁਲਜ਼ਮ ਜਦੋਂ ਆਪਣੇ ਵਕੀਲ ਨੂੰ ਲੈ ਕੇ ਅਦਾਲਤ ਪੁੱਜਿਆ ਤਾਂ ਉਸ ਦਾ ਲੜਕਾ ਸੋਨੂੰ ਲੰਗਾਹ ਵੀ ਨਾਲ ਸੀ।

ਇਸ ਮੌਕੇ ਲੰਗਾਹ ਨੇ ਕਿਹਾ ਸੀ ਕਿ ਅਦਾਲਤ ਵਿੱਚ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇਗਾ। ਇਸ ਤੋਂ ਪਹਿਲਾਂ ਉਸ ਨੇ ਚੰਡੀਗੜ੍ਹ ਦੀ ਅਦਾਲਤ ਵਿੱਚ ਸਮਰਪਣ ਕਰਨ ਦੀ ਕੋਸ਼ਿਸ਼ ਕੀਤੀ ਪਰ ਅਦਾਲਤ ਨੇ ਗੁਰਦਾਸਪੁਰ ਜਾਣ ਲਈ ਆਖ ਦਿੱਤਾ ਸੀ। ਇਸ ਮਗਰੋਂ ਮੁਲਜ਼ਮ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਅਗਾਊਂ ਜ਼ਮਾਨਤ ਲਈ ਅਰਜ਼ੀ ਵੀ ਦਾਇਰ ਕੀਤੀ ਸੀ, ਜੋ ਮਨਜ਼ੂਰ ਨਹੀਂ ਹੋਈ। ਗੌਰਤਲਬ ਹੈ ਕਿ ਲੰਗਾਹ ਦੇ ਖਿਲਾਫ਼ 29 ਸਤੰਬਰ ਨੂੰ ਪੁਲੀਸ ਵਿੱਚ ਤਾਇਨਾਤ ਇੱਕ ਵਿਧਵਾ ਔਰਤ ਨਾਲ ਜਬਰ-ਜਨਾਹ ਅਤੇ ਧੋਖਾਧੜੀ ਕਰਨ ਦਾ ਕੇਸ ਦਰਜ ਹੈ। ਇਸ ਦੌਰਾਨ ਹੀ ਅਦਾਲਤ ਵਿੱਚ ਪੇਸ਼ੀ ਦੌਰਾਨ ਹਮਾਇਤੀਆਂ ਵੱਲੋਂ ਲੰਗਾਹ ਦੇ ਹੱਕ ਵਿੱਚ ਕੀਤੀ ਨਾਅਰੇਬਾਜ਼ੀ ਦੀ ਸਖ਼ਤ ਨਿਖੇਧੀ ਕਰਦਿਆਂ ਸਿੱਖ ਨੁਮਾਇੰਦਿਆਂ ਨੇ ਮੰਗ ਕੀਤੀ ਹੈ ਕਿ ਅਜਿਹਾ ਕਰਨ ਵਾਲਿਆਂ ਨੂੰ ਸ੍ਰੀ ਅਕਾਲ ਤਖ਼ਤ ਉੱਤੇ ਤਲਬ ਕੀਤਾ ਜਾਣਾ ਚਾਹੀਦਾ ਹੈ।

**ਸਤਿਕਾਰ ਕਮੇਟੀ ਨੇ ਫੂਕਿਆ ਪੁਤਲਾ :**

ਅਦਾਲਤ ਵਲੋਂ ਸੁੱਚਾ ਸਿੰਘ ਲੰਗਾਹ ਨੂੰ ਪੁਲਿਸ ਰਿਮਾਂਡ 'ਤੇ ਭੇਜਣ ਉਪਰੰਤ ਜਦੋਂ ਸਿਟੀ ਪੁਲਿਸ ਗੁਰਦਾਸਪੁਰ ਦੀ ਗੱਡੀ ਸੁੱਚਾ ਸਿੰਘ ਲੰਗਾਹ ਨੂੰ ਬਿਠਾ ਕੇ ਥਾਣੇ ਵੱਲ ਰਵਾਨਾ ਹੋਈ ਤਾਂ ਅਦਾਲਤ ਕੰਪਲੈਕਸ ਦੇ ਬਾਹਰ ਪਹਿਲਾਂ ਤੋਂ ਹੀ ਹਾਜ਼ਰ ਸਤਿਕਾਰ ਕਮੇਟੀ ਦੇ ਮੈਂਬਰਾਂ ਨੇ 'ਲੰਗਾਹ ਮੁਰਦਾਬਾਦ' ਦੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਬਾਅਦ ਵਿਚ ਸਤਿਕਾਰ ਕਮੇਟੀ ਦੇ ਮੈਂਬਰਾਂ ਨੇ ਪ੍ਰਧਾਨ ਬਲਬੀਰ ਸਿੰਘ ਮੁੱਛਲ ਦੀ ਅਗਵਾਈ ਵਿਚ ਕਚਹਿਰੀ ਦੇ ਬਾਹਰ ਹੀ ਲੰਗਾਹ ਦਾ ਪੁਤਲਾ ਵੀ ਫੂਕਿਆ। ਇਸ ਮੌਕੇ ਸਤਿਕਾਰ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਏਨੀ ਘਿਣਾਉਣੀ ਹਰਕਤ ਕਰਨ ਵਾਲੇ ਸੁੱਚਾ ਸਿੰਘ ਲੰਗਾਹ ਖਿਲਾਫ਼ ਤਖ਼ਤਾਂ ਦੇ ਜਥੇਦਾਰਾਂ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਮੌਕੇ ਕਮੇਟੀ ਦੇ ਮੈਂਬਰਾਂ ਨੇ ਐਸ.ਐਸ.ਪੀ. ਗੁਰਦਾਸਪੁਰ ਨੂੰ ਮੰਗ ਪੱਤਰ ਦਿੰਦੇ ਹੋਏ ਕਿਹਾ ਕਿ ਸੁੱਚਾ ਸਿੰਘ ਲੰਗਾਹ ਨੇ ਜੋ ਲੋਕਾਂ ਦੀਆਂ ਧਾਰਮਿਕ ਭਾਵਨਾਵਾਂਨੂੰ ਸੱਟ ਮਾਰੀ ਹੈ, ਇਸ ਸਬੰਧੀ ਵੀ ਇਸ ਉੱਪਰ ਮਾਮਲਾ ਦਰਜ ਕੀਤਾ ਜਾਵੇ।

# ਮਸਲਾ ਲੰਗਾਹ, ਮਿਸਾਲ ਆਹ...!

**ਤਰਲੋਚਨ ਸਿੰਘ ਦੁਪਾਲਪੁਰ**
(001-408-915-1268)

ਬਚਪਨ ਵੇਲੇ ਦੀ ਗੱਲ ਹੈ ਕਿ ਸਾਡੇ ਪਿੰਡ ਵਿਚਲੇ ਘਰ ਦੇ ਆਲੇ ਦੁਆਲੇ ਢੇਰਾਂ ਉੱਤੇ ਸਰਵ੍ਹਾੜ ਅਤੇ ਕੱਖ ਕਾਨੇ ਬਹੁਤ ਹੁੰਦੇ ਸਨ। ਜੋ ਬਰਸਾਤ ਦੇ ਮੌਸਮ ਵਿਚ ਜੰਗਲ ਦਾ ਰੂਪ ਹੀ ਧਾਰ ਲੈਂਦੇ। ਇਸ ਕਰਕੇ



ਸਾਡੇ ਆਂਢ ਗਆਂਢ ਦੇ ਘਰਾਂ ਵਾੜਿਆਂ ਵਿਚ ਸੱਪ ਸਪੋਲੀਏ ਨਿਕਲਣੇ ਆਮ ਜਿਹੀ ਗੱਲ ਹੋ ਗਈ ਸੀ। ਅਕਸਰ ਰੋਜ਼ਾਨਾ ਹੀ ਕਿਸੇ ਨਾ ਕਿਸੇ ਘਰੋਂ ਸ਼ਾਮ ਪੈਂਦਿਆਂ ਹੀ 'ਸੱਪ ਓਏ ਸੱਪ ਓਏ' ਦਾ ਰੌਲਾ ਪੈ ਜਾਂਦਾ। ਰੇਡੀਓ ਟੀ ਵੀ ਜਾਂ ਹੋਰ ਮਸ਼ੀਨਰੀ ਦੇ ਸ਼ੋਰ ਪ੍ਰਦੂਸ਼ਣ ਤੋਂ ਮੁਕੰਮਲ ਮੁਕਤ ਉਦੋਂ ਦੇ ਸ਼ਾਂਤ ਮਾਹੌਲ ਵਿਚ 'ਸੱਪ ਓਏ' ਦੀਆਂ ਅਵਾਜ਼ਾਂ ਸੁਣ ਕੇ ਲਾਗ ਪਾਸ ਦੇ ਮੁੰਡਿਆਂ ਬੁੱਢਿਆਂ ਨੇ ਝੱਟ ਲਾਠੀਆਂ ਸੋਟੇ ਲੈ ਕੇ ਦੌੜ ਪੈਣਾ।

ਘਰ ਦੇ ਜਿਸ ਜੀਅ ਨੇ ਸੱਪ ਦੇਖਿਆ ਹੁੰਦਾ ਸੀ ਉਸ ਨੇ ਦੂਰੋਂ ਖੜ੍ਹ ਕੇ ਉਂਗਲੀਆਂ ਨਾਲ ਇਸ਼ਾਰੇ ਕਰੀ ਜਾਣੇ ਤੇ ਬਾਕੀ ਜੀਆ ਜੰਤ ਭੈਅ ਭੀਤ ਹੋ ਕੇ ਘਰੋਂ ਬਾਹਰ ਖੜ੍ਹੇ ਰਹਿੰਦੇ। ਕਦੇ ਕਦੇ ਸੱਪ ਛਿਪਨ ਵੀ ਹੋ ਜਾਂਦਾ ਅਤੇ ਕਦੇ ਅੜਿੱਕੇ ਆਇਆ ਰਗੜਿਆ ਵੀ ਜਾਂਦਾ। ਸਾਡੇ ਗੁਆਂਢ ਵਿਚ ਇਕ ਗਪੌੜੀ ਜਿਹੇ ਸੁਭਾਅ ਦਾ ਬੰਦਾ ਹਮੇਸ਼ਾਂ ਹੀ ਸੱਪ ਮਾਰਨ ਲਈ ਆਏ 'ਜਥੇ' ਵਿਚ ਸਭ ਤੋਂ ਬਾਅਦ ਵਿਚ ਸ਼ਾਮਲ ਹੁੰਦਾ। ਸੱਪ ਮਾਰ ਹੁੰਦਾ ਦੇਖਣ ਆਏ ਸਾਰੇ ਤਮਾਸ਼ਬੀਨਾਂ ਦੇ ਝੁਰਮੁਟ ਵਿਚੋਂ ਉਸਨੇ ਪਾਸੇ ਹਟੀਂ ਓਏ, ਦੇਖੀਂ ਓਏ' ਕਹਿੰਦਿਆਂ ਮੋਹਰੇ ਆ ਜਾਣਾ। 'ਕਿਥੇ ਆ ਕਿੱਥੇ ਆ ਸੱਪ ? ਪੁੱਛਦੇ ਨੂੰ ਮੁੰਡਿਆਂ ਖੁੰਡਿਆਂ ਨੇ ਹੱਸਦਿਆਂ ਹੋਇਆ ਇਸ਼ਾਰਾ ਕਰਨਾ

'ਤਾਇਆ, ਔਹ ਦੇਖ ਬੜੀ ਮੁਸ਼ਕਿਲ ਨਾਲ ਮਾਰਿਆ ਅਸੀਂ।"

ਸੱਪ ਐਸਾ ਅਜ਼ੀਬ ਜਾਨਵਰ ਹੈ ਕਿ ਇਹ ਮੋਹਰਿਉਂ ਭਾਵੇਂ ਸਾਰਾ ਚਿੱਥਿਆ ਪਿਆ ਹੋਵੇ ਪਰ ਮਾਰੇ ਜਾਣ ਤੋਂ ਬਾਅਦ ਵੀ ਉਸਦੀ ਪੂਛ ਪਲਸੇਟੇ ਜਿਹੇ ਮਾਰਦੀ ਰਹਿੰਦੀ ਹੈ। ਇੰਜ ਲਾਠੀਆਂ ਸੋਟਿਆਂ ਨਾਲ ਚਿੱਥੇ ਪਏ ਸੱਪ ਦੀ ਪੂਛ ਹਿਲਦੀ ਦੇਖ ਕੇ ਉਸ 'ਗਪੌੜੀ ਤਾਏ' ਨੇ ਇਕ ਦਮ ਭੁੜਕ ਪੈਣਾ। ਹਿਲਦੀ ਪੂਛ 'ਤੇ ਉਪਰੋਥਲੀ ਸੋਟੀਆਂ ਮਾਰਦੇ ਨੇ ਕਹਿਣਾ "ਹੂੰਆ ਅੰਨ੍ਹੇ ਆਂ ਤੁਸੀਂ ਕੌਣ ਕਹਿੰਦੈ ਇਹਨੂੰ ਮਾਰਿਆ ਵਾ ? --ਏ -ਏ, ਆਹ ਦੇਖ ਤਾਂ, --ਹੁਣ ਮਾਰਿਆ ਐ।"

ਇਵੇਂ 'ਬਹਾਦਰੀ' ਦਿਖਾ ਕੇ ਉਸਨੇ ਬੜਾ 'ਤੀਸ ਮਾਰ ਖਾਂ' ਬਣਦਿਆਂ ਬਿਨਾ ਕਹੇ ਹੀ ਘਰ ਦਿਆਂ ਦੇ ਮੰਜੇ ਉੱਤੇ ਬਹਿ ਜਾਣਾ। ਮੁੰਡਿਆਂ



ਖੁੰਡਿਆਂ ਨੂੰ ਮਰਿਆ ਸੱਪ ਦੱਬਣ ਦੀਆਂ ਬਿਨਾ ਪੁੱਛੀਆਂ 'ਹਦਾਇਤਾਂ' ਦੇ ਕੇ ਉਸਨੇ ਸੱਪ ਮਾਰਨ ਦੀਆਂ ਆਪਣੀਆਂ ਪੁਰਾਣੀਆਂ ਗੱਪ ਕਥਾਵਾਂ ਇਉਂ ਛੋਹ ਲੈਣੀਆਂ, ਜਿਵੇਂ ਸਾਬਕਾ ਫੌਜੀ ਖੁੰਢ ਤੇ ਬੈਠੇ ਆਪਣੇ ਜੰਗੀ ਕਾਰਨਾਮੇ ਸੁਣਾਉਣੇ ਹੁੰਦੇ ਹਨ।

ਵਿੱਚੋਂ ਅਸਲ ਗੱਲ ਇਹ ਹੁੰਦੀ ਸੀ ਕਿ ਉਹ ਮੁਫ਼ਤ ਦੀਆਂ ਛਕਣ ਛਕਾਉਣ ਦਾ ਬੜਾ ਸ਼ੌਕੀਨ ਸੀ। ਜਿਹਦੇ ਕਰਕੇ ਉਹ ਅਣ ਸੱਦਿਆ ਪ੍ਰਾਹੁਣਾ ਬਣਨ ਤੋਂ ਵੀ ਗੁਰੇਜ਼ ਨਾ ਕਰਦਾ। ਘਰਦਿਆਂ ਨੇ ਸੋਚਣਾ ਕਿ ਕਦੋਂ ਇਹ ਦਫਾ ਹੋਵੇ ਇੱਥੋਂ ਪਰ ਉਸ ਨੇ ਆਪਣਾ ਤਕੀਆ ਕਲਾਮ 'ਲਉ ਜੀ-- ?' ਕਹਿ ਕੇ ਐਸੀ ਪਾਣੀ 'ਚ ਮਧਾਣੀ ਪਾਉਣੀ ਕਿ ਆਪਦੀਆਂ ਸੱਪ ਕਹਾਣੀਆਂ ਨੂੰ ਰੋਟੀ ਟੁੱਕ ਕਰਨ ਦੇ ਵੇਲੇ ਤੱਕ ਖਿੱਚ ਕੇ ਲੈ ਜਾਣਾ।

ਹੁਣ ਇਸ ਕਹਾਣੀ ਵਿਚ ਮੱਲੋ ਮੱਲੀ ਬਣਦੇ ਨਾਇਕ ਨੂੰ ਮਨ ਚਿਤ ਰੱਖ ਕੇ ਜ਼ਰਾ ਸੁੱਚਾ ਸਿੰਘ ਲੰਗਾਹ ਵਿਰੁੱਧ ਜਥੇਦਾਰ ਅਕਾਲ ਤਖ਼ਤ ਦਾ 'ਸਖ਼ਤ ਅਤੇ ਫੁਰਤੀਲਾ' ਐਕਸ਼ਨ ਵਿਚਾਰੋ ਹੁਣ ਤੱਕ ਬਾਦਲ ਪਰਿਵਾਰ ਦਾ ਹੱਥੀਂ ਬੰਨ੍ਹੀ ਗੁਲਾਮ ਬਣਿਆ ਆ ਰਿਹਾ ਜਥੇਦਾਰ ਸਿੱਖ ਪੰਥ ਦਾ 'ਅਣਚਾਹਿਆ ਮਹਿਮਾਨ' ਨਹੀਂ ਬਣਿਆ ਹੋਇਆ ? ਸੁੱਚਾ ਸਿੰਘ ਲੰਗਾਹ ਦੀ ਹੱਦ ਸਿਰੇ ਦੀ ਬਦਇਖਲਾਕੀ ਕਰਤੂਤ ਦੇਖ ਸੁਣ ਕੇ ਸਾਰਾ ਪੰਥ 'ਥੂਹ ਥੂਹ ਕਰ ਰਿਹਾ ਸੀ। ਸਰਬੱਤ ਖਾਲਸਾ ਵਾਲੇ ਜਥੇਦਾਰਾਂ ਨੇ ਉਸ ਨੂੰ ਪੰਥ 'ਚੋਂ ਕੱਢ ਦਿੱਤਾ। ਇਹੋ ਜਿਹੇ ਹਾਲਾਤ ਵਿਚ ਗਿਆਨੀ ਗੁਰਬਚਨ ਸਿੰਘ ਨੇ ਆਪਣੇ ਮਾਲਕਾਂ ਦੇ ਅਣਸਰਦੀ ਵਿਚ ਲਏ ਫੈਸਲੇ 'ਤੇ ਮੋਹਰ ਲਾ ਕੇ ਭਲਾ ਕਿਹੜਾ ਕੱਦੂ 'ਚ ਤੀਰ ਮਾਇਆ ਹੈ ?

ਆਪਣੀ ਰਿਜ਼ਕ ਰੋਟੀ ਦੀ ਚਿੰਤਾ ਤੇ ਉਸ ਦੀ ਸ਼ਲਾਮਤੀ ਖਾਤਰ "ਮਰ ਜਾਉ ਚਿੜੀਉ ਜੀਅ ਪਉ ਚਿੜੀਓ'" ਵਾਂਗ ਮਾਲਕਾਂ ਦਾ ਹੁਕਮ ਵਜਾਉਂਦੇ ਆ ਰਹੇ ਜਥੇਦਾਰ ਨੇ ਬੱਚੇ ਬੱਚੇ ਦੀ ਨਜ਼ਰ 'ਚੋਂ ਗਿਰ ਚੁੱਕੇ ਲੰਗਾਹ ਦੇ ਮਾਮਲੇ 'ਚ ਸਾਡੇ ਪਿੰਡ ਵਾਲੇ ਗਪੌੜੀ ਤਾਏ ਵਾਂਗ ਮਰੇ ਹੋਏ ਸੱਪ ਦੇ ਸੋਟੀਆਂ ਨਹੀਂ ਮਾਰੀਆਂ ?

# ਜਬਰ ਜਨਾਹ ਮਾਮਲਾ : ਸਲਾਰੀਆ 'ਤੇ ਦੋਸ਼ ਲਾਉਣ ਵਾਲੀ ਔਰਤ ਨੇ ਸੁਪਰੀਮ ਕੋਰਟ 'ਚ ਕੀਤੀ ਅਪੀਲ

**ਨਵੀਂ ਦਿੱਲੀ/ਬਿਊਰੋ ਨਿਊਜ਼** :ਗੁਰਦਾਸਪੁਰ ਜ਼ਿਮਨੀ ਚੋਣ ਤੋਂ ਐਨ ਪਹਿਲਾਂ ਭਾਜਪਾ ਦੇ ਉਮੀਦਵਾਰ ਸਵਰਨ ਸਲਾਰੀਆ ਵਿਵਾਦਾਂ ਦੇ ਘੇਰੇ ਹੇਠ ਆ ਗਏ ਹਨ। ਸਲਾਰੀਆ 'ਤੇ ਜਬਰ ਜਨਾਹ, ਧੋਖਾਧੜੀ ਅਤੇ ਜਾਨ ਤੋਂ ਮਾਰਨ ਦੀ ਧਮਕੀ ਦਾ ਦੋਸ਼ ਲਾਉਣ ਵਾਲੀ ਔਰਤ ਨੇ ਹਾਈ ਕੋਰਟ ਦੇ ਆਦੇਸ਼ ਨੂੰ ਚੁਣੌਤੀ ਦਿੰਦਿਆਂ ਅਤੇ ਮਾਮਲੇ ਦੀ ਸੀ. ਬੀ. ਆਈ. ਜਾਂਚ ਦੀ ਮੰਗ ਕਰਦਿਆਂ ਸੁਪਰੀਮ ਕੋਰਟ ਦਾ ਰੁਖ ਕੀਤਾ ਹੈ। ਚੋਣਾਂ ਤੋਂ ਐਨ ਪਹਿਲਾਂ ਸੁਪਰੀਮ ਕੋਰਟ ਦਾ ਰੁਖ ਕਰਨ ਨੂੰ ਸਿਆਸੀ ਕਾਰਨਾਂ ਨਾਲ ਜੋੜਨ ਤੋਂ ਇਨਕਾਰ ਕਰਦਿਆਂ ਕਾਮਿਨੀ ਕੌਸ਼ਲ ਨੇ ਕਿਹਾ ਕਿ ਉਹ ਦਸੰਬਰ 2014 ਤੋਂ ਇਹ ਲੜਾਈ ਲੜ ਰਹੀ ਹੈ। ਪਰ ਸਲਾਰੀਆ ਦੇ ਪੈਸੇ ਅਤੇ ਅਹੁਦੇ ਦੇ ਅਸਰ ਰਸੂਖ ਕਾਰਨ ਕੇਸ ਕਿਸੇ ਵੀ ਨਤੀਜੇ 'ਤੇ ਨਹੀਂ ਪਹੁੰਚ ਰਿਹਾ ਸੀ, ਜਿਸ ਕਾਰਨ ਉਸ ਨੇ ਸੁਪਰੀਮ ਕੋਰਟ ਤੋਂ ਨਿਆਂ ਮੰਗਣ ਦਾ ਫੈਸਲਾ ਕੀਤਾ।



ਕਾਮਿਨੀ ਕੌਸ਼ਲ ਨੇ ਕਿਹਾ ਕਿ 15 ਦਸੰਬਰ, 2014 ਨੂੰ ਉਸ ਨੇ ਥਾਣੇ ਵਿਚ ਸਲਾਰੀਆ 'ਤੇ ਵਿਆਹ ਦਾ ਲਾਰਾ ਦੇ ਕੇ ਜਬਰ ਜਨਾਹ ਅਤੇ ਧੋਖਾਧੜੀ ਦਾ ਮਾਮਲਾ ਦਰਜ ਕਰਵਾਇਆ ਸੀ। ਉਸ ਨੇ ਕਿਹਾ ਕਿ ਸਲਾਰੀਆ ਅਤੇ ਉਹ 1982 ਤੋਂ 2014 ਤੱਕ ਸਬੰਧ ਵਿਚ ਰਹੇ। ਉਸ ਨੇ ਕਿਹਾ ਕਿ ਉਸ ਨੇ ਪੰਜਾਬ ਪ੍ਰਦੇਸ਼ ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਨਾਲ ਵੀ ਦੋ ਵਾਰ ਗੱਲ ਕਰ ਕੇ ਉਨ੍ਹਾਂ ਨੂੰ ਆਪਣੀ ਆਪ ਬੀਤੀ ਸੁਣਾਈ ਅਤੇ ਇਨਸਾਫ਼ ਦੇ ਹਵਾਲੇ ਨਾਲ ਸਲਾਰੀਆ ਨੂੰ ਟਿਕਟ ਨਾ ਦੇਣ ਦੀ ਮੰਗ ਕੀਤੀ। ਕੌਸ਼ਲ ਨੇ ਆਪਣੇ ਮੋਬਾਈਲ ਰਾਹੀਂ ਭਾਜਪਾ ਪ੍ਰਧਾਨ ਅਮਿਤ ਸ਼ਾਹ ਅਤੇ ਜਨਰਲ ਵੀ. ਕੇ. ਸਿੰਘ ਦੇ (ਅਗਸਤ ਅਤੇ ਸਤੰਬਰ 2017 ਵਿਚ) ਸਾਹਮਣੇ ਵੀ ਆਪਣੀ ਤਕਲੀਫ਼ ਰੱਖਣ ਦੀ ਗੱਲ ਕਹੀ। ਹਾਲਾਂਕਿ ਦੋਹਾਂ ਆਗੂਆਂ ਵਲੋਂ ਕਿਸੇ ਕਿਸਮ ਦਾ ਜਵਾਬ ਜਾਂ ਪ੍ਰਤੀਕਿਰਿਆ ਨਹੀਂ ਦਿੱਤੀ ਗਈ। ਮੁੰਬਈ ਦੀ ਕੌਸ਼ਲ ਦਾ ਕਹਿਣਾ ਹੈ ਕਿ ਉਸ ਨੇ ਐਫ. ਆਈ. ਆਰ. ਵਿਚ ਧਾਰਾ 376, 420 ਅਤੇ 506 ਦੇ ਤਹਿਤ ਮਾਮਲਾ ਦਰਜ ਕਰਵਾਇਆ ਸੀ। ਪਰ ਸਰਕਾਰੀਆ ਦੇ ਦਬਦਬੇ ਕਾਰਨ ਪੁਲਿਸ ਨੇ ਸਿਰਫ਼ ਧਾਰਾ 506 ਤਹਿਤ ਹੀ ਕੇਸ ਦਰਜ ਕੀਤਾ ਜਿਸ 'ਤੇ ਮੁੰਬਈ ਦੀ ਬਾਂਦਰਾ ਦੀ ਹੇਠਲੀ ਅਦਾਲਤ ਨੇ ਕੇਸ ਨੂੰ ਮੁੜ ਡੀ. ਐਸ. ਪੀ. ਰੈਂਕ ਦੇ ਅਧਿਕਾਰੀ ਕੋਲ ਮੁੜ ਪੜਤਾਲ ਦੇ ਆਦੇਸ਼ ਦਿੱਤੇ ਅਤੇ ਧਾਰਾ 376 (ਜਬਰ ਜਨਾਹ) ਅਤੇ 420 (ਧੋਖਾਧੜੀ) ਵੀ ਜੋੜਨ ਲਈ ਕਿਹਾ ਪੀੜਿਤਾ ਦਾ ਕਹਿਣਾ ਹੈ ਕਿ ਸਲਾਰੀਆ ਨੇ ਹਾਈ ਕੋਰਟ ਵਿਚ ਅਰਜ਼ੀ ਰਾਹੀਂ ਮੁੜ ਪੜਤਾਲ ਦੇ ਆਦੇਸ਼ 'ਤੇ ਰੋਕ ਲਗਵਾ ਦਿੱਤੀ। ਹਾਲਾਂਕਿ ਅਜੇ ਵੀ ਉਸ ਖਿਲਾਫ਼ ਧਾਰਾ 506 ਤਹਿਤ ਦੋਸ਼ ਪੱਤਰ ਦਰਜ ਹੈ। ਭਾਜਪਾ ਆਗੂ ਨੇ ਆਪਣੀ ਅਰਜ਼ੀ ਵਿਚ ਉਕਤ ਔਰਤ ਨਾਲ ਕਿਸੇ ਕਿਸਮ ਦਾ ਸਬੰਧ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਸ ਨਾਲ ਸਿਰਫ਼ ਇਕ ਫਲੈਟ ਦੀ ਖਰੀਦੋ-ਫ਼ਰੋਖ਼ਤ ਦਾ ਸਬੰਧ ਹੈ ਜਦਕਿ ਕੌਸ਼ਲ ਦਾ ਦਾਅਵਾ ਹੈ ਕਿ 1986 ਵਿਚ ਉਸ ਦੇ ਨਾਂਅ 'ਤੇ ਇਕ ਫਲੈਟ ਉਨ੍ਹਾਂ ਦੋਹਾਂ (ਸਲਾਰੀਆ ਅਤੇ ਉਸ ਨੇ) ਮਿਲ ਕੇ ਖ਼ਰੀਦਿਆ ਸੀ। ਕੌਸ਼ਲ ਨੇ ਇੰਨੇ ਸਾਲਾਂ ਵਿਚ ਸਲਾਰੀਆ ਵਲੋਂ ਕਿਸੇ ਕਿਸਮ ਦੀ ਵੀ ਮਾਲੀ ਪੇਸ਼ਕਸ਼ ਤੋਂ ਵੀ ਇਨਕਾਰ ਕੀਤਾ। ਜ਼ਿਕਰਯੋਗ ਹੈ ਕਿ ਪੰਜਾਬ ਦੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਅੰਮ੍ਰਿਤਸਰ ਵਿਖੇ ਪ੍ਰੈੱਸ ਕਾਨਫਰੰਸ ਕਰਕੇ ਉਕਤ ਕੇਸ ਦਾ ਹਵਾਲਾ ਦਿੰਦਿਆਂ ਭਾਜਪਾ ਆਗੂ ਦੀ ਉਮੀਦਵਾਰੀ ਰੱਦ ਕਰਨ ਦੀ ਮੰਗ ਕੀਤੀ ਸੀ।

**ਸਾਂਪਲਾ ਬੋਲੇ- ਦੋਸ਼ ਸਿੱਧ ਕੀਤੇ ਜਾਣ :**

ਪੰਜਾਬ ਪ੍ਰਦੇਸ਼ ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਨੇ ਕਿਹਾ ਕਿ ਕਿਸੇ 'ਤੇ ਇਲਜ਼ਾਮ ਲਾਉਣ ਨਾਲ ਦੋਸ਼ ਨਹੀਂ ਬਣਦਾ ਉਸ ਨੂੰ ਸਾਬਿਤ ਵੀ ਕਰਨਾ ਪੈਂਦਾ ਹੈ। ਸਾਂਪਲਾ ਨੇ ਮਾਮਲੇ 'ਤੇ ਪ੍ਰਤੀਕਿਰਿਆ ਕਰਦਿਆਂ ਇਹ ਵੀ ਕਿਹਾ ਕਿ ਸਿਆਸੀ ਪਾਰਟੀਆਂ ਨੂੰ ਅਜਿਹੇ ਮੌਕਿਆਂ (ਚੋਣਾਂ) 'ਤੇ ਨਿੱਜੀ ਇਲਜ਼ਾਮਾਂ ਨੂੰ ਹਥਿਆਰ ਨਹੀਂ ਬਣਾਉਣਾ ਚਾਹੀਦਾ।

## ਕਾਂਗਰਸ ਨੇ ਸਲਾਰੀਆ ਦੀ ਉਮੀਦਵਾਰੀ ਰੱਦ ਕਰਨ ਦੀ ਕੀਤੀ ਮੰਗ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਕਾਂਗਰਸ ਨੇ ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਲਈ ਦਾਖ਼ਲ ਕੀਤੇ ਹਲਫ਼ੀਆ ਬਿਆਨ ਵਿੱਚ ਅਹਿਮ ਤੱਥ ਛੁਪਾਉਣ ਬਦਲੇ ਭਾਜਪਾ ਉਮੀਦਵਾਰ ਸਵਰਨ ਸਲਾਰੀਆ ਦੀ ਉਮੀਦਵਾਰੀ ਰੱਦ ਕੀਤੇ ਜਾਣ ਦੀ ਮੰਗ ਕੀਤੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਬੁਲਾਰੇ ਗੁਰਪ੍ਰਤਾਪ ਸਿੰਘ ਮਾਨ ਦੀ ਅਗਵਾਈ ਹੇਠ ਕਾਂਗਰਸ ਦਾ ਵਫ਼ਦ ਇਥੇ ਮੁੱਖ ਚੋਣ ਅਧਿਕਾਰੀ ਨੂੰ ਮਿਲਿਆ ਤੇ ਮੰਗ ਪੱਤਰ ਦਿੱਤਾ।

ਵਫ਼ਦ ਨੇ ਮੰਗ ਪੱਤਰ ਵਿੱਚ ਕਿਹਾ ਕਿ ਕਾਮਿਨੀ ਕੌਸ਼ਲ ਨਾਂ ਦੀ ਔਰਤ ਦੀ ਸ਼ਿਕਾਇਤ 'ਤੇ ਸਾਲ 2014 ਵਿੱਚ ਭਾਜਪਾ ਉਮੀਦਵਾਰ ਸਵਰਨ ਸਲਾਰੀਆ ਖ਼ਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਅਤੇ ਜਾਂਚ ਉਪਰੰਤ ਉਸ ਖ਼ਿਲਾਫ਼ ਚਾਰਜਸ਼ੀਟ ਵੀ ਦਾਖ਼ਲ ਕੀਤੀ ਗਈ। ਮੰਗ ਪੱਤਰ ਵਿੱਚ ਦਾਅਵਾ ਕੀਤਾ ਗਿਆ ਕਿ ਸਲਾਰੀਆ ਦੀ ਬੇਨਤੀ 'ਤੇ ਅਦਾਲਤ ਨੇ ਧਾਰਾ 376 ਅਤੇ 420 'ਤੇ ਸਟੇਅ ਲਾ ਦਿੱਤੀ ਅਤੇ ਮੁੜ ਜਾਂਚ ਦੇ ਹੁਕਮ ਦਿੱਤੇ, ਪਰ ਧਾਰਾ 506 ਅਧੀਨ ਚਾਰਜਸ਼ੀਟ ਅਜੇ ਵੀ ਸਟੈਂਡ ਕਰਦੀ ਹੈ। ਸਲਾਰੀਆ ਨੇ ਐਫਆਈਆਰ ਰੱਦ ਕਰਨ ਲਈ ਸੁਪਰੀਮ ਕੋਰਟ ਵਿੱਚ ਕੇਸ ਦਾਇਰ ਕੀਤਾ ਹੈ ਜਿਸ ਦੀ ਅਗਲੀ ਸੁਣਵਾਈ 30 ਅਕਤੂਬਰ ਨੂੰ ਹੈ। ਵਫ਼ਦ ਨੇ ਕਿਹਾ ਕਿ ਇਨ੍ਹਾਂ ਤੱਥਾਂ ਤੋਂ ਸਪਸ਼ਟ ਹੈ ਕਿ ਸਲਾਰੀਆ ਖ਼ਿਲਾਫ਼ ਅਜੇ ਵੀ ਕੇਸ ਚੱਲ ਰਿਹਾ ਹੈ।

ਮੰਗ ਪੱਤਰ ਵਿੱਚ ਕੁਝ ਅਜਿਹੇ ਕੇਸਾਂ ਦਾ ਹਵਾਲਾ ਵੀ ਦਿੱਤਾ ਗਿਆ ਹੈ, ਜਿਨ੍ਹਾਂ ਵਿੱਚ ਗ਼ਲਤ ਜਾਣਕਾਰੀ ਦੇਣ ਬਦਲੇ ਅਦਾਲਤ ਨੇ ਕਾਰਵਾਈ ਕੀਤੀ ਸੀ। ਮਾਨ ਨੇ ਕਿਹਾ ਕਿ ਸਲਾਰੀਆ ਨੇ ਆਪਣੇ ਹਲਫ਼ੀਆ ਬਿਆਨ ਵਿੱਚ ਉਪਰੋਕਤ ਕੇਸ ਦੀ ਜਾਣਕਾਰੀ ਛੁਪਾਉਣ ਦਾ ਯਤਨ ਕੀਤਾ ਹੈ ਤੇ ਇਸ ਲਈ ਉਸ ਦੀ ਉਮੀਦਵਾਰੀ ਰੱਦ ਕੀਤੀ ਜਾਵੇ।

## ਨਾ ਮੈਂ ਕਾਂਗਰਸ ਤੇ ਨਾ ਅਕਾਲੀਆਂ 'ਚ ਜਾ ਰਿਹਾਂ : ਛੋਟੇਪੁਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਪਣਾ ਪੰਜਾਬ ਪਾਰਟੀ ਦੇ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਨੇ ਸਪਸ਼ਟ ਕੀਤਾ ਹੈ ਕਿ ਉਹ ਨਾ ਤਾਂ ਕਾਂਗਰਸ ਵਿਚ ਅਤੇ ਨਾ ਅਕਾਲੀ ਦਲ ਵਿੱਚ ਸ਼ਾਮਲ ਹੋ ਰਹੇ ਹਨ। ਸ੍ਰੀ ਛੋਟੇਪੁਰ ਨੇ ਉਨ੍ਹਾਂ ਦੇ ਕਾਂਗਰਸ ਅਤੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਦੀ ਮੀਡੀਆ ਵਿਚ ਹੋ ਰਹੀ ਚਰਚਾ ਨੂੰ ਪੂਰੀ ਤਰ੍ਹਾਂ ਗ਼ਲਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਿਆਸੀ ਆਗੂਆਂ ਨੂੰ ਆਪਣਾ ਅਕਸ ਬਣਾਉਣ ਵਿੱਚ ਦਹਾਕੇ ਲੱਗ ਜਾਂਦੇ ਹਨ ਤੇ ਮੀਡੀਆ ਨੂੰ ਕਿਸੇ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਉਣ ਦਾ ਕੋਈ ਹੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਮਿਲੇ ਸਨ ਤੇ ਉਸ ਤੋਂ ਬਾਅਦ ਕਾਂਗਰਸ ਅਤੇ ਅਕਾਲੀ ਦਲ ਦੇ ਆਗੂ ਵੀ ਮਿਲਦੇ ਰਹੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਆਪਣਾ ਪੰਜਾਬ ਪਾਰਟੀ ਇਮਾਨਦਾਰ ਸਿਆਸਤਦਾਨਾਂ ਦਾ ਬਦਲ ਪੇਸ਼ ਕਰਨ ਲਈ ਸਿਆਸੀ ਮੈਦਾਨ ਵਿੱਚ ਆਈ ਸੀ ਤੇ ਇਸੇ ਸਿਧਾਂਤ 'ਤੇ 2019 ਦੀਆਂ ਚੋਣਾਂ ਲੜੇਗੀ। ਸ੍ਰੀ ਛੋਟੇਪੁਰ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਗੁਰਦਾਸਪੁਰ ਜ਼ਿਮਨੀ ਚੋਣ ਵਿੱਚ ਸਰਕਾਰੀ ਤਾਕਤ ਦੀ ਹੋ ਰਹੀ ਦੁਰਵਰਤੋਂ ਨੂੰ ਮੁੱਖ ਰੱਖਦਿਆਂ ਚੋਣ ਨਾ ਲੜਨ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਵਿੱਚ ਮੁੱਖ ਮੁਕਾਬਲਾ ਕਾਂਗਰਸ ਅਤੇ ਅਕਾਲੀ-ਭਾਜਪਾ ਵਿਚਕਾਰ ਹੈ ਤੇ ਆਮ ਆਦਮੀ ਪਾਰਟੀ (ਆਪ) ਮੁਕਾਬਲੇ ਤੋਂ ਬਿਲਕੁਲ ਬਾਹਰ ਹੈ। ਸ੍ਰੀ ਛੋਟੇਪੁਰ ਨੇ ਗੁਰਦਾਸਪੁਰ ਦੇ ਲੋਕਾਂ ਨੂੰ ਇਮਾਨਦਾਰ ਉਮੀਦਵਾਰ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਪਾਰਟੀ ਦੇ ਸੂਬਾਈ ਆਗੂ ਐਚ.ਐਸ. ਕਿੰਗਰਾ, ਕਰਨਲ ਜਸਜੀਤ ਸਿੰਘ ਗਿੱਲ, ਤਰਲੋਚਨ ਸਿੰਘ ਲਾਲੀ, ਆਰ ਆਰ ਭਾਰਦਵਾਜ, ਜੇ.ਐਸ.ਧਾਲੀਵਾਲ, ਨਰਿੰਦਰ ਵਾਲੀਆ ਤੇ ਯਾਦਵਿੰਦਰ ਸਿੰਘ ਨੇ ਕਿਹਾ ਕਿ ਉਹ ਛੇਤੀ ਹੀ ਪਾਰਟੀ ਦੇ ਅਗਲੇ ਪ੍ਰੋਗਰਾਮ ਦਾ ਐਲਾਨ ਕਰਨਗੇ।

# ਆਪਣਾ ਪੰਜਾਬ ਪਾਰਟੀ ਸੰਕਟ 'ਚ : ਸਲਾਰੀਆ ਦੇ ਹੱਕ ਵਿਚ ਡਟੇ ਕਿੰਗਰਾ ਤੇ ਭਾਰਦਵਾਜ

**ਚੰਡੀਗੜ੍ਹ/ਬਿਊਰੋ ਨਿਊਜ਼ :** 'ਆਪਣਾ ਪੰਜਾਬ ਪਾਰਟੀ' ਦੇ ਕੁਝ ਆਗੂਆਂ ਵੱਲੋਂ ਨਾਟਕੀ ਢੰਗ ਨਾਲ ਗੁਰਦਾਸਪੁਰ ਜ਼ਿਮਨੀ ਚੋਣ ਲਈ ਅਕਾਲੀ ਦਲ-ਭਾਜਪਾ ਗੱਠਜੋੜ ਦੇ ਉਮੀਦਵਾਰ ਸਵਰਨ ਸਲਾਰੀਆ ਨੂੰ ਸਮਰਥਨ ਦੇਣ ਦਾ ਐਲਾਨ ਕਰਨ ਨਾਲ ਪਾਰਟੀ ਵਿੱਚ ਘਚੋਲਾ ਪੈ ਗਿਆ ਹੈ। ਦੱਸਣਯੋਗ ਹੈ ਕਿ 2 ਦਿਨ ਪਹਿਲਾਂ ਪਾਰਟੀ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਨੇ ਆਪਣੀ ਸਮੁੱਚੀ ਲੀਡਰਸ਼ਿਪ ਸਮੇਤ ਇੱਥੇ ਪ੍ਰੈੱਸ ਕਾਨਫਰੰਸ ਕਰ ਕੇ ਜ਼ਿਮਨੀ ਚੋਣ ਦੌਰਾਨ ਕਿਸੇ ਵੀ ਪਾਰਟੀ ਨੂੰ ਹਮਾਇਤ ਦੇਣ ਤੋਂ ਇਨਕਾਰ ਕਰਦਿਆਂ ਵੋਟਰਾਂ ਨੂੰ ਜ਼ਮੀਰ ਦੀ ਆਵਾਜ਼ ਨਾਲ ਵੋਟ ਪਾਉਣ ਦੀ ਅਪੀਲ ਕੀਤੀ ਸੀ।

ਹੰਗਾਮੀ ਹਾਲਤ ਵਿੱਚ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਆਰ.ਆਰ. ਭਾਰਦਵਾਜ (ਸਾਬਕਾ ਆਈਏਐੱਸ ਅਧਿਕਾਰੀ) ਤੇ ਜਨਰਲ ਸਕੱਤਰ ਹਰਦੀਪ ਸਿੰਘ ਕਿੰਗਰਾ (ਸਾਬਕਾ ਅਧਿਕਾਰੀ) ਅਤੇ ਪਟਿਆਲਾ ਜ਼ਿਲ੍ਹੇ ਦੇ ਪ੍ਰਧਾਨ ਅਮਰਿੰਦਰ ਸਿੰਘ ਤੁੜ ਨੇ ਇੱਥੇ ਪਾਰਟੀ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਦੀ ਗ਼ੈਰਹਾਜ਼ਰੀ ਵਿੱਚ ਪ੍ਰੈੱਸ ਕਾਨਫਰੰਸ ਕਰ ਕੇ ਸ੍ਰੀ ਸਲਾਰੀਆ ਦਾ ਸਮਰਥਨ ਕਰਨ ਦਾ ਐਲਾਨ ਕੀਤਾ। ਇਸ ਮੌਕੇ ਸ੍ਰੀ ਕਿੰਗਰਾ ਅਤੇ ਸ੍ਰੀ ਭਾਰਦਵਾਜ ਨੇ ਦਾਅਵਾ ਕੀਤਾ ਕਿ ਸ੍ਰੀ ਛੋਟੇਪੁਰ ਸਮੇਤ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਇਹ ਫ਼ੈਸਲਾ ਸਾਂਝੇ ਤੌਰ 'ਤੇ ਕੀਤਾ ਹੈ। ਦੋਵਾਂ ਨੇ ਸਪਸ਼ਟ ਕੀਤਾ ਕਿ ਉਹ ਸ੍ਰੀ ਸਲਾਰੀਆ ਨੂੰ ਅਕਾਲੀ ਦਲ-ਭਾਜਪਾ ਦੇ ਸਾਂਝੇ ਉਮੀਦਵਾਰ ਵਜੋਂ ਨਹੀਂ ਸਗੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਉਸਾਰੂ ਨੀਤੀਆਂ ਕਾਰਨ ਹਮਾਇਤ ਦੇ ਰਹੇ ਹਨ। ਉਨ੍ਹਾਂ ਅਸਿੱਧੇ ਢੰਗ ਨਾਲ ਇਹ ਦੱਸਣ ਦਾ ਯਤਨ ਕੀਤਾ ਕਿ ਉਨ੍ਹਾਂ ਅਕਾਲੀ ਦਲ ਨੂੰ ਨਹੀਂ ਸਗੋਂ ਭਾਜਪਾ ਨੂੰ ਹਮਾਇਤ ਕੀਤੀ ਹੈ। ਸ੍ਰੀ ਕਿੰਗਰਾ ਨੇ ਭਾਜਪਾ ਨੂੰ ਪੰਜਾਬ ਹਿੱਤੂ ਪਾਰਟੀ ਗਰਦਾਨਦਿਆਂ ਮੋਦੀ ਸਰਕਾਰ ਦੀਆਂ ਨੋਟਬੰਦੀ ਅਤੇ ਜੀਐਸਟੀ ਦੀਆਂ ਨੀਤੀਆਂ ਦਾ ਗੁਣਗਾਣ ਕੀਤਾ। ਜਦੋਂ ਸ੍ਰੀ ਕਿੰਗਰਾ ਨੂੰ ਪੁੱਛਿਆ ਗਿਆ ਕਿ ਉਹ ਆਰਆਰਐਸ ਦੀਆਂ ਨੀਤੀਆਂ ਨਾਲ ਸਹਿਮਤ ਹਨ ਤਾਂ ਉਨ੍ਹਾਂ ਗੋਲ-ਮੋਲ ਜਵਾਬ ਦੇ ਕੇ ਖਹਿੜਾ ਛੁਡਾਇਆ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਪਾਰਟੀ ਲੀਡਰਸ਼ਿਪ ਨੇ ਫੋਨਾਂ ਰਾਹੀਂ ਚੱਲਦਿਆਂ-ਫਿਰਦਿਆਂ ਹੰਗਾਮੀ ਹਾਲਤ ਵਿੱਚ ਲਿਆ ਹੈ। ਸ੍ਰੀ ਕਿੰਗਰਾ ਦੀ ਪ੍ਰੈੱਸ ਕਾਨਫਰੰਸ ਤੋਂ 2 ਘੰਟਿਆਂ ਬਾਅਦ ਹੀ ਪਾਰਟੀ ਬੁਲਾਰੇ ਤੇ ਸ੍ਰੀ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪ੍ਰਧਾਨ ਤਰਲੋਚਨ ਸਿੰਘ ਲਾਲੀ, ਮਹਿਲਾ ਵਿੰਗ ਦੀ ਪ੍ਰਧਾਨ ਪਰਵਿੰਦਰ ਕੌਰ ਅਤੇ ਇੱਕ ਹੋਰ ਬੁਲਾਰੇ ਜੋਗਾ ਸਿੰਘ ਚੱਪਰ ਨੇ ਹੰਗਾਮੀ ਹਾਲਤ ਵਿੱਚ ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੁਝ ਆਗੂਆਂ ਨੇ ਇਸ ਫ਼ੈਸਲੇ ਨਾਲ ਸਿਆਸੀ ਖ਼ੁਦਕੁਸ਼ੀ ਕਰ ਲਈ ਹੈ ਅਤੇ ਇਹ ਪਾਰਟੀ ਦਾ ਸਮੁੱਚਾ ਫ਼ੈਸਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸ੍ਰੀ ਕਿੰਗਰਾ ਤੇ ਸ੍ਰੀ ਭਾਰਦਵਾਜ ਵੱਲੋਂ ਨਿੱਜੀ ਫ਼ਾਇਦੇ ਲਈ ਇਹ ਫ਼ੈਸਲਾ ਕੀਤਾ ਜਾਪਦਾ ਹੈ ਅਤੇ ਇਸ ਨਾਲ ਸ੍ਰੀ ਛੋਟੇਪੁਰ ਦੀ ਸਹਿਮਤੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਹਮਾਇਤ ਕਰਨ ਦਾ ਸਿੱਧਾ ਅਰਥ ਹੈ ਕਿ 'ਆਪਣਾ ਪੰਜਾਬ ਪਾਰਟੀ' ਦੇ ਕੁਝ ਲੀਡਰਾਂ ਨੇ ਸਿਆਸੀ ਖ਼ੁਦਕੁਸ਼ੀ ਕਰ ਲਈ ਹੈ ਕਿਉਂਕਿ ਇਸ ਪਾਰਟੀ ਨਾਲ ਸਿਧਾਂਤਕ ਤੌਰ 'ਤੇ ਸਾਂਝ ਪਾਉਣੀ ਸੰਭਵ ਹੀ ਨਹੀਂ ਹੈ। 'ਆਪਣਾ ਪੰਜਾਬ ਪਾਰਟੀ' ਦੇ ਮੁੱਖ ਬੁਲਾਰੇ ਤੇ ਮੀਤ ਪ੍ਰਧਾਨ ਕਰਨਲ ਜਸਜੀਤ ਸਿੰਘ ਗਿੱਲ ਨੇ ਫ਼ੋਨ ਰਾਹੀਂ ਸਪਸ਼ਟ ਕੀਤਾ ਕਿ ਇਹ ਪਾਰਟੀ ਦਾ ਨਹੀਂ, ਕੁਝ ਆਗੂਆਂ ਦਾ ਨਿੱਜੀ ਫ਼ੈਸਲਾ ਹੈ।



ਆਰ.ਆਰ. ਭਾਰਦਵਾਜ ਤੇ ਐੱਚ.ਐੱਸ. ਕਿੰਗਰਾ, ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰ ਸਵਰਨ ਸਲਾਰੀਆ ਦੀ ਹਮਾਇਤ ਕਰਨ ਦਾ ਐਲਾਨ ਕਰਦੇ ਹੋਏ।

# ਸਹਿਜਧਾਰੀ ਸਿੱਖ ਪਾਰਟੀ ਨੇ ਗੁਰਦਾਸਪੁਰ ਜ਼ਿਮਨੀ ਚੋਣ 'ਚ ਕੀਤੀ ਕਾਂਗਰਸ ਦੀ ਹਮਾਇਤ

**ਬਟਾਲਾ/ਬਿਊਰੋ ਨਿਊਜ਼:** ਗੁਰਦਾਸਪੁਰ ਜ਼ਿਮਨੀ ਚੋਣ ਵਿਚ ਕਾਂਗਰਸੀ ਉਮੀਦਵਾਰ ਸੁਨੀਲ ਕੁਮਾਰ ਜਾਖੜ ਨੂੰ ਉਸ ਵੇਲੇ ਭਾਰੀ ਬਲ ਮਿਲਿਆ, ਜਦੋਂ ਸਹਿਜਧਾਰੀ ਸਿੱਖਾਂ ਨੇ ਆਪਣਾ ਸਮਰਥਨ ਕਾਂਗਰਸ ਪਾਰਟੀ ਨੂੰ ਦੇ ਦਿੱਤਾ। ਸਹਿਜਧਾਰੀ ਸਿੱਖ ਪਾਰਟੀ ਦੇ ਕੌਮੀ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂੰ ਨੇ ਕਿਹਾ ਕਿ ਗੁਰਦਾਸਪੁਰ ਜ਼ਿਲ੍ਹੇ ਵਿਚ ਸਹਿਜਧਾਰੀ ਸਿੱਖਾਂ ਦੀ ਇਕ ਵੱਡੀ ਗਿਣਤੀ ਹੈ, ਜੋ ਲਗਪਗ 4.5 ਲੱਖ ਦੇ ਕਰੀਬ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਹਮੇਸ਼ਾ ਕਾਂਗਰਸ ਪਾਰਟੀ ਦਾ ਸਮਰਥਨ ਕਰਦੀ ਰਹੀ ਹੈ ਅਤੇ ਇਸ ਵਾਰ ਵੀ ਉਹ ਕਾਂਗਰਸੀ ਉਮੀਦਵਾਰ ਸੁਨੀਲ ਜਾਖੜ ਦਾ ਸਾਥ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੌਰਾਨ ਗੁਰਦੁਆਰਾ ਚੋਣ ਕਮਿਸ਼ਨ ਦੇ ਸਰਕਾਰੀ ਅੰਕੜਿਆਂ ਮੁਤਾਬਕ ਗੁਰਦੁਆਰਾ ਜ਼ਿਲ੍ਹੇ ਵਿਚ 4,19,586 ਕੇਸਾਧਾਰੀ ਸਿੱਖ ਵੋਟਰ ਦਰਜ ਸਨ, ਜਿਨ੍ਹਾਂ ਵਿਚੋਂ 38,097 ਬਟਾਲਾ, 51,170 ਡੇਰਾ ਬਾਬਾ ਨਾਨਕ,



53,412, ਧਾਰੀਵਾਲ, 55,987 ਗੁਰਦਾਸਪੁਰ, 26,400 ਪਠਾਨਕੋਟ ਵਿਚ ਸਨ ਅਤੇ ਇਨ੍ਹਾਂ ਅੰਕੜਿਆਂ ਦੇ ਬਰਾਬਰ ਹੀ ਦੀਨਾਨਗਰ, ਕਾਦੀਆਂ, ਫਤਹਿਗੜ੍ਹਚੂੜੀਆਂ, ਸੁਜਾਨਪੁਰ ਅਤੇ ਭੋਆ ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟਰ ਦਰਜ ਨਹੀਂ ਕੀਤਾ ਗਿਆ ਸੀ, ਹੁਣ ਇਸ ਜ਼ਿਮਨੀ ਚੋਣ ਵਿਚ ਇਹ ਸਾਰੇ ਸਿੱਖ ਜਿਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਵਾਲੇ ਪਤਿਤ ਤੇ ਸਹਿਜਧਾਰੀ ਸਿੱਖ ਆਖ ਕੇ ਦੁਰਕਾਰਦੇ ਨੇ ਉਹ ਸਾਰੇ ਹੁਣ ਉਮੀਦਵਾਰ ਹੀ ਹਾਰ ਜਾਂ ਜਿੱਤ ਦਾ ਫੈਸਲਾ ਕਰਨਗੇ। ਇਸ ਮੌਕੇ ਭੁਪਿੰਦਰ ਸਿੰਘ ਰੰਧਾਵਾ ਚੇਅਰਮੈਨ ਸਹਿਕਾਰਤਾ ਸੈੱਲ ਪੰਜਾਬ, ਮਨਜੀਤ ਸਿੰਘ ਵਡਾਲਾ ਗ੍ਰੰਥੀਆਂ, ਦੀਦਾਰ ਸਿੰਘ ਭਿੰਡਰ, ਦਲਜੀਤ ਸਿੰਘ ਚੁਹੇਵਾਲ, ਮਹਾਂਬੀਰ ਸਿੰਘ ਗਿੱਲ, ਸੰਦੀਪ ਕੁਮਾਰ ਪ੍ਰਦੇਸ਼ ਕਨਵੀਨਰ ਯੂਥ ਵਿੰਗ ਸਹਿਜਧਾਰੀ ਸਿੱਖ ਪਾਰਟੀ, ਐਡਵੋਕੇਟ ਹਰਵਿੰਦਰ ਸਿੰਘ ਸੰਧੂ, ਐਡਵੋਕੇਟ ਬਲਤੇਜ ਸਿੰਘ ਨੈਸ਼ਨਲ ਕਨਵੀਨਰ ਹਾਜ਼ਰ ਸਨ।

## ਕਾਨਪੁਰ ਸਿੱਖ ਕਤਲੇਆਮ ਮਾਮਲੇ 'ਚ ਸਰਕਾਰ ਨੂੰ ਪੱਖ ਰੱਖਣ ਦਾ ਆਖ਼ਰੀ ਮੌਕਾ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਸਿੱਖ ਕਤਲੇਆਮ ਦੌਰਾਨ ਕਾਨਪੁਰ ਵਿੱਚ ਮਾਰੇ ਗਏ 127 ਸਿੱਖਾਂ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਭਾਰਤ ਅਤੇ ਯੂ.ਪੀ. ਸਰਕਾਰ ਨੂੰ ਪੱਖ ਰੱਖਣ ਲਈ ਆਖ਼ਰੀ ਮੌਕਾ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਅਤੇ ਯੂ.ਪੀ. ਸਰਕਾਰ ਨੂੰ 2 ਅਗਸਤ 2017 ਨੂੰ ਸੁਪਰੀਮ ਕੋਰਟ ਵੱਲੋਂ ਜਾਰੀ ਨੋਟਿਸ ਦੇ ਬਾਵਜੂਦ ਦੋਵਾਂ ਵੱਲੋਂ ਆਪਣਾ ਜਵਾਬ ਦਾਖ਼ਲ ਕਰਨ ਲਈ ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਏ.ਐਮ. ਖਾਨਵਿਲਕਰ ਅਤੇ ਜਸਟਿਸ ਡੀ.ਵਾਈ. ਚੰਦਰਚੂੜ ਦੇ ਬੈਂਚ ਪਾਸੋਂ ਚਾਰ ਹਫ਼ਤਿਆਂ ਦਾ ਹੋਰ ਸਮਾਂ ਦੇਣ ਦੀ ਮੰਗ ਕੀਤੀ ਗਈ।

## ਸ਼ਹੀਦ ਭਾਈ ਜਿੰਦਾ ਅਤੇ ਸ਼ਹੀਦ ਭਾਈ ਸੁੱਖਾ ਦੀਆਂ ਸ਼ਹਾਦਤਾਂ ਤੋਂ ਸੇਧ ਲੈਣਾ ਸਮੇਂ ਦੀ ਮੁੱਖ ਲੋੜ : ਏ ਐਸ ਓ

**ਨਿਊਯਾਰਕ/ਬਿਊਰੋ ਨਿਊਜ਼:** ਅਮੈਰਕਿਨ ਸਿੱਖ ਅਰਾਗੇਨਈਜ਼ੇਸਨ (ਏਐੱਸਓ) ਨੇ ਸਿੱਖ ਸੰਘਰਸ਼ ਦੇ ਖਾੜਕੂ ਯੋਧਿਆਂ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ, ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੀ ਕੁਰਬਾਨੀ ਅੱਗੇ ਸਿਜਦਾ ਕਰਦਿਆਂ ਕਿਹਾ ਹੈ ਕਿ ਸਿੱਖ ਕੌਮ ਲਈ ਮੌਜੂਦਾ ਸੰਕਟ ਦੌਰਾਨ ਇਨ੍ਹਾਂ ਸੂਰਬੀਰਾਂ ਦੀਆਂ ਸ਼ਹਾਦਤਾਂ ਤੋਂ ਸੇਧ ਲੈਣਾ ਸਮੇਂ ਦੀ ਮੁੱਖ ਲੋੜ ਹੈ। ਏ ਐਸ ਓ ਦੇ ਯੂਥ ਆਗੂਆਂ ਲਈ ਸਰਬਜੀਤ ਸਿੰਘ ਕੈਲੀਫੋਰਨੀਆ ਭਾਈ ਹਰਵਿੰਦਰ ਸਿੰਘ ਨਿਊਯਾਰਕ ਵਲੋਂ ਸਾਂਝੇ ਤੌਰ ਤੇ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਗਿਆ ਹੈ ਕਿ ਇਹ ਇਕ ਮੰਨਿਆ ਪ੍ਰਮੰਨਿਆ ਸਰਵ ਪ੍ਰਵਾਰਿਕ ਸੱਚ ਹੈ ਕਿ ਸੱਚ ਤੇ ਪਹਿਰਾ ਦੇਣ ਵਾਲੇ ਸ਼ਹੀਦ ਹੀ ਕੌਮਾਂ ਦੇ ਅਸਲ ਰਹਿਨੁਮਾ ਅਤੇ ਰੌਸ਼ਨ ਚਿਰਾਗ ਹੋਇਆ ਕਰਦੇ ਹਨ। ਸ਼ਹਾਦਤ ਦੇ ਬਾਟੇ ਦਾ ਆਬ-ਏ-ਹਯਾਤ ਛੱਕਣ ਵਾਲੇ ਪ੍ਰਵਾਨੇ ਕੌਮਾਂ ਦੀ ਜਿੰਦਗੀ ਵਿਚ ਆਉਣ ਵਾਲੇ ਸਮੇਂ ਦੀਆਂ ਪਰਤਾਂ ਨੂੰ 'ਸੁਰਤਿ ਵੱਤੀ' ਮਾਰ ਕੇ ਕਈ ਵਰ੍ਹ ਪਹਿਲਾਂ ਹੀ ਦੇਖ ਸਕਣ ਦੀ ਸਮਰੱਥਾ ਰੱਖਦੇ ਹਨ ਜਿਸ ਕਰਕੇ ਉਹ ਧਰਮ ਯੁੱਧ ਦਾ ਚਾਉ ਮਨ ਵਿਚ ਲੈ ਕੇ ਮੈਦਾਨੇ ਜੰਗ ਵਿਚ ਨਿੱਤਰਦੇ ਹਨ ਅਤੇ ਆਪਣੇ ਸਰੀਰਾਂ ਦੀ ਆਹੂਤੀ ਪਾ ਕੇ ਕੌਮਾਂ ਦਾ ਭਵਿੱਖ ਰੌਸ਼ਨ ਕਰਨ ਦੀ ਸਮਰੱਥਾ ਰੱਖਦੇ ਹਨ।



ਉਨ੍ਹਾਂ ਕਿਹਾ ਕਿ ਸ਼ਹੀਦ ਭਾਈ ਜਿੰਦਾ ਅਤੇ ਭਾਈ ਸੁੱਖਾ ਸਿੰਘ ਕੌਮ ਦੇ ਅਜਿਹੇ ਪ੍ਰਵਾਨਿਆਂ ਵਿਚੋਂ ਸਿਰਮੌਰ ਕਤਾਰ ਵਿਚ ਆਉਂਦੇ ਹਨ। ਜਿੱਥੇ ਸ਼ਹੀਦ ਕੁਰਬਾਨੀਆਂ ਦੀ ਕੌਮੀ ਸਮਾਂ ਨੂੰ ਆਪਣੇ ਲਹੂ ਦਾ ਤੇਲ ਬਾਲ ਕੇ ਰੁਸ਼ਨਾਉਂਦੇ ਹਨ ਉਥੇ ਸਮੁੱਚੀ ਕੌਮ ਦਾ ਵੀ ਇਹ ਪ੍ਰਮੁੱਖ ਅਤੇ ਪ੍ਰਥਮ ਫਰਜ ਬਣ ਜਾਂਦਾ ਹੈ ਕਿ ਕੌਮ ਸ਼ਹੀਦ ਦੇ ਪਾਏ ਪੂਰਨਿਆਂ ਅਤੇ ਮਿੱਥੇ ਨਕਸ਼ੇ ਕਦਮਾਂ ਉੱਤੇ ਆਪਣੇ ਤਰੀਕੇ ਚੱਲਣ ਦੀ ਕੋਸ਼ਿਸ਼ ਹਮੇਸ਼ਾ ਕਰਦੀ ਰਹੇ। ਬਿਆਨ ਵਿਚ ਉਨ੍ਹਾਂ ਕਿਹਾ ਕਿ ਅੱਜ ਸਿੱਖ ਕੌਮ ਦਿਨ-ਬ-ਦਿਨ ਸਿੱਖ ਸ਼ਹੀਦਾਂ ਦੇ ਚਿਤਵੇ ਸੰਕਲਪ ਕੋਲੋਂ ਦੂਰ ਹੁੰਦੀ ਜਾ ਰਹੀ ਹੈ। ਆਪਸੀ ਫੁੱਟ ਭਰਾਮਾਰੂ ਜੰਗ, ਮਰਿਯਾਦਕ ਵਖਰੇਵੇਂ ਅਤੇ ਕੌਮ ਵਿਚ ਨਿੱਤ ਨਵੇਂ ਉਭਰ ਰਹੇ ਵਿਵਾਦਾਂ ਕਰਕੇ "ਸੱਚ ਕਿਨਾਰੇ ਰਹਿ ਗਿਆ, ਖਹਿ ਮਰਦੇ ਪੰਡਤ ਮਉਲਾਣੇ"ਵਾਲੀ ਸਥਿਤੀ ਪ੍ਰਤੱਖ ਦਿਖਾਈ ਦੇ ਰਹੀ ਹੈ। ਦੋਵਾਂ ਯੂਥ ਆਗੂਆਂ ਨੇ ਸਮੁੱਚੀ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਅੱਜ ਸਾਨੂੰ ਆਪਸੀ ਵਖਰੇਵੇਂ ਤਿਆਗ ਕੇ ਸ਼ਹੀਦਾਂ ਦੇ ਚਿਤਵੇਂ ਸੰਕਲਪ ਅਤੇ ਉਨ੍ਹਾਂ ਦੀ ਸੋਚ ਨੂੰ ਪ੍ਰਫੁੱਲਤ ਕਰਨ ਲਈ ਕਮਰਕਸੇ ਕਰਨ ਦੀ ਲੋੜ ਹੈ। ਦੋਹਾਂ ਯੂਥ ਆਗੂਆਂ ਨੇ ਦਸਿਆ ਕਿ ਅਮੈਰਕਿਨ ਸਿੱਖ ਅਰਾਗੇਨਈਜ਼ੇਸਨ ਦੀ ਯੂਥ ਵਿੰਗ ਦੇ ਢਾਂਚੇ ਦਾ ਜਲਦੀ ਹੀ ਐਲਾਨ ਕੀਤਾ ਜਾਵੇਗਾ। ਉਨ੍ਹਾਂ ਨੇ ਅਮਰੀਕਾ ਦੀ ਧਰਤੀ ਤੇ ਵਿਚਰ ਰਹੀ ਸਿੱਖ ਨੌਜਵਾਨੀ ਨੂੰ ਅਪੀਲ ਕੀਤੀ ਕਿ ਉਹ ਜੱਥੇਬੰਦੀ ਦੇ ਯੂਥ ਵਿੰਗ ਦੇ ਵੱਧ ਤੋਂ ਵੱਧ ਮੈਂਬਰ ਬਨਣ ਤਾਂ ਕਿ ਸ਼ਹੀਦਾਂ ਦੇ ਸੰਕਲਪ, ਸੋਚ ਅਤੇ ਚਿਤਵੇਂ "ਮੰਜਲੇ ਮਕਸਦ ਕੌਮੀ ਅਜ਼ਾਦੀ" ਵੱਲ ਨੂੰ ਹੋਰ ਕਦਮ ਪੁੱਟੇ ਜਾ ਸਕਣ।

## ਸਿੱਖ ਜਥੇਬੰਦੀਆਂ ਵਲੋਂ ਭਾਈ ਸੁੱਖਾ ਤੇ ਭਾਈ ਜਿੰਦਾ ਦੀ ਸ਼ਹੀਦੀ ਨੂੰ ਸਿਜਦਾ

**ਅੰਮ੍ਰਿਤਸਰ/ ਸਿੱਖ ਸਿਆਸਤ ਬਿਊਰੋ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਲ ਖ਼ਾਲਸਾ ਅਤੇ ਹੋਰ ਸਿੱਖ ਜਥੇਬੰਦੀਆਂ ਵਲੋਂ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਸ਼ਹੀਦੀ ਨੂੰ ਯਾਦ ਕੀਤਾ ਗਿਆ, ਜਿਨ੍ਹਾਂ ਨੂੰ ਭਾਰਤੀ ਫੌਜ ਦੇ ਮੁਖੀ ਜਨਰਲ ਅਰੁਣ ਵੈਦਿਆ ਨੂੰ ਮਾਰਨ ਕਰਕੇ 9 ਅਕਤੂਬਰ, 1992 ਨੂੰ ਫਾਂਸੀ ਦਿੱਤੀ ਗਈ ਸੀ। ਸ਼ਹੀਦਾਂ ਦੀ 25ਵੀਂ ਯਾਦ ਮਨਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਅਕਾਲ ਤਖ਼ਤ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ।



ਭਾਈ ਸੁੱਖਾ ਅਤੇ ਭਾਈ ਜਿੰਦਾ ਨੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਕਰਦੇ ਹੋਏ ਪੰਥਕ ਜਥੇਬੰਦੀਆਂ ਦੇ ਆਗੂ

ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸ਼ਹੀਦਾਂ ਵਲੋਂ ਦਿੱਤੀ ਕੁਰਬਾਨੀ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਦੋਵਾਂ ਨੇ ਜੂਨ 1984 'ਚ ਦਰਬਾਰ ਸਾਹਿਬ/ ਅਕਾਲ ਤਖ਼ਤ ਸਾਹਿਬ 'ਤੇ ਭਾਰਤੀ ਫੌਜ ਦੇ ਹਮਲੇ ਦਾ ਬਦਲਾ ਲੈਣਾ ਲਈ ਆਪਾ ਵਾਰਿਆ। ਇਸ ਮੌਕੇ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਅਤੇ ਸਿੱਖ ਜਥੇਬੰਦੀਆਂ ਵਲੋਂ ਭਾਈ ਜਿੰਦਾ ਦੇ ਭੈਣ ਜੀ ਅਤੇ ਭਾਈ ਸੁੱਖਾ ਦੀ ਭਾਣਜੀ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਬੁਲਾਰੇ ਕੰਵਰਪਾਲ ਸਿੰਘ ਨੇ ਸਹੀਦਾਂ ਨੂੰ ਖ਼ਾਲਿਸਤਾਨ ਸੰਘਰਸ਼ ਦੇ ਸ਼ਹੀਦ ਐਲਾਨਿਆ। ਦਲ ਖ਼ਾਲਸਾ ਆਗੂਆਂ ਨੇ ਭਾਈ ਸੁੱਖਾ ਅਤੇ ਭਾਈ ਜਿੰਦਾ ਵਲੋਂ ਮੁਕੱਦਮੇ ਦੌਰਾਨ ਦਿਖਾਈ ਗਈ ਮਿਸਾਲੀ ਬਹਾਦਰੀ ਲਈ ਉਨ੍ਹਾਂ ਦੀ ਤਰੀਫ ਕੀਤੀ ਕਿ ਸ਼ਹੀਦਾਂ ਨੇ ਰਹਿਮ ਦੀ ਅਪੀਲ ਕਰਨ ਦੀ ਬਜਾਏ ਖੁੱਸ਼ੀ ਨਾਲ ਸ਼ਹਾਦਤ ਨੂੰ ਗਲ ਲਾਇਆ। ਸ਼ਹੀਦੀ ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਜਰਨੈਲ ਸਿੰਘ ਸਖੀਰਾ, ਦਮਦਮੀ ਟਕਸਾਲ ਦੇ ਬੁਲਾਰੇ ਅਜੈਬ ਸਿੰਘ ਅਭਿਆਸੀ, ਭਾਈ ਜਿੰਦਾ-ਸੁੱਖਾ ਦੇ ਸਾਥੀ ਨਿਰਮਲ ਸਿੰਘ, ਸਰਬਜੀਤ ਸਿੰਘ ਘੁਮਾਣ, ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਮਨਜੀਤ ਸਿੰਘ ਭੋਮਾ ਵੀ ਸ਼ਾਮਲ ਸਨ।

## ਸਿੱਖ ਵਿਦਵਾਨ ਪ੍ਰੋ. ਪਿਆਰਾ ਸਿੰਘ ਪਦਮ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਥਾਪਤ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਵਿਦਵਾਨ ਪ੍ਰੋ. ਪਿਆਰਾ ਸਿੰਘ ਪਦਮ ਦੀ ਤਸਵੀਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸਥਾਪਤ ਕੀਤੀ ਗਈ ਹੈ। ਤਸਵੀਰ ਤੋਂ ਪਰਦਾ ਹਟਾਉਣ ਦੀ ਰਸਮ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ

ਬਾਕੀ ਸਫ਼ਾ 32 'ਤੇ



ਪ੍ਰੋ. ਪਿਆਰਾ ਸਿੰਘ ਪਦਮ ਦੀ ਤਸਵੀਰ ਤੋਂ ਪਰਦਾ ਹਟਾਉਣ ਮਗਰੋਂ ਗਿਆਨੀ ਗੁਰਬਚਨ ਸਿੰਘ, ਗਿਆਨੀ ਜਗਤਾਰ ਸਿੰਘ, ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਹੋਰ।

# ਭਾਈ ਸੁਖਦੇਵ ਸਿੰਘ ਬੱਬਰ, ਭਾਈ ਦਿਲਾਵਰ ਸਿੰਘ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ 'ਚ ਲਾਈਆਂ ਜਾਣ

## ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਤੋਂ ਕੀਤੀਂ ਮੰਗ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਅਮਰੀਕਾ, ਜਰਮਨੀ, ਯੂ.ਕੇ., ਕੈਨੇਡਾ ਤੇ ਪੰਜਾਬ ਦੀਆਂ ਇਕਾਈਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪਾਸੋਂ ਮੰਗ ਕੀਤੀ ਹੈ ਕਿ ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ, ਸ਼ਹੀਦ ਭਾਈ ਦਿਲਾਵਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਾਈ ਜਾਏ। ਇਹ ਵੀ ਮੰਗ ਕੀਤੀ ਗਈ ਹੈ ਕਿ ਜੂਨ 1984 ਵਿੱਚ ਭਾਰਤੀ ਫੌਜ ਨਾਲ ਮੁਕਾਬਲਾ ਕਰਦਿਆਂ ਸ਼ਹੀਦ ਹੋਣ ਵਾਲੇ ਭਾਈ ਮਹਿੰਗਾ ਸਿੰਘ ਬੱਬਰ ਦੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਯੋਗ ਯਾਦਗਾਰ ਸਥਾਪਿਤ ਕੀਤੀ ਜਾਏ। ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਜਰਮਨੀ ਦੇ ਪ੍ਰਧਾਨ ਭਾਈ ਭੁਪਿੰਦਰ ਸਿੰਘ ਭਲਵਾਨ ਵਲੋਂ ਭੇਜੀ ਜਾਣਕਾਰੀ ਅਨੁਸਾਰ ਜਥੇ ਦੇ ਕਨਵੀਨਰ ਅਰਜਨ ਸਿੰਘ ਸ਼ੇਰਗਿੱਲ, ਜਰਮਨੀ ਤੋਂ ਭਾਈ ਭੁਪਿੰਦਰ ਸਿੰਘ ਭਲਵਾਨ, ਧਰਮ ਪ੍ਰਚਾਰ ਲਹਿਰ ਦੇ ਮਾਸਟਰ ਬਲਦੇਵ ਸਿੰਘ, ਭਾਈ ਮਹਾਂਬੀਰ ਸਿੰਘ ਸੁਲਤਾਨ ਵਿੰਡ ਅਤੇ ਖਾਲਸਾ ਕਾਲਜ ਚੰਵਿਢਾ ਦੇਵੀ ਦੇ ਸਾਬਕਾ ਪ੍ਰਿੰਸੀਪਲ ਬਲਜਿੰਦਰ ਸਿੰਘ ਨੇ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨਾਲ ਮੁਲਾਕਾਤ ਕਰਕੇ ਇਸ ਲਈ ਮੰਗ ਪੱਤਰ ਸੌਂਪਿਆ। ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਅਮਰੀਕਾ ਦੇ ਭਾਈ ਰਣਧੀਰ ਸਿੰਘ, ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਜਰਮਨੀ ਦੇ ਭਾਈ ਭੁਪਿੰਦਰ ਸਿੰਘ ਭਲਵਾਨ, ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਯੂ.ਕੇ. ਦੇ ਭਾਈ ਜੁਝਾਰ ਸਿੰਘ, ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਕੈਨੇਡਾ ਦੇ ਭਾਈ ਜਸਵੰਤ ਸਿੰਘ, ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਕਨਵੀਨਰ ਅਰਜਨ ਸਿੰਘ ਸ਼ੇਰਗਿੱਲ, ਧਰਮ ਪ੍ਰਚਾਰ ਲਹਿਰ ਦੇ ਮਾਸਟਰ ਬਲਦੇਵ ਸਿੰਘ, ਭਾਈ ਮਹਾਂਬੀਰ ਸਿੰਘ ਸੁਲਤਾਨਵਿੰਡ ਅਤੇ ਪ੍ਰਿੰਸੀਪਲ ਬਲਜਿੰਦਰ ਸਿੰਘ ਦੇ ਦਸਤਖਤ ਹਨ। ਪ੍ਰੋ. ਬਡੂੰਗਰ ਨੇ ਵਫਦ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਦਿੱਤੇ ਗਏ ਮੰਗ ਪੱਤਰ 'ਤੇ ਵਿਚਾਰ ਕਰਨਗੇ।



ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ ਦੇ ਭਾਈ ਭੁਪਿੰਦਰ ਸਿੰਘ ਭਲਵਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਮੰਗ-ਪੱਤਰ ਸੌਂਪਦੇ ਹੋਏ।

## ਜਿੰਦਾਦਿਲ ਯੋਧੇ ਨੂੰ ਦੁਸ਼ਮਣ ਦੀ ਸ਼ਰਧਾਂਜਲੀ...

ਵੇਦ ਮਰਵਾਹਾ, ਦਿੱਲੀ ਪੁਲੀਸ ਦਾ ਮੁਖੀ (ਕਮਿਸ਼ਨਰ) ਸੀ। ਇਸ ਦੀ ਕਮਾਂਡ ਥੱਲੇ, ਦਿੱਲੀ ਪੁਲੀਸ ਨੇ ਦੋ ਵਾਰ ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਗ੍ਰਿਫ਼ਤਾਰ ਕੀਤਾ ਸੀ (ਪਹਿਲਾਂ ਸਾਲ 1985 ਤੇ ਫਿਰ 1987 ਵਿਚ)।

ਵੇਦ ਮਰਵਾਹਾ ਨੇ, ਰਿਟਾਇਰਮੈਂਟ ਤੋਂ ਬਾਅਦ ਇੱਕ ਕਿਤਾਬ ਲਿਖੀ ਜਿਸ ਦਾ ਸਿਰਲੇਖ ਹੈ - ਅਨਸਿਵਲ ਵਾਰਜ਼ - ਪਥੌਲੌਜੀ ਆਫ਼ ਟੈਰਰਿਜ਼ਮ ਇਨ ਇੰਡੀਆ'।

ਇਸ ਕਿਤਾਬ ਵਿੱਚ ਵੇਦ ਮਰਵਾਹਾ ਸਫ਼ਾ ਸੋਲਾਂ ਤੋਂ ਬਾਅਦ ਲਿਖਦਾ ਹੈ, "ਮੈਂ ਆਪਣੇ ਘਰੋਂ ਫ਼ੌਰਨ ਕ੍ਰਾਈਮ ਬਰਾਂਚ ਇੰਟੈਰੋਗੇਸ਼ਨ ਸੈਂਟਰ ਪਹੁੰਚਿਆ ਅਤੇ ਇਸ ਸਧਾਰਨ ਜਿਹੀ ਦਿੱਖ ਵਾਲੇ ਵਿਅਕਤੀ ਦੀ ਇੱਕ ਘੰਟੇ ਤੋਂ ਜ਼ਿਆਦਾ ਸਮਾਂ ਪੁੱਛਗਿੱਛ (ਇਸ ਨੂੰ ਤਸ਼ੱਦਦ ਪੜ੍ਹਿਆ ਜਾਵੇ) ਕੀਤੀ। ਮੈਂ ਉਸ ਵੱਲੋਂ ਕਹਾਣੀ ਬਿਆਨ ਕਰਨ ਦੇ ਢੰਗ ਤੋਂ ਬੜਾ ਅਚੰਭਿਤ ਹੋਇਆ ਅਤੇ ਉਸ ਵੱਲੋਂ ਦੱਸੀਆਂ ਗਈਆਂ ਗੱਲਾਂ ਤੋਂ ਵੀ। ਉਸ ਦੀ ਖੱਲੜੀ ਵਿਚ ਡਰ ਨਾਂ ਦੀ ਕੋਈ ਚੀਜ਼ ਨਹੀਂ ਸੀ ਅਤੇ ਨਾ ਹੀ ਉਸ ਨੂੰ ਆਪਣੇ ਕੀਤੇ ਤੋਂ ਪਛਤਾਵਾ ਸੀ। ਉਹ ਤਾਂ ਬਾਲੀਵੁੱਡ ਦੀਆਂ ਫ਼ਿਲਮਾਂ ਦੇ ਅੰਦਾਜ਼ ਵਿਚ ਪੁਲੀਸ ਨੂੰ ਥਾਂ-ਥਾਂ ਝਕਾਨੀ ਦੇ ਕੇ ਨਿਕਲਣ ਦੇ ਕਾਰਨਾਮਿਆਂ ਨੂੰ ਬੜੇ ਚਸਕੇ ਲੈ ਕੇ ਸੁਣਾ ਰਿਹਾ ਸੀ।

ਮੇਰੇ ਸਾਹਮਣੇ ਅੰਮ੍ਰਿਤਸਰ ਸ਼ਹਿਰ ਦਾ ਇੱਕ ਨੌਜਵਾਨ ਸਿੱਖ ਖੜ੍ਹਾ ਸੀ ਜਿਸ ਨੇ ਸਮੁੱਚੀ ਦਿੱਲੀ ਪੁਲੀਸ ਨੂੰ ਵਖਤ ਪਾਇਆ ਹੋਇਆ ਸੀ, ਇਸ ਤੱਥ ਦੀ ਵੀ ਉਹ ਨੂੰ ਬੜੀ ਖ਼ੁਸ਼ੀ ਸੀ। ਉਸ ਨੇ ਆਪਣੇ ਖ਼ਾਲਸਤਾਨੀ ਸੰਘਰਸ਼ ਵਿਚਲੇ ਰੋਲ ਨੂੰ ਘਟਾ ਕੇ ਦੱਸਿਆ ਪਰ ਦਿੱਲੀ (ਜਿਸ ਨੂੰ ਉਹ ਰਾਜਧਾਨੀ ਕਹਿਣ ਦੀ ਜ਼ਿਦ ਕਰਦਾ ਸੀ) ਵਿਚਲੀ ਬੈਂਕ ਡਕੈਤੀਆਂ ਸਬੰਧੀ ਉਸ ਨੇ ਬੜੇ ਮਾਣ ਨਾਲ ਖੁੱਲ੍ਹ ਕੇ ਦੱਸਿਆ। ਉਸ ਦਾ ਦਿੱਲੀ ਨੂੰ ਵਾਰ ਵਾਰ ਰਾਜਧਾਨੀ' ਕਹਿਣ ਤੋਂ ਵੀ ਇਹ ਹੀ ਭਾਵ ਸੀ, ਉਹ ਦਿੱਲੀ ਪੁਲੀਸ ਦਾ ਪੂਰਾ ਮਜ਼ਾਕ ਉਡਾ ਰਿਹਾ ਸੀ।

ਉਦੋਂ ਭਾਵੇਂ ਸਾਨੂੰ ਉਸ ਦੀਆਂ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਪਰ ਉਹ ਗੱਲ ਕਰਨ ਲੱਗਿਆ ਉਹ' (ਭਾਰਤ ਸਰਕਾਰ) ਤੇ ਅਸੀਂ (ਖ਼ਾਲਸਤਾਨੀ) ਸ਼ਬਦਾਵਲੀ ਦੀ ਵਰਤੋਂ ਕਰ ਰਿਹਾ ਸੀ। ਮੈਨੂੰ ਉਦੋਂ ਮਹਿਸੂਸ ਹੋਇਆ ਕਿ ਉਹ ਮੇਰੇ ਨਾਲ, ਇੱਕ ਪੁਲੀਸ ਮੁਖੀ' ਦੇ ਤੌਰ 'ਤੇ ਬਰਾਬਰ ਦੀ ਧਿਰ ਬਣ ਕੇ ਗੱਲ ਕਰ ਰਿਹਾ ਸੀ ( ਨਾ ਕਿ ਮੁਜਰਮ ਦੇ ਤੌਰ 'ਤੇ) ... ਉਸ ਨੂੰ ਫੇਰ ਅਸੀਂ ਗੁਜਰਾਤ ਪੁਲੀਸ ਦੇ ਹਵਾਲੇ ਕਰ ਦਿੱਤਾ, ਜਿੱਥੋਂ ਕਿ ਉਹ ਅਦਾਲਤ ਵਿਚ ਪੇਸ਼ੀ ਲਈ ਲਿਜਾਂਦੇ ਸਮੇਂ, ਪੁਲੀਸ ਹਿਰਾਸਤ ਵਿਚੋਂ ਫ਼ਰਾਰ ਹੋ ਗਿਆ। ਉਸ ਤੋਂ ਬਾਅਦ ਉਸ ਨੇ ਬੜੇ ਦਲੇਰਾਨਾ ਕੰਮ ਕੀਤੇ, ਜਿਨ੍ਹਾਂ ਵਿਚ ਲਲਿਤ ਮਾਕਨ ਐਮ. ਪੀ. ਤੇ ਅਰਜਨ ਦਾਸ ਵਰਗੇ ਸੰਜੇ ਗਾਂਧੀ ਦੇ ਨੇੜਲੇ ਸਾਥੀਆਂ ਦਾ ਮਾਰੇ ਜਾਣਾ ਵੀ ਸ਼ਾਮਲ ਸੀ। ਦਿੱਲੀ ਤੇ ਪੰਜਾਬ ਵਿਚ ਜਿੰਦੇ ਦੇ ਨਾਂ ਦੀ ਬੜੀ ਦਹਿਸ਼ਤ ਫੈਲ ਗਈ।"



ਵੇਦ ਮਰਵਾਹਾ ਫੇਰ, ਇੱਕ ਸਬ-ਹੈਡਿੰਗ ਦੂਸਰੀ ਮੁਲਾਕਾਤ' ਦਾ ਦਿੰਦਾ ਹੈ। ਉਸ ਅਨੁਸਾਰ - ਅਗਸਤ, 1987 ਵਿਚ ਸਿਵਲ ਲਾਈਨਜ਼ ਏਰੀਏ ਵਿਚ ਹੋਏ, ਇੱਕ ਪੁਲੀਸ ਮੁਕਾਬਲੇ ਵਿਚ ਜਿੰਦਾ ਸਖ਼ਤ ਜ਼ਖਮੀ ਹਾਲਤ ਵਿਚ, ਦਿੱਲੀ ਪੁਲੀਸ ਨੇ ਦਬੋਚ ਲਿਆ। ... ਮੈਂ ਆਪਣੇ ਵਾਇਰਲੈੱਸ ਸੈੱਟ 'ਤੇ ਜਿੰਦੇ ਦੀ ਗ੍ਰਿਫ਼ਤਾਰੀ ਬਾਰੇ ਸੁਣਿਆ ਅਤੇ ਕੁੱਝ ਮਿੰਟਾਂ ਵਿਚ ਹੀ ਪੁਲੀਸ ਸਟੇਸ਼ਨ ਪਹੁੰਚ ਗਿਆ। ਜਿੰਦੇ ਨੂੰ ਇੱਕ ਸਟਰੈਚਰ 'ਤੇ ਪਾ ਕੇ ਐਂਬੂਲੈਂਸ ਵੱਲ ਲਿਜਾਇਆ ਜਾ ਰਿਹਾ ਸੀ, ਜਦੋਂਕਿ ਉਸ ਨੇ ਮੈਨੂੰ ਵੇਖ ਲਿਆ। ਉਸ ਨੇ ਮੁਸਕਰਾ ਕੇ ਮੇਰਾ ਸਵਾਗਤ ਕੀਤਾ। ਉਹ ਬੜੀ ਗੰਭੀਰ ਜ਼ਖਮੀ ਹਾਲਤ ਵਿਚ ਸੀ ਪਰ ਫਿਰ ਵੀ ਉਸ ਨੇ ਮੈਨੂੰ ਮਜ਼ਾਕੀਆ ਲਹਿਜ਼ੇ ਵਿਚ ਕਿਹਾ -ਮੁਬਾਰਕ ਹੋ, ਅਬ ਆਪ ਕੋ ਬਹੁਤ ਬੜੀ ਤਰੱਕੀ ਮਿਲੇਗੀ, ਦਿੱਲੀ ਪੁਲੀਸ ਨੇ ਮੁਝੇ ਪਕੜ ਲੀਆ ਹੈ।'

ਮੇਰੇ ਸਾਹਮਣੇ ਉਹ ਬੰਦਾ ਸੀ, ਜਿਹੜਾ ਮੌਤ ਦੇ ਮੂੰਹ ਵਿਚ ਜਾ ਰਿਹਾ ਸੀ ਪਰ ਉਹ ਇਨ੍ਹਾਂ ਪਲਾਂ ਵਿਚ ਵੀ ਬੇਪ੍ਰਵਾਹ ਹੋ ਕੇ ਮਜ਼ਾਕ ਕਰ ਰਿਹਾ ਸੀ। ਮੈਂ ਦੇਖ ਰਿਹਾ ਸੀ ਕਿ ਉਸ ਨੂੰ ਆਪਣੇ ਕਾਜ ਲਈ ਮਹਾਨ ਕੁਰਬਾਨੀ ਕਰਨ ਦੀ ਤਸੱਲੀ ਵੀ ਸੀ ਤੇ ਪੁਲੀਸ ਨੂੰ ਨੀਵਾਂ ਦਿਖਾਉਣ ਦਾ ਚਾਅ ਵੀ... ਉਸ ਦਾ ਫ਼ੌਜੀ ਹਸਪਤਾਲ ਵਿਚ ਇਲਾਜ ਚੱਲਿਆ ਤੇ ਉਹ ਇੱਕ ਅਪਰੇਸ਼ਨ ਤੋਂ ਬਾਅਦ, ਕਰਾਮਾਤੀ ਤੌਰ 'ਤੇ ਠੀਕ ਹੋ ਗਿਆ। ਮੈਂ ਉਸ ਨੂੰ ਡੀ. ਜੀ. ਪੀ. ਕ੍ਰਾਈਮ ਦੇ ਨਾਲ ਹਸਪਤਾਲ ਵਿਚ ਦੇਖਣ ਗਿਆ। ਪਰ ਇਸ ਵਾਰ ਮੈਂ ਪੁੱਛਗਿੱਛ ਲਈ ਨਹੀਂ ਗਿਆ ਪਰ ਉਸ ਇਨਸਾਨ ਨੂੰ ਮਿਲਣ ਗਿਆ, ਜਿਸ ਨੇ ਮੇਰੇ ਮਨ 'ਚ ਵੀ ਸਤਿਕਾਰ ਦੀ ਥਾਂ ਬਣਾ ਲਈ ਸੀ। ਮੈਂ ਇਹ ਇਕਬਾਲ ਕਰਨਾ ਚਾਹੁੰਦਾ ਹਾਂ ਕਿ ਉਦੋਂ ਮੇਰੀਆਂ ਜਿੰਦੇ ਪ੍ਰਤੀ ਭਾਵਨਾਵਾਂ ਇੱਕ ਪ੍ਰੋਫੈਸ਼ਨਲ ਪੁਲੀਸ ਅਫ਼ਸਰ ਵਾਲੀਆਂ ਨਹੀਂ ਸਨ ਬਲਕਿ ਪ੍ਰਸ਼ੰਸਾ ਤੇ ਨਿੱਘ ਵਾਲੀਆਂ ਸਨ...'

...ਦੁਸ਼ਮਣ'(ਪੁਲੀਸ ਅਫ਼ਸਰ ਵੇਦ ਮਰਵਾਹਾ) ਵੱਲੋਂ ਦਿੱਤੀ ਗਈ, ਇਸ ਸ਼ਰਧਾਂਜਲੀ 'ਚੋਂ ਭਵਿੱਖ ਦੀਆਂ ਪੀੜੀਆਂ ਨੂੰ ਸੰਘਰਸ਼ ਦੇ ਯੋਧਿਆਂ ਦੀ ਅਸਲੀ ਤਸਵੀਰ ਨਜ਼ਰ ਆਵੇਗੀ। ਭਾਈ ਜਿੰਦਾ-ਸੁੱਖਾ ਨੇ ਰਾਸ਼ਟਰਪਤੀ ਨੂੰ ਲਿਖੇ ਆਪਣੇ ਪੱਤਰ ਵਿਚ ਬੜੇ ਫ਼ਖਰ ਨਾਲ ਲਿਖਿਆ ਸੀ ਜਦੋਂ ਕੌਮਾਂ ਜਾਗਦੀਆਂ ਹਨ ਤਾਂ ਇਤਿਹਾਸ ਨੂੰ ਕੰਬਣੀ ਛਿੜ ਜਾਂਦੀ ਹੈ' (When the Nations awake, History Shivers.) ਸ਼ਹੀਦਾਂ ਦਾ ਇਹ ਡੁੱਲ੍ਹਿਆ ਖ਼ੂਨ ਕੌਮ ਨੂੰ ਜਗਾਉਂਦਾ ਰਹੇਗਾ। ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ ਸ਼ਹੀਦਾਂ ਦੀ ਯਾਦ, ਇਹ ਗਰੀਟਿੰਗ ਕਾਰਡ, ਜੋ ਉਨ੍ਹਾਂ ਅਪ੍ਰੈਲ 1991 ਦੇ ਖਾਲਸਾ ਸਾਜਨਾ ਦਿਵਸ 'ਤੇ ਪੂਨਾ ਜੇਲ੍ਹ 'ਚੋਂ ਬਣਾ ਕੇ ਸਾਡੇ ਅਦਾਰੇ ਚੜ੍ਹਦੀ ਕਲਾ ਨਿਊਜ਼ ਗਰੁੱਪ' ਨੂੰ ਭੇਜਿਆ ਸੀ, ਜਿਸ ਵਿੱਚ ਉਨ੍ਹਾਂ ਆਪਣੇ ਘਰ ਦੀ ਕਲਪਨਾ ਵੀ ਚਿਤਵੀ ਸੀ।

ਪ੍ਰਣਾਮ ਸ਼ਹੀਦਾਂ ਨੂੰ

**- ਗੁਰਪ੍ਰੀਤ ਸਿੰਘ ਸਹੋਤਾ (ਫੇਸਬੁੱਕ ਤੋਂ )**

# .ਖ਼ੁਦਕੁਸ਼ੀਆਂ ਦੀ .ਫ਼ਸਲ : ਇਸ ਹ.ਫ਼ਤੇ 6 ਕਿਸਾਨਾਂ ਤੇ 2 ਮਜ਼ਦੂਰਾਂ ਵਲੋਂ ਖ਼ੁਦਕੁਸ਼ੀ



**ਚੰਡੀਗੜ੍ਹ/ਬਿਊਰੋ ਨਿਊਜ਼** : ਪੰਜਾਬ ਵਿਚ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦਾ ਰੁਝਾਨ ਰੁਕਣ ਦਾ ਨਾਂ ਨਹੀਂ ਲੈ ਰਿਹਾ। ਕੈਪਟਨ ਸਰਕਾਰ ਤੇ ਉਹਦੇ ਮੰਤਰੀ ਕਿਸਾਨਾਂ ਦੀ ਹਮਦਰਦ ਹੋਣ ਦੇ ਦਾਅਵੇ ਕਰ ਰਹੀ ਹੈ, ਜਦਕਿ ਇਸ ਦੇ ਉਲਟ ਇਸ ਹ.ਫ਼ਤੇ ਹੀ 6 ਕਿਸਾਨ ਤੇ 2 ਮਜ਼ਦੂਰ ਖ਼ੁਦਕੁਸ਼ੀ ਕਰ ਗਏ।

**ਪਿੰਡ ਝੰਡੂਕੇ ਦੇ ਕਿਸਾਨ ਨੇ ਖਾਧੀ ਸਲ.ਫ਼ਾਸ :**

ਰਾਮਪੁਰਾ ਫੂਲ : ਇਥੋਂ ਦੇ ਨੇੜਲੇ ਪਿੰਡ ਝੰਡੂਕੇ ਦੇ ਕਿਸਾਨ ਨੇ ਕਰਜ਼ੇ ਤੋਂ ਤੰਗ ਆ ਕੇ ਸਲਫਾਸ ਖਾ ਕੇ ਖ਼ੁਦਕੁਸ਼ੀ ਕਰ ਲਈ। ਭਰਾ ਲੱਖਾ ਸਿੰਘ ਨੇ ਦੱਸਿਆ ਕਿ ਸੁਰਜੀਤ ਸਿੰਘ (45) ਪਿਛਲੇ ਕੁਝ ਸਮੇਂ ਤੋਂ ਕਰਜ਼ੇ ਕਾਰਨ ਪਰੇਸ਼ਾਨ ਰਹਿੰਦਾ ਸੀ। ਉਹ ਘਰ ਦੇ ਬਾਹਰ ਵਾਲੀ ਮੋਟਰ 'ਤੇ ਗਿਆ, ਜਿਥੇ ਉਸ ਨੇ ਪਹਿਲਾਂ ਹੀ ਪਈ ਸਲਫਾਸ ਨਿਗਲ ਲਈ। ਉਨ੍ਹਾਂ ਦੱਸਿਆ ਕਿ ਜਦੋਂ ਉਹ ਕਾਫ਼ੀ ਸਮਾਂ ਘਰ ਅੰਦਰ ਨਾ ਆਇਆ ਤਾਂ ਉਸ ਦੀ ਭਾਲ ਕੀਤੀ ਗਈ ਅਤੇ ਉਹ ਮੋਟਰ ਕੋਲ ਮ੍ਰਿਤ ਮਿਲਿਆ। ਉਸ ਕੋਲ 4 ਏਕੜ ਜ਼ਮੀਨ ਸੀ, ਜਿਸ 'ਤੇ ਉਹ ਖ਼ੁਦ ਵਾਹੀ ਕਰਦਾ ਸੀ ਅਤੇ ਉਸ ਦੇ ਸਿਰ 'ਤੇ ਕਰੀਬ 8 ਲੱਖ ਰੁਪਏ ਦਾ ਬੈਂਕ ਕਰਜ਼ਾ ਸੀ। ਪਰਿਵਾਰ ਵਿਚ ਪਤਨੀ ਪਰਮਜੀਤ ਕੌਰ, ਲੜਕਾ ਅਮਰੀਕ ਸਿੰਘ, ਲੜਕੀ ਅਮਨਦੀਪ ਕੌਰ ਹਨ। ਸੁਰਜੀਤ ਸਿੰਘ ਨੂੰ ਕੁਝ ਸਮੇਂ ਤੋਂ ਆਪਣੀ ਲੜਕੀ ਦੇ ਵਿਆਹ ਦੀ ਚਿੰਤਾ ਸੀ। ਕਿਸਾਨ ਯੂਨੀਅਨ ਦੇ ਆਗੂਆਂ ਨੇ ਮੰਗ ਕੀਤੀ ਕਿ ਸੁਰਜੀਤ ਦੇ ਪਰਿਵਾਰ ਦਾ ਸਾਰਾ ਕਰਜ਼ਾ ਮੁਆ.ਫ਼ ਕੀਤਾ ਜਾਵੇ।

**ਪਿੰਡ ਬਡਬਰ ਦੇ ਕਿਸਾਨ ਨੇ ਲਿਆ ਫਾਹਾ :**

ਧਨੌਲਾ (ਚੰਗਾਲ) : ਨੇੜਲੇ ਪਿੰਡ ਬਡਬਰ ਦੇ ਕਿਸਾਨ ਗੁਰਮੇਜ ਸਿੰਘ ਉਰ.ਫ਼ ਗੇਜਾ ਮੈਂਬਰ (70) ਪੁੱਤਰ ਜਗਤਾਰ ਸਿੰਘ ਨੇ ਕਰਜ਼ੇ ਦੀ ਮਾਰ ਨਾ ਝੱਲਦਿਆਂ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਹਾਈਵੇ ਸੜਕ ਐੱਨ.ਐੱਚ.-64 ਅਧੀਨ ਆਈ ਉਸ ਦੀ ਜ਼ਮੀਨ ਦਾ ਮਿਲਿਆ ਸਰਮਾਇਆ (ਜੋ ਆਮ ਕੀਮਤ ਨਾਲੋਂ ਕਈ ਗੁਣਾਂ ਵਧੇਰੇ ਸੀ) ਵੀ ਉਸ ਦੀ ਕਰਜ਼ੇ ਦੀ ਬੋਝਲ ਪੰਡ ਹੌਲੀ ਨਾ ਕਰ ਸਕਿਆ। ਖੇਤੀ ਕਰਦਿਆਂ ਆਮ ਲੋਕਾਂ ਦੇ ਨਿੱਜੀ ਕੰਮ ਕਾਰ ਕਰਵਾਉਂਦੇ ਰਹਿਣਾ ਇਸ ਵਿਅਕਤੀ ਦਾ ਵਿਸ਼ੇਸ਼ ਗੁਣ ਸੀ। ਪਰ ਆਪ ਉਹ ਕਰਜ਼ੇ ਵਿੰਨ੍ਹੀਂ ਜ਼ਿੰਦਗੀ ਹੱਥੋਂ ਖ਼ੁਦ ਹਾਰ ਗਿਆ ਤੇ ਫਾਹਾ ਲੈ ਕੇ ਉਸ ਨੇ ਖ਼ੁਦਕੁਸ਼ੀ ਕਰ ਲਈ।

**ਪਿੰਡ ਚੱਕ ਪੰਜੇ ਕੇ ਦੇ ਕਿਸਾਨ ਨੇ ਨਿਗਲੀ ਜ਼ਹਿਰ :**

ਫ਼ਿਰੋਜ਼ਪੁਰ : ਪੁਲੀਸ ਥਾਣਾ ਗੁਰੂਹਰਸਹਾਏ ਅਧੀਨ ਪੈਂਦੇ ਪਿੰਡ ਚੱਕ ਪੰਜੇ ਕੇ ਵਿਖੇ ਕਰਜ਼ੇ ਤੋਂ ਪ੍ਰੇਸ਼ਾਨ ਇਕ ਕਿਸਾਨ ਗੁਰਮੀਤ ਸਿੰਘ ਵਲੋਂ ਜ਼ਹਿਰੀਲੀ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਕਿਸਾਨ ਗੁਰਮੀਤ ਸਿੰਘ (28 ਸਾਲ) ਪੁੱਤਰ ਕਾਲਾ ਸਿੰਘ ਵਾਸੀ ਝੁੱਗੇ ਕਚੂਰਿਆਂ ਵਾਲੇ ਦਾਖ਼ਲੀ ਪਿੰਡ ਚੱਕ ਪੰਜੇ ਕੇ ਦੀ ਪਤਨੀ ਮਾਇਆ ਦੇਵੀ ਨੇ ਦੱਸਿਆ ਕਿ ਉਨ੍ਹਾਂ ਕੋਲ 2 ਏਕੜ ਜ਼ਮੀਨ ਹੈ ਅਤੇ ਬੈਂਕ ਦਾ ਕਰਜ਼ 5 ਲੱਖ ਤੋਂ ਇਲਾਵਾ ਹੋਰ ਵੀ ਦੇਣਦਾਰੀਆਂ ਵੱਡੀ ਪੱਧਰ 'ਤੇ ਹਨ, ਜੋ ਚੁਕਾਏ ਨਾ ਜਾ ਸਕਣ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ, ਜਿਸ ਨੇ ਖੇਤਾਂ ਵਿਚ ਕੀਟਨਾਸ਼ਕ ਦਵਾਈ ਪੀ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ ਹੈ। ਮ੍ਰਿਤਕ ਕਿਸਾਨ ਆਪਣੇ ਪਿੱਛੇ ਮਾਤਾ, ਪਿਤਾ, ਪਤਨੀ ਅਤੇ 2 ਛੋਟੇ ਬੱਚੇ ਛੱਡ ਗਿਆ।

**ਪਿੰਡ ਲੇਲੇਵਾਲ ਦੇ ਕਿਸਾਨ ਨੇ .ਫ਼ਾਹਾ ਲਿਆ :**

ਤਲਵੰਡੀ ਸਾਬੋ : ਪਿੰਡ ਲੇਲੇਵਾਲਾ ਦੇ ਨੌਜਵਾਨ ਕਿਸਾਨ ਨੇ ਘਰ ਵਿੱਚ ਹੀ .ਫ਼ਾਹਾ ਲੈ ਲਿਆ। ਕਿਸਾਨ ਸੁਖਦੀਪ ਸਿੰਘ (23) ਦੇ ਪਰਿਵਾਰ ਕੋਲ ਪੰਜ ਏਕੜ ਜ਼ਮੀਨ ਹੈ ਅਤੇ ਉਨ੍ਹਾਂ ਸਿਰ ਆੜ੍ਹਤੀਆਂ ਤੇ ਵੱਖ-ਵੱਖ ਬੈਂਕਾਂ ਦਾ ਦਸ ਲੱਖ ਰੁਪਏ ਦੇ ਕਰੀਬ ਕਰਜ਼ਾ ਸੀ। ਆਰਥਿਕ ਤੰਗੀ ਕਾਰਨ ਸੁਖਦੀਪ ਸਿੰਘ ਅਕਸਰ ਪ੍ਰੇਸ਼ਾਨ ਰਹਿੰਦਾ ਸੀ। ਪਿੰਡ ਦੇ ਮੋਹਤਬਰਾਂ ਨੇ ਪੀੜਤ ਪਰਿਵਾਰ ਸਿਰ ਚੜ੍ਹਿਆ ਸਾਰਾ ਕਰਜ਼ਾ ਮੁਆ.ਫ਼ ਕਰਨ ਅਤੇ ਪਰਿਵਾਰ ਦੀ ਆਰਥਿਕ ਮਦਦ ਲਈ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ।

**ਪਿੰਡ ਜਲਵੇੜਾ ਦੇ ਕਿਸਾਨ ਵੱਲੋਂ ਖ਼ੁਦਕੁਸ਼ੀ :**

ਬਰੇਟਾ : ਪਿੰਡ ਜਲਵੇੜਾ ਦੇ ਇਕ ਨੌਜਵਾਨ ਕਿਸਾਨ ਨੇ ਆਰਥਿਕ ਤੰਗੀ ਦੇ ਚੱਲਦਿਆਂ ਖ਼ੁਦਕੁਸ਼ੀ ਕਰ ਲਈ। ਪ੍ਰਾਪਤ ਜਾਣਕਾਰੀ ਅਨੁਸਾਰ ਬਲਜੀਤ ਸਿੰਘ (21) ਪੁੱਤਰ ਬੰਤ ਸਿੰਘ ਵਾਸੀ ਜਲਵੇੜਾ ਦੇ ਸਿਰ 4 ਲੱਖ ਦੇ ਕਰੀਬ ਕਰਜ਼ੇ ਦਾ ਬੋਝ ਸੀ। ਇਸ ਤੋਂ ਇਲਾਵਾ ਉਸ ਦੇ ਸਿਰ ਪਰਿਵਾਰ ਦਾ ਗੁਜ਼ਾਰਾ ਚਲਾਉਣ ਦਾ ਬੋਝ ਸੀ ਕਿਉਂਕਿ ਉਸ ਦਾ ਪਿਤਾ ਅਧਰੰਗ ਪੀੜਤ ਹੈ ਅਤੇ ਉਸ ਦਾ ਚਾਚਾ ਚੂਲਾ ਟੁੱਟਣ ਕਾਰਨ ਅਪਾਹਜ ਹੋਇਆ ਬੈਠਿਆ ਹੈ। ਘਰ ਵਿਚ ਪਰਿਵਾਰ ਦੀ ਰੋਜ਼ੀ ਰੋਟੀ ਚਲਾਉਣ ਵਾਲਾ ਬਲਜੀਤ ਸਿੰਘ ਤੋਂ ਇਲਾਵਾ ਕੋਈ ਨਹੀਂ ਸੀ। ਇਸ ਪ੍ਰੇਸ਼ਾਨੀ ਦੇ ਚੱਲਦਿਆਂ ਉਸ ਨੇ ਖੇਤ ਵਿਚ ਜ਼ਹਿਰੀਲੀ ਚੀਜ਼ ਪੀ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਮ੍ਰਿਤਕ ਹਾਲੇ ਤੱਕ ਕੁਆਰਾ ਸੀ।

**ਪਿੰਡ ਹਾਮਦ ਵਾਲਾ ਦੇ ਕਿਸਾਨ ਵਲੋਂ ਖ਼ੁਦਕੁਸ਼ੀ :**

ਮੱਲਾਂਵਾਲਾ : ਕਰਜ਼ੇ ਦੇ ਸਤਾਏ ਇਕ ਕਿਸਾਨ ਨੇ ਨਹਿਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਕਿਸਾਨ ਦਿਆਲ ਸਿੰਘ ਵਾਸੀ ਪਿੰਡ ਹਾਮਦ ਵਾਲਾ ਕਰਜ਼ੇ ਕਾਰਨ ਪਿਛਲੇ ਕੁੱਝ ਸਮੇਂ ਤੋਂ ਪ੍ਰੇਸ਼ਾਨ ਸੀ। ਮ੍ਰਿਤਕ ਦਿਆਲ ਸਿੰਘ ਦੀ ਲਾਸ਼ ਸਰਹਿੰਦ ਫੀਡਰ ਨਹਿਰ ਵਿਚੋਂ ਮਿਲੀ।

**ਭੀਖੀ ਦੇ ਖੇਤ ਮਜ਼ਦੂਰ ਵਲੋਂ ਖ਼ੁਦਕੁਸ਼ੀ :**

ਭੀਖੀ : ਸਥਾਨਕ ਕਸਬੇ ਦੇ ਮਜ਼ਦੂਰ ਨੌਜਵਾਨ ਨੇ ਆਰਥਿਕ ਤੰਗੀ ਕਾਰਨ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਜਸਪ੍ਰੀਤ ਸਿੰਘ ਉਰ.ਫ਼ ਮਮਨਾ (19) ਪੁੱਤਰ ਜਗਸੀਰ ਸਿੰਘ ਵਾਰਡ ਨੰਬਰ-5 ਵਾਸੀ ਭੀਖੀ ਆਰਥਿਕ ਤੰਗੀ ਕਾਰਨ ਪ੍ਰੇਸ਼ਾਨ ਰਹਿੰਦਾ ਸੀ। ਪਿਛਲੇ ਮਹੀਨਿਆਂ ਤੋਂ ਉਸ ਨੂੰ ਦਿਹਾੜੀ ਦਾ ਕੰਮ ਵੀ ਨਹੀਂ ਮਿਲ ਰਿਹਾ ਸੀ, ਜਿਸ ਕਾਰਨ ਉਸ ਨੇ ਕਮਰੇ ਦੀ ਛੱਤ ਦੇ ਗਾਡਰ ਵਿਚ ਪਰਨਾ ਬੰਨ ਕੇ ਫਾਹਾ ਲੈ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਪੁਲੀਸ ਨੇ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ।

**ਪਿੰਡ ਮਲਸੀਹਾਂ ਕਲਾਂ ਦੇ ਮਜ਼ਦੂਰ ਨੇ ਨਿਗਲੀ ਦਵਾਈ :**

ਜ਼ੀਰਾ : ਨੇੜਲੇ ਪਿੰਡ ਮਲਸੀਹਾਂ ਕਲਾਂ ਦੇ ਇੱਕ 35 ਸਾਲਾਂ ਖੇਤ ਮਜ਼ਦੂਰ ਗੁਰਮੁਖ ਸਿੰਘ ਪੁੱਤਰ ਸਾਧਾ ਸਿੰਘ ਨੇ ਆਰਥਿਕ ਤੰਗੀ ਦੇ ਚੱਲਦਿਆਂ ਕੀਟਨਾਸ਼ਕ ਦਵਾਈ ਨਿਗਲ ਕੇ ਖ਼ੁਦਕਸ਼ੀ ਕਰ ਲਈ। ਜਾਣਕਾਰੀ ਅਨੁਸਾਰ ਗੁਰਮੁਖ ਸਿੰਘ ਆਪਣੇ ਪਿਛੇ ਪਤਨੀ ਪਰਮਜੀਤ ਕੌਰ ਤੇ ਦੋ ਬੇਟੇ ਰਸਾਲਦੀਪ ਸਿੰਘ, ਹਰਮਨਦੀਪ ਸਿੰਘ ਅਤੇ ਇੱਕ ਬੇਟੀ ਸਿਮਰਨਦੀਪ ਕੌਰ ਛੱਡ ਗਿਆ ਹੈ। ਉਸ ਦੀ ਪਤਨੀ ਪਰਮਜੀਤ ਕੌਰ, ਬੇਟਾ ਰਸਾਲਦੀਪ ਸਿੰਘ ਜ਼ਿਆਦਾ ਬਿਮਾਰ ਰਹਿੰਦੇ ਸਨ। ਬਿਮਾਰੀ ਦੇ ਇਲਾਜ ਲਈ ਗੁਰਮੁਖ ਸਿੰਘ ਨੇ ਲੋਕਾਂ ਤੋਂ ਕਾਫ਼ੀ ਕਰਜ਼ ਲਿਆ ਹੋਇਆ ਸੀ, ਪਰ ਉਸ ਦਾ ਬੇਟਾ ਠੀਕ ਨਹੀਂ ਹੋ ਰਿਹਾ ਸੀ। ਇਸੇ ਪ੍ਰੇਸ਼ਾਨੀ ਦੇ ਚੱਲਦਿਆਂ ਗੁਰਮੁਖ ਸਿੰਘ ਨੇ ਖ਼ੁਦਕੁਸ਼ੀ ਕਰ ਲਈ। ਪੁਲੀਸ ਨੇ ਮਾਮਲਾ ਦਰਜ ਕਰ ਲਿਆ ਹੈ।

## ਕੌਮੀ ਗ੍ਰੀਨ ਟ੍ਰਿਬਿਊਨਲ ਨੇ ਢਿੱਲੀ ਕਾਰਗੁਜ਼ਾਰੀ ਲਈ ਪੰਜਾਬ ਸਰਕਾਰ ਦੀ ਕੀਤੀ ਖਿਚਾਈ



ਨਵੀਂ ਦਿੱਲੀ ਵਿਖੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਦਫਤਰ ਦੇ ਬਾਹਰ ਕਿਸਾਨ ਪ੍ਰਦਰਸ਼ਨ ਕਰਦੇ ਹੋਏ।

**ਚੰਡੀਗੜ੍ਹ/ਬਿਊਰੋ ਨਿਊਜ਼**, ਕੌਮੀ ਗ੍ਰੀਨ ਟ੍ਰਿਬਿਊਲ ਨੇ ਪੰਜਾਬ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਾਉਣੋਂ ਰੋਕਣ ਦੇ ਮਾਮਲੇ ਵਿੱਚ ਵਿਖਾਈ ਢਿੱਲੀ ਕਾਰਗੁਜ਼ਾਰੀ ਲਈ ਪੰਜਾਬ ਸਰਕਾਰ ਦੀ ਖਿਚਾਈ ਕੀਤੀ ਹੈ। ਪੰਜਾਬ ਸਰਕਾਰ ਨੇ ਟ੍ਰਿਬਿਊਨਲ ਅੱਗੇ ਆਪਣਾ ਪੱਖ ਰੱਖਣ ਮੌਕੇ ਇੱਕ ਪਿੰਡ ਨੂੰ ਪਰਾਲੀ ਦੀ ਅੱਗ ਮੁਕਤ ਕਰਨ ਉੱਤੇ ਸਾਰਾ ਧਿਆਨ ਕੇਂਦਰਿਤ ਕਰ ਦਿੱਤਾ। ਇਸ ਤੋਂ ਵੱਧ ਸਰਕਾਰ ਕੋਲ ਕਹਿਣ ਲਈ ਕੁਝ ਵੀ ਠੋਸ ਨਹੀਂ ਸੀ। ਇਸੇ ਕਰਕੇ ਪੰਜਾਬ ਦੇ ਵਧੀਕ ਮੁੱਖ ਸਕੱਤਰ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਟ੍ਰਿਬਿਊਨਲ ਦੀ ਪੇਸ਼ੀ ਤੋਂ ਪਾਸਾ ਵੱਟਣਾ ਹੀ ਠੀਕ ਸਮਝਿਆ। ਉਂਜ ਟ੍ਰਿਬਿਊਨਲ ਨੇ ਕਿਸਾਨਾਂ ਦਾ ਪੱਖ ਵੀ ਧਿਆਨ ਨਾਲ ਸੁਣਿਆ ਅਤੇ ਮੌਕੇ ਉੱਤੇ ਮੌਜੂਦ ਖੇਤੀ ਵਿਭਾਗ ਦੇ ਸੰਯੁਕਤ ਡਾਇਰਕੈਟਰ ਨੂੰ ਮੁੱਖ ਸਕੱਤਰ ਨਾਲ ਮੀਟਿੰਗ ਕਰਨ ਉਪਰੰਤ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਦੀ ਕਾਰਜ ਯੋਜਨਾ 11 ਅਕਤੂਬਰ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ। ਖੇਤੀ ਵਿਭਾਗ ਦੇ ਸੰਯੁਕਤ ਡਾਇਰਕੈਟਰ ਮਨਮੋਹਨ ਕਾਲੀਆ ਵੱਲੋਂ ਪੇਸ਼ ਕੀਤੇ ਹਲ.ਫ਼ਨਾਮੇ ਵਿੱਚ ਪਟਿਆਲਾ ਜ਼ਿਲ੍ਹੇ ਦੇ ਪਿੰਡ ਕੱਲਰ ਮਾਜਰੀ ਦੇ 56 ਕਿਸਾਨਾਂ ਨਾਲ ਪਰਾਲੀ ਨਾ ਸਾੜ ਕੇ ਪਿੰਡ ਨੂੰ ਪ੍ਰਦੂਸ਼ਣ ਮੁਕਤ ਕਰਨ ਦੇ ਸਮਝੌਤੇ ਦੀ ਜਾਣਕਾਰੀ ਦਿੱਤੀ ਗਈ। ਵਿਭਾਗੀ ਅਧਿਕਾਰੀ ਕੋਲ ਹਾਲਾਂਕਿ ਮਸ਼ੀਨਰੀ ਅਤੇ ਪਰਾਲੀ ਦਾ ਇੰਤਜ਼ਾਮ ਕਰਨ ਲਈ ਟ੍ਰਾਂਸਪੋਰਟ ਬਾਰੇ ਪੁੱਛੇ ਸਵਾਲਾਂ ਦਾ ਜਵਾਬ ਨਹੀਂ ਸੀ। ਪਟਿਆਲਾ ਜ਼ਿਲ੍ਹੇ ਦੇ ਇਸ ਛੋਟੇ ਜਿਹੇ ਪਿੰਡ ਦੀ ਲਗਪਗ ਛੇ ਸੌ ਏਕੜ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਆਲੂਆਂ ਅਤੇ ਕਣਕ ਦੀ ਬਿਜਾਈ ਲਈ ਮੁ.ਫ਼ਤ ਵਿੱਚ ਪੂਰੀ ਮਸ਼ੀਨਰੀ ਉਪਲਬਧ ਕਰਵਾਉਣ ਦਾ ਵਾਅਦਾ ਕੀਤਾ ਗਿਆ ਹੈ। ਉਧਰ ਕਿਸਾਨਾਂ ਦਾ ਪੱਖ ਰੱਖਦਿਆਂ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਰਕਾਰ ਵੱਲੋਂ ਬਾਕੀ ਕਿਸਾਨਾਂ ਨੂੰ ਮਸ਼ੀਨਰੀ ਅਤੇ ਹੋਰ ਸਹਾਇਤਾ ਦੇਣ ਦੀ ਥਾਂ ਕੇਵਲ ਡੰਡੇ ਦੀ ਭਾਸ਼ਾ ਸਮਝਾਉਣ ਦੀ ਕੋਸ਼ਿਸ਼ ਨੇ ਕਿਸਾਨਾਂ ਨੂੰ ਪਰਾਲੀ ਸਾੜਨ ਲਈ ਉਕਸਾਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਿਸਾਨਾਂ ਨੂੰ ਧਮਕੀ ਭਰੇ ਹੁਕਮ ਦੇਣ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਕੀਤਾ। ਇਸ 'ਤੇ ਟ੍ਰਿਬਿਊਨਲ ਨੇ ਸਰਕਾਰੀ ਵਕੀਲ ਨੂੰ ਹਦਾਇਤ ਕੀਤੀ ਕਿ ਉਹ ਸੂਬੇ ਦੇ ਮੁੱਖ ਸਕੱਤਰ ਨਾਲ ਮੀਟਿੰਗ ਉਪਰੰਤ 11 ਅਕਤੂਬਰ ਤੱਕ ਇਹ ਜਾਣਕਾਰੀ ਦੇਣ ਕਿ ਸਰਕਾਰ ਵੱਲੋਂ ਕਿਸਾਨਾਂ ਨੂੰ ਮਸ਼ੀਨਰੀ ਉਪਲਬਧ ਕਰਵਾਉਣ ਜਾਂ ਹੋਰ ਸਹਾਇਤਾ ਦੇਣ ਲਈ ਕੀ ਕਦਮ ਚੁੱਕੇ ਗਏ ਹਨ। ਮੀਟਿੰਗ ਵਿੱਚ ਰਾਜੇਵਾਲ ਨੂੰ ਵੀ ਸ਼ਾਮਲ ਕਰਨ ਲਈ ਕਿਹਾ ਗਿਆ ਹੈ।

# ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦਾ ਮਾਮਲਾ ਸੁਪਰੀਮ ਕੋਰਟ ਨੇ ਕੇਂਦਰ ਹਵਾਲੇ ਕੀਤਾ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਕੇਂਦਰ ਸਰਕਾਰ ਨੂੰ ਖੇਤੀ ਸੰਕਟ ਦੇ ਹੱਲ ਲਈ ਐਮਐਸ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸਾਂ ਲਾਗੂ ਕਰਨ ਦੀ ਹਦਾਇਤ ਦੇਣ ਦੀ ਮੰਗ ਕਰਦੀ ਇਕ ਲੋਕ ਹਿੱਤ ਪਟੀਸ਼ਨ ਸੁਪਰੀਮ ਕੋਰਟ ਨੇ ਖ਼ਾਰਜ ਕਰ ਦਿੱਤੀ। ਜਸਟਿਸ ਮਦਨ ਬੀ. ਲੋਕੁਰ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਇਹ ਨੀਤੀ ਮਾਮਲਾ ਹੈ, ਜਿਸ ਬਾਰੇ .ਫ਼ੈਸਲਾ ਕਾਰਜ ਪਾਲਿਕਾ ਹੀ ਕਰ ਸਕਦੀ ਹੈ।



.ਗ਼ੌਰਤਲਬ ਹੈ ਕਿ ਇਸ ਰਿਪੋਰਟ ਵਿੱਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਰੋਕਣ ਅਤੇ 'ਤੇਜ਼ ਤੇ ਵਧੇਰੇ ਸ਼ਮੂਲੀਅਤਕਾਰੀ ਵਿਕਾਸ ਦਾ ਟੀਚਾ' ਹਾਸਲ ਕਰਨ ਲਈ ਅਨੇਕਾਂ ਕਦਮ ਸੁਝਾਏ ਗਏ ਹਨ। ਇਸ ਨੂੰ ਲਾਗੂ ਕਰਨ ਲਈ ਕੰਸੋਰਟੀਅਮ ਆ.ਫ਼ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਨੇ 2011 ਵਿੱਚ ਸੁਪਰੀਮ ਕੋਰਟ ਦਾ ਬੂਹਾ ਖੜਕਾਇਆ ਸੀ। ਕਮਿਸ਼ਨ ਨੇ ਇਸ ਤੋਂ ਪੰਜ ਸਾਲ ਪਹਿਲਾਂ ਖੇਤੀ ਸੰਕਟ ਦੇ ਟਾਕਰੇ ਲਈ ਆਪਣੀ ਆਖ਼ਰੀ ਰਿਪੋਰਟ ਪੇਸ਼ ਕੀਤੀ ਸੀ। ਪਟੀਸ਼ਨਰ ਸੰਸਥਾ ਦੇ ਵਕੀਲ ਡੀ.ਕੇ. ਗਰਗ ਨੇ ਇਨ੍ਹਾਂ ਹੁਕਮਾਂ ਉਤੇ ਹੈਰਾਨੀ ਦਾ ਇਜ਼ਹਾਰ ਕੀਤਾ, ਕਿਉਂਕਿ ਬੈਂਚ ਵੱਲੋਂ ਕਿਸਾਨਾਂ ਨਾਲ ਸਬੰਧਤ ਇਕ ਹੋਰ ਮੁੱਦੇ ਸਬੰਧੀ ਹਾਲੇ ਵੀ ਇਸ ਰਿਪੋਰਟ ਨੂੰ ਵਿਚਾਰਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਖੇਤੀ ਵਿਗਿਆਨੀ ਸ੍ਰੀ ਸਵਾਮੀਨਾਥਨ ਦੀ ਅਗਵਾਈ ਵਾਲੇ ਕੌਮੀ ਕਿਸਾਨ ਕਮਿਸ਼ਨ ਨੇ ਦਸੰਬਰ 2004 ਤੋਂ ਅਕਤੂਬਰ 2006 ਦੌਰਾਨ ਆਪਣੀਆਂ ਪੰਜ ਰਿਪੋਰਟਾਂ ਸਰਕਾਰ ਨੂੰ ਪੇਸ਼ ਕੀਤੀਆਂ ਸਨ। ਇਨ੍ਹਾਂ ਵਿੱਚ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਖੇਤੀ ਸੰਕਟ ਕਾਰਨ ਹੀ ਕਿਸਾਨ ਖ਼ੁਦਕੁਸ਼ੀਆਂ ਲਈ ਮਜਬੂਰ ਹੋ ਰਹੇ ਹਨ। ਕਮਿਸ਼ਨ ਨੇ ਇਸ ਲਈ ਮੁੱਖ ਤੌਰ 'ਤੇ ਭੂਮੀ ਸੁਧਾਰ ਪੂਰੀ ਤਰ੍ਹਾਂ ਲਾਗੂ ਨਾ ਹੋਣ, ਪਾਣੀ ਦੀ ਮਿਕਦਾਰ ਤੇ ਇਸ ਦੇ ਮਿਆਰ ਦੀ ਸਮੱਸਿਆ, ਤਕਨਾਲੋਜੀ ਦੀ ਕਮੀ, ਸੰਸਥਾਗਤ ਕਰਜ਼ਿਆਂ ਤੱਕ ਪਹੁੰਚ ਤੇ ਕਰਜ਼ੇ ਵੇਲੇ ਸਿਰ ਨਾ ਮਿਲ ਅਤੇ ਢੁਕਵੀਂ ਮਾਰਕੀਟਿੰਗ ਦੀ ਅਣਹੋਂਦ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਕਮਿਸ਼ਨ ਨੇ ਖੇਤੀਬਾੜੀ ਨੂੰ ਸੰਵਿਧਾਨ ਦੀ ਸਮਵਰਤੀ ਸੂਚੀ ਵਿੱਚ ਸ਼ਾਮਲ ਕਰਨ ਦੀ ਵੀ ਸਿਫ਼ਾਰਸ਼ ਕੀਤੀ ਸੀ।

ਜੰਤਰ-ਮੰਤਰ 'ਤੇ ਪ੍ਰਦਰਸ਼ਨ ਰੋਕਣ ਦੀ ਹਦਾਇਤ :

ਨਵੀਂ ਦਿੱਲੀ : ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਦਿੱਲੀ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਰਾਜਧਾਨੀ ਦੇ ਐਨ ਵਿਚਕਾਰ ਪੈਂਦੇ ਜੰਤਰ-ਮੰਤਰ ਇਲਾਕੇ ਵਿਚ ਸਾਰੇ ਪ੍ਰਦਰਸ਼ਨਾਂ ਅਤੇ ਲੋਕਾਂ ਦੇ ਇਕੱਤਰ ਹੋਣ 'ਤੇ ਫੌਰੀ ਤੌਰ 'ਤੇ ਰੋਕ ਲਾਏ। ਜਸਟਿਸ ਆਰ ਐਸ ਰਾਠੌੜ ਦੀ ਅਗਵਾਈ ਹੇਠਲੇ ਬੈਂਚ ਨੇ ਨਿਊ ਦਿੱਲੀ ਮਿਊਂਸਿਪਲ ਕੌਂਸਿਲ (ਐਨਡੀਐਮਸੀ) ਨੂੰ ਵੀ ਹਦਾਇਤ ਕੀਤੀ ਕਿ ਉਹ ਕਨਾਟ ਪਲੇਸ ਨੇੜੇ ਪੈਂਦੀ ਸੜਕ ਤੋਂ ਆਰਜ਼ੀ ਸਾਂਚੇ ਅਤੇ ਲਾਊਡ ਸਪੀਕਰਾਂ ਨੂੰ ਹਟਾਏ। ਬੈਂਚ ਨੇ ਕਿਹਾ,"ਦਿੱਲੀ ਸਰਕਾਰ, ਐਨਡੀਐਮਸੀ ਅਤੇ ਪੁਲੀਸ ਕਮਿਸ਼ਨਰ ਜੰਤਰ-ਮੰਤਰ ਸੜਕ ਤੋਂ ਧਰਨੇ, ਪ੍ਰਦਰਸ਼ਨ, ਲੋਕਾਂ ਦੇ ਇਕੱਠ, ਭਾਸ਼ਨ ਅਤੇ ਲਾਊਡ ਸਪੀਕਰਾਂ ਦੀ ਵਰਤੋਂ ਨੂੰ ਤੁਰੰਤ ਰੋਕਣਾ ਯਕੀਨੀ ਬਣਾਉਣ।" ਟ੍ਰਿਬਿਊਨਲ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪ੍ਰਦਰਸ਼ਨਕਾਰੀਆਂ ਜਾਂ ਧਰਨਾ ਦੇਣ ਵਾਲਿਆਂ ਨੂੰ ਅਜਮੇਰੀ ਗੇਟ ਵਿਚ ਰਾਮਲੀਲਾ ਮੈਦਾਨ ਵਾਲੀ ਥਾਂ 'ਤੇ ਤਬਦੀਲ ਕੀਤਾ ਜਾਵੇ। ਬੈਂਚ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਵੱਲੋਂ ਇਲਾਕੇ ਦੀ ਵਰਤੋਂ ਜਾਰੀ ਰੱਖਣਾ ਏਅਰ (ਰੋਕੂ ਅਤੇ ਪ੍ਰਦੂਸ਼ਨ ਕੰਟਰੋਲ ) ਐਕਟ, 1981 ਸਮੇਤ ਵਾਤਾਵਰਨ ਕਾਨੂੰਨਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਇਲਾਕੇ ਨੇੜੇ ਰਹਿੰਦੇ ਵਸਨੀਕਾਂ ਨੂੰ ਸ਼ਾਂਤੀ ਅਤੇ ਆਰਾਮ ਨਾਲ ਰਹਿਣ ਦਾ ਪੂਰਾ ਹੱਕ ਹੈ ਅਤੇ ਉਨ੍ਹਾਂ ਨੂੰ ਪ੍ਰਦੂਸ਼ਨ ਮੁਕਤ ਮਾਹੌਲ ਮਿਲਣਾ ਚਾਹੀਦਾ ਹੈ।

ਵਰੁਣ ਸੇਠ ਅਤੇ ਹੋਰਨਾਂ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਐਨਜੀਟੀ ਨੇ ਉਕਤ ਹਦਾਇਤਾਂ ਦਿੱਤੀਆਂ। ਪਟੀਸ਼ਨਰਾਂ ਨੇ ਕਿਹਾ ਸੀ ਕਿ ਜੰਤਰ-ਮੰਤਰ ਸੜਕ 'ਤੇ ਸਮਾਜਿਕ ਜਥੇਬੰਦੀਆਂ, ਸਿਆਸੀ ਪਾਰਟੀਆਂ ਅਤੇ .ਗ਼ੈਰ ਸਰਕਾਰੀ ਜਥੇਬੰਦੀਆਂ ਦੇ ਧਰਨਿਆਂ-ਪ੍ਰਦਰਸ਼ਨਾਂ ਕਰਕੇ ਇਲਾਕੇ ਵਿਚ ਸ਼ੋਰ ਪ੍ਰਦੂਸ਼ਨ ਵਧਦਾ ਜਾ ਰਿਹਾ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪ੍ਰਦਰਸ਼ਨਾਂ ਕਰਕੇ ਉਨ੍ਹਾਂ ਦੇ ਸ਼ਾਂਤੀ, ਸਿਹਤਮੰਦ ਮਾਹੌਲ, ਖਾਮੋਸ਼ੀ, ਸੌਣ ਅਤੇ ਮਰਿਆਦਾ ਨਾਲ ਜਿਊਣ ਦੇ ਹੱਕ ਦੀ ਉਲੰਘਣਾ ਹੋ ਰਹੀ ਹੈ।

## ਗੁਰੂ ਗ੍ਰੰਥ ਸਾਹਿਬ ਬੇਅਦਬੀ ਘਟਨਾਵਾਂ

# ਜਸਟਿਸ ਰਣਜੀਤ ਸਿੰਘ ਨੇ ਕਿਹਾ, "ਸ਼੍ਰੋਮਣੀ ਕਮੇਟੀ ਜਾਣਬੁੱਝ ਕੇ ਗਲਤ ਜਾਣਕਾਰੀ ਫੈਲਾ ਰਹੀ ਹੈ"

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਅੱਗੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ 9 ਅਕਤੂਬਰ,ਨੂੰ ਪੇਸ਼ ਨਹੀਂ ਹੋਏ। ਕਮਿਸ਼ਨ ਨੇ ਕਮੇਟੀ ਉਤੇ ਅੜਿੱਕੇ ਡਾਹੁਣ ਵਾਲੀ ਪਹੁੰਚ ਅਤੇ ਨਾ ਮਿਲਵਰਤਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਹ ਇਸ ਮੁੱਦੇ ਉਤੇ ਸਿਆਸਤਦਾਨਾਂ ਦੀ ਸੁਰ ਵਿੱਚ ਸੁਰ ਮਿਲਾ ਰਹੀ ਹੈ ਅਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੰਮਨ ਜਾਰੀ ਕਰਨ ਬਾਰੇ ਗ਼ਲਤ ਜਾਣਕਾਰੀ ਫੈਲਾ ਰਹੀ ਹੈ, ਜਦੋਂ ਕਿ ਉਸ ਨੂੰ ਭਲੀ ਭਾਂਤ ਪਤਾ ਹੈ ਕਿ ਅਜਿਹੇ ਕੋਈ ਸੰਮਨ ਜਾਰੀ ਨਹੀਂ ਹੋਏ।
ਕਮਿਸ਼ਨ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਹ ਆਸ ਕੀਤੀ ਜਾ ਰਹੀ ਸੀ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਲੱਭਣ ਵਿੱਚ ਕਮਿਸ਼ਨ ਦੀ ਮਦਦ ਵਾਸਤੇ ਅੱਗੇ ਆਏਗੀ। ਜਿਹੜੇ ਇਤਰਾਜ਼ ਉਠਾ ਰਹੇ ਹਨ, ਜਾਪਦਾ ਹੈ ਕਿ ਉਹ ਬੇਅਦਬੀ ਦੀਆਂ ਘਟਨਾਵਾਂ ਤੋਂ ਪਰਦਾ ਉੱਠਣ ਨਹੀਂ ਦੇਣਾ ਚਾਹੁੰਦੇ। ਸ਼੍ਰੋਮਣੀ ਕਮੇਟੀ ਦਾ ਜ਼ਿਕਰ ਕਰਦਿਆਂ ਕਮਿਸ਼ਨ ਨੇ ਕਿਹਾ ਕਿ ਸਹਿਯੋਗ ਨਾ ਦੇਣ ਵਾਲੇ ਵਤੀਰੇ ਕਾਰਨ ਕਮਿਸ਼ਨ ਇਸ ਮਾਣਮੱਤੀ ਸੰਸਥਾ ਦੇ ਵਿਚਾਰਾਂ ਤੋਂ ਵਾਂਝਾ ਰਹਿ ਗਿਆ। ਕਮਿਸ਼ਨ ਕੋਲ ਚੁਣਨ ਲਈ ਕਈ ਰਾਹ ਸਨ ਪਰ ਉਹ ਮਿਲੇ ਟੀਚੇ ਪ੍ਰਤੀ ਖ਼ੁਦ ਨੂੰ ਸਮਰਪਿਤ ਰੱਖੇਗਾ। ਕਮਿਸ਼ਨ ਹੁਣ ਅਪ੍ਰਮਾਣਿਤ ਰਿਕਾਰਡ ਉਤੇ ਨਿਰਭਰ ਕਰੇਗਾ ਪਰ ਹਾਲੇ ਵੀ ਸ਼੍ਰੋਮਣੀ ਕਮੇਟੀ ਤੋਂ ਸਹਿਯੋਗ ਦਾ ਇੰਤਜ਼ਾਰ ਰਹੇਗਾ।
ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੀ ਬਾਦਲ ਦਲ ਦੀ ਸਰਕਾਰ ਵਲੋਂ ਬਣਾਏ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਰੱਦ ਕਰਕੇ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾਇਆ ਸੀ।


ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ (ਫਾਈਲ ਫੋਟੋ)

# ਸ੍ਰੀ ਹੇਮਕੁੰਟ ਸਾਹਿਬ ਯਾਤਰਾ ਅਰਦਾਸ ਅਤੇ ਹੁਕਮਨਾਮੇ ਮਗਰੋਂ ਸਮਾਪਤ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਲਗਭਗ 140 ਦਿਨ ਚੱਲੀ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਪੰਥਕ ਰਵਾਇਤਾਂ ਅਨੁਸਾਰ ਅਰਦਾਸ ਅਤੇ ਹੁਕਮਨਾਮੇ ਮਗਰੋਂ ਸਮਾਪਤ ਹੋ ਗਈ ਹੈ। ਗੁਰਦੁਆਰੇ ਦੇ ਕਿਵਾੜ ਸੰਗਤ ਲਈ ਬੰਦ ਕਰ ਦਿੱਤੇ ਗਏ ਹਨ ਅਤੇ ਪਾਵਨ ਸਰੂਪ ਸੁਖਆਸਨ ਲਈ ਸੁਸ਼ੋਭਿਤ ਕੀਤੇ ਗਏ ਹਨ। ਉਤਰਾਖੰਡ ਸਥਿਤ ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਇਸ ਵਾਰ 24 ਮਈ ਨੂੰ ਆਰੰਭ ਹੋਈ ਸੀ, ਜੋ ਹੁਣ ਸਮਾਪਤ ਹੋ ਗਈ ਹੈ। ਇਸ ਵਾਰ ਲਗਭਗ ਦੋ ਲੱਖ 40 ਹਜ਼ਾਰ ਯਾਤਰੂ ਇੱਥੇ ਮੱਥਾ ਟੇਕਣ ਲਈ ਪੁੱਜੇ ਹਨ, ਜੋ ਕਿ ਪਿਛਲੇ ਵਰ੍ਹੇ ਨਾਲੋਂ ਲਗਭਗ 75 ਹਜ਼ਾਰ ਵੱਧ ਹਨ। ਦੱਸਣਯੋਗ ਹੈ ਕਿ 2013 ਵਿੱਚ ਹੜ੍ਹ ਆਉਣ ਕਾਰਨ ਇਸ ਯਾਤਰਾ ਸਮੇਤ ਚਾਰ ਧਾਮਾਂ ਦੀ ਯਾਤਰਾ ਬੰਦ ਹੋ ਗਈ ਸੀ। ਉਤਰਾਖੰਡ ਵਿੱਚ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ। ਇਸ ਤੋਂ ਬਾਅਦ ਸਰਕਾਰ ਵੱਲੋਂ ਇੱਥੇ ਵਿਕਾਸ ਲਈ ਵੱਡੇ ਯਤਨ ਕੀਤੇ ਗਏ ਹਨ ਪਰ ਪਿਛਲੇ ਚਾਰ ਸਾਲਾਂ ਵਿੱਚ ਵੀ ਯਾਤਰੂਆਂ ਦੀ ਗਿਣਤੀ ਵਿੱਚ ਪਹਿਲਾਂ ਵਾਂਗ ਵਾਧਾ ਨਹੀਂ ਹੋਇਆ ਹੈ। ਇੱਥੇ ਆਉਣ ਵਾਲੇ ਸ਼ਰਧਾਲੂਆਂ ਦੇ ਮਨਾਂ ਵਿਚ ਕੁਦਰਤੀ ਆਫਤ ਦਾ ਸਹਿਮ ਬਣਿਆ ਰਹਿੰਦਾ ਹੈ, ਜਿਸ ਕਾਰਨ ਯਾਤਰੂਆਂ ਦੀ ਗਿਣਤੀ ਘੱਟ ਹੈ। ਜੇਕਰ ਪਿਛਲੇ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ 2011 ਵਿੱਚ ਹੇਮਕੁੰਟ ਸਾਹਿਬ ਆਉਣ ਵਾਲੇ ਯਾਤਰੂਆਂ ਦੀ ਗਿਣਤੀ ਪੰਜ ਲੱਖ ਤੋਂ ਵਧੇਰੇ ਸੀ, 2012 ਵਿੱਚ ਚਾਰ ਲੱਖ 75 ਹਜ਼ਾਰ, 2013 ਵਿਚ ਹੜ੍ਹਾਂ ਕਾਰਨ ਯਾਤਰਾ ਵਿਚਾਲੇ ਹੀ ਰੋਕੀ ਸੀ, 2014 ਵਿੱਚ ਸਿਰਫ 65 ਹਜ਼ਾਰ ਯਾਤਰੀ, 2015 ਵਿੱਚ ਇੱਕ ਲੱਖ 25 ਹਜ਼ਾਰ ਅਤੇ 2016 ਵਿੱਚ ਯਾਤਰੂਆਂ ਦੀ ਗਿਣਤੀ 1 ਲੱਖ 65 ਹਜ਼ਾਰ ਸੀ। ਇਸ ਵਰ੍ਹੇ ਸ਼ਰਧਾਲੂਆਂ ਦੀ ਗਿਣਤੀ ਦੋ ਲੱਖ 40 ਹਜ਼ਾਰ ਤੱਕ ਪੁੱਜ ਗਈ ਹੈ ਪਰ ਪਹਿਲਾਂ ਦੇ ਮੁਕਾਬਲੇ ਅਜੇ ਵੀ ਘੱਟ ਹੈ। ਗੁਰਦੁਆਰਾ ਗੋਬਿੰਦਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਸੋਸ਼ਲ ਮੀਡੀਆ ਦੇ ਗਲਤ ਪ੍ਰਚਾਰ ਕਾਰਨ ਵਧੇਰੇ ਯਾਤਰਾ ਪ੍ਰਭਾਵਿਤ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਜੁਲਾਈ-ਅਗਸਤ ਵਿੱਚ ਬਰਸਾਤਾਂ ਕਾਰਨ ਬਦਰੀਨਾਥ ਨੇੜੇ ਲਾਮਬੱਗੜ ਥਾਂ 'ਤੇ ਅਕਸਰ ਹੀ ਪਹਾੜ ਟੁੱਟਦੇ ਹਨ ਅਤੇ ਰਸਤਾ ਬੰਦ ਹੋ ਜਾਂਦਾ ਹੈ। ਇਸ ਸਬੰਧ ਵਿੱਚ ਜੋ ਖਬਰ ਪ੍ਰਕਾਸ਼ਤ ਹੁੰਦੀ ਹੈ, ਉਸ ਵਿੱਚ ਰਿਸ਼ੀਕੇਸ਼-ਬਦਰੀਨਾਥ ਮਾਰਗ ਬੰਦ ਕਿਹਾ ਜਾਂਦਾ ਹੈ ਜਦੋਂਕਿ ਗੋਬਿੰਦਘਾਟ ਤੱਕ ਜਾਣ ਲਈ ਕੋਈ ਮੁਸ਼ਕਲ ਨਹੀਂ ਹੁੰਦੀ ਪਰ ਯਾਤਰਾ ਇਸ ਸੂਚਨਾ ਤੋਂ ਬਾਅਦ ਪ੍ਰਭਾਵਤ ਹੋ ਜਾਂਦੀ ਹੈ। ਉਂਜ ਵੀ ਲੋਕਾਂ ਦੇ ਦਿਲਾਂ ਵਿੱਚੋਂ ਕੁਦਰਤੀ ਆਫਤ ਪ੍ਰਤੀ ਡਰ ਨਹੀਂ ਗਿਆ ਹੈ। ਸਮਾਪਤੀ ਸਮਾਗਮ ਬਾਰੇ ਉਨ੍ਹਾਂ ਦੱਸਿਆ ਕਿ ਸ੍ਰੀ ਹੇਮਕੁੰਟ ਸਾਹਿਬ ਵਿਖੇ ਸੁਖਮਨੀ ਸਾਹਿਬ ਦਾ ਪਾਠ, ਕੀਰਤਨ, ਅਰਦਾਸ ਕਰਨ ਮਗਰੋਂ ਹੁਕਮਨਾਮਾ ਲਿਆ ਗਿਆ।



# ਅਰਦਾਸੀਏ ਬਲਬੀਰ ਸਿੰਘ ਨੇ ਮੈਨੇਜਰ 'ਤੇ ਲਾਇਆ ਅੜਿੱਕਾ ਡਾਹੁਣ ਦਾ ਦੋਸ਼



ਅੰਮ੍ਰਿਤਸਰ/ਬਿਊਰੋ ਨਿਊਜ਼ : ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿਰੋਪਾਓ ਨਾ ਦੇਣ ਕਾਰਨ ਚਰਚਾ ਵਿੱਚ ਆਏ ਅਰਦਾਸੀਏ ਭਾਈ ਬਲਬੀਰ ਸਿੰਘ ਨੇ ਦੋਸ਼ ਲਾਇਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਉਸ ਨੂੰ ਸੇਵਾਵਾਂ 'ਤੇ ਹਾਜ਼ਰ ਹੋਣ ਵਿੱਚ ਅੜਿੱਕਾ ਖੜ੍ਹਾ ਕਰ ਰਹੇ ਹਨ, ਜਿਸ ਖ਼ਿਲਾਫ਼ ਉਹ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਗੇ। ਦੂਜੇ ਪਾਸੇ ਮੈਨੇਜਰ ਸੁਲੱਖਣ ਸਿੰਘ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ। ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਅਰਦਾਸੀਏ ਭਾਈ ਬਲਬੀਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਲਈ ਬਾਦਲ ਪਰਿਵਾਰ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਅਤੇ ਦੋਸ਼ ਲਾਇਆ ਕਿ ਇਹ ਸਭ ਗਿਣੀ ਮਿੱਥੀ ਸਾਜ਼ਿਸ਼ ਤਹਿਤ ਕਰਾਇਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਡੇਰਾ ਸਿਰਸਾ ਮੁਖੀ ਨੂੰ ਮੁਆਫ਼ ਕਰਨ ਤੋਂ ਬਾਅਦ ਸਿੱਖ ਪੰਥ ਵਿੱਚ ਉੱਠੀ ਰੋਸ ਦੀ ਲਹਿਰ ਦੌਰਾਨ ਸਿੱਖਾਂ ਨੂੰ ਆਪਸ ਵਿੱਚ ਉਲਝਾਉਣ ਲਈ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ। ਹੁਣ ਤੱਕ ਸੌ ਤੋਂ ਵੱਧ ਥਾਵਾਂ 'ਤੇ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਹੋਈ। ਉਸ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਸਿੱਖੀ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੇ ਨੇਕ ਇਨਸਾਨ ਕਰਾਰ ਦਿੱਤਾ ਪਰ ਆਖਿਆ ਕਿ ਉਨ੍ਹਾਂ 'ਤੇ ਵੀ ਸਿਆਸੀ ਦਬਾਅ ਬਣਾਇਆ ਗਿਆ ਹੈ, ਜਿਸ ਕਾਰਨ ਕਿਸੇ ਕਰਮਚਾਰੀ ਜਾਂ ਅਧਿਕਾਰੀ ਦੀ ਨਿਯੁਕਤੀ, ਤਬਾਦਲਾ ਜਾਂ ਮੁਅੱਤਲੀ ਵੀ ਉਨ੍ਹਾਂ ਦੇ ਹੱਥ ਵਿੱਚ ਨਹੀਂ ਹੈ। ਆਪਣੀ ਮਿਸਾਲ ਦਿੰਦਿਆਂ ਭਾਈ ਬਲਬੀਰ ਸਿੰਘ ਨੇ ਆਖਿਆ ਕਿ ਉਸ ਦਾ ਤਬਾਦਲਾ ਮਾਛੀਵਾੜਾ ਕੀਤਾ ਗਿਆ ਸੀ ਪਰ ਪ੍ਰਧਾਨ ਵੱਲੋਂ ਤਬਾਦਲੇ 'ਤੇ ਰੋਕ ਲਾ ਦਿੱਤੀ ਗਈ ਅਤੇ ਉਸ ਨੂੰ ਹਰਿਮੰਦਰ ਸਾਹਿਬ ਡਿਊਟੀ 'ਤੇ ਹਾਜ਼ਰ ਹੋਣ ਦੇ ਆਦੇਸ਼ ਕੀਤੇ ਸਨ। ਹੁਣ ਛੁੱਟੀ ਮਗਰੋਂ ਜਦੋਂ ਉਹ ਸਕੱਤਰ ਦੇ ਆਦੇਸ਼ ਲੈ ਕੇ ਸੇਵਾਵਾਂ 'ਤੇ ਹਾਜ਼ਰ ਹੋਣ ਲਈ ਪੁੱਜਾ ਤਾਂ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਨੇ ਡਿਊਟੀ 'ਤੇ ਹਾਜ਼ਰ ਨਹੀਂ ਹੋਣ ਦਿੱਤਾ। ਉਸ ਨੇ ਚਿਤਾਵਨੀ ਦਿੱਤੀ ਕਿ ਮੈਨੇਜਰ ਦੇ ਇਸ ਵਤੀਰੇ ਖ਼ਿਲਾਫ਼ ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਗੇ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਨੇ ਆਖਿਆ ਕਿ ਇਹ ਕਰਮਚਾਰੀ ਇਕ ਜਨਵਰੀ ਤੋਂ ਵਿਦੇਸ਼ ਜਾਣ ਦੇ ਨਾਂ ਹੇਠ ਛੁੱਟੀ ਉਤੇ ਹੈ। ਪਹਿਲਾਂ ਤਿੰਨ ਮਹੀਨੇ ਅਤੇ ਮਗਰੋਂ ਹੋਰ ਛੁੱਟੀ ਲਈ ਸੀ। ਲਗਪਗ ਮਹੀਨਾ ਪਹਿਲਾਂ ਇਹ ਉਨ੍ਹਾਂ ਕੋਲ ਆਇਆ ਸੀ ਅਤੇ ਮੁੜ ਹਾਜ਼ਰ ਨਹੀਂ ਹੋਇਆ। ਜੇ ਉਹ ਦਫ਼ਤਰ ਹਾਜ਼ਰ ਹੋਵੇਗਾ ਤਾਂ ਦਸਤਾਵੇਜ਼ ਦੇਖਣ ਮਗਰੋਂ ਇਸ ਸਬੰਧੀ ਅਗਲੀ ਕਾਰਵਾਈ ਕੀਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਕੁਲਦੀਪ ਨਈਅਰ ਤੋਂ ਸਨਮਾਨ ਵਾਪਸ ਲਵੇਗੀ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਇਤਿਹਾਸਕ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਹੇਠ ਹੋਈ ਜਿਸ ਵਿਚ ਸਰਬਸੰਮਤੀ ਨਾਲ ਕਈ ਫ਼ੈਸਲੇ ਲਏ ਗਏ। ਮੀਟਿੰਗ ਦੀ ਆਰੰਭਤਾ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਹਰਪਾਲ ਸਿੰਘ ਵੱਲੋਂ ਕੀਤੀ ਅਰਦਾਸ ਨਾਲ ਹੋਈ।
ਪ੍ਰੋ. ਬਡੂੰਗਰ ਨੇ ਦੱਸਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਮੰਦਭਾਸ਼ਾ ਲਿਖਣ ਵਾਲੇ ਕੁਲਦੀਪ ਨਈਅਰ ਤੋਂ ਸ਼੍ਰੋਮਣੀ ਕਮੇਟੀ ਵੱਲੋਂ 2006 ਵਿੱਚ ਦਿੱਤਾ ਗਿਆ ਸ਼੍ਰੋਮਣੀ ਪੱਤਰਕਾਰ ਦਾ ਸਨਮਾਨ ਵਾਪਸ ਲੈਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ੍ਰੀ ਨਨਕਾਣਾ ਸਾਹਿਬ ਵਿਚ ਸਿੱਖ ਅਜਾਇਬ ਘਰ ਬਣਾਉਣ ਅਤੇ ਭਾਈ ਮਰਦਾਨਾ ਦੇ ਨਾਮ 'ਤੇ ਗੁਰਬਾਣੀ ਸੰਗੀਤ ਅਕੈਡਮੀ ਸਥਾਪਤ ਕਰਨ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ 2019 ਵਿੱਚ ਆ ਰਹੇ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਕੌਮਾਂਤਰੀ ਪੱਧਰ 'ਤੇ ਮਨਾਉਣ ਲਈ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ ਅਤੇ ਇਸ ਵਾਰ 4 ਨਵੰਬਰ 2017 ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸੁਲਤਾਨਪੁਰ ਲੋਧੀ ਵਿਚ ਕਵੀ ਦਰਬਾਰ, ਕੀਰਤਨ ਦਰਬਾਰ ਤੇ ਢਾਡੀ ਦਰਬਾਰ ਕਰਾਇਆ ਜਾਵੇਗਾ। ਅੰਤ੍ਰਿੰਗ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸ੍ਰੀ ਨਨਕਾਣਾ ਸਾਹਿਬ ਵਿਚ ਸਿੱਖ ਅਜਾਇਬ ਘਰ ਸਥਾਪਤ ਕਰਨ ਤੇ ਗੁਰਬਾਣੀ ਸੰਗੀਤ ਅਕੈਡਮੀ ਖੋਲ੍ਹਣ, ਪਾਕਿਸਤਾਨ ਦੇ ਗੁਰਦੁਆਰਿਆਂ ਵਿਚ ਨਿੱਤਨੇਮ ਦੀਆਂ ਬਾਣੀਆਂ, ਸੁਖਮਨੀ ਸਾਹਿਬ ਦੇ ਗੁਟਕਾ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਟੀਕ ਦੇ ਨਾਲ ਹੀ ਤਬਲਾ, ਹਰਮੋਨੀਅਮ ਸਮੇਤ ਸੰਗੀਤ ਦਾ ਹੋਰ ਸਾਜ਼ੋ-ਸਾਮਾਨ ਦੇਣ ਦੇ ਫ਼ੈਸਲੇ ਕੀਤੇ ਗਏ ਹਨ। ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਚ ਰਾਏ ਬੁਲਾਰ ਜੀ ਦੇ ਨਾਂ 'ਤੇ ਲਾਇਬ੍ਰੇਰੀ ਬਣਾਉਣ ਅਤੇ ਰਾਏ ਬੁਲਾਰ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਦਾ ਮਤਾ ਪਾਸ ਕੀਤਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ 1971 ਦੀ ਜੰਗ ਦੇ ਸਿੱਖ ਫੌਜੀ ਅਫਸਰ ਜਨਰਲ ਜਗਜੀਤ ਸਿੰਘ ਅਰੋੜਾ ਤੇ ਮਾਲਵੇ ਦਾ ਇਤਿਹਾਸ ਲਿਖਣ ਵਾਲੇ ਬਾਬਾ ਵਿਸਾਖਾ ਸਿੰਘ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਈਆਂ ਜਾਣਗੀਆਂ। ਬਾਬਾ ਬੀਰ ਸਿੰਘ ਨੌਰੰਗਾਬਾਦੀ ਅਤੇ ਬਾਬਾ ਮਹਾਰਾਜ ਸਿੰਘ ਦੀ ਯਾਦ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਵਿਚ ਮਨਾਈ ਜਾਵੇਗੀ ਅਤੇ ਇਸ ਸਬੰਧੀ 8 ਨਵੰਬਰ ਗੁਰਮਤਿ ਸਮਾਗਮ ਕਰਾਇਆ ਜਾਵੇਗਾ। ਪ੍ਰੋ. ਬਡੂੰਗਰ ਨੇ ਕਿਹਾ ਕਿ ਹਰਿਮੰਦਿਰ ਸਾਹਿਬ ਵਿਚ ਨਿੱਤ ਦਿਨ ਵਾਪਰ ਰਹੀਆਂ ਲੁੱਟ ਖੋਹ ਦੀਆਂ ਘਟਨਾਵਾਂ ਸਬੰਧੀ ਡੀਜੀਪੀ ਪੰਜਾਬ ਨੂੰ ਪੱਤਰ ਲਿਖਿਆ ਜਾਵੇਗਾ।


ਕੈਪਸ਼ਨ-ਮੀਟਿੰਗ ਦੀ ਸ਼ੁਰੂਆਤ ਸਮੇਂ ਅਰਦਾਸ ਵਿਚ ਹਿੱਸਾ ਲੈਂਦੇ ਹੋਏ ਕਿਰਪਾਲ ਸਿੰਘ ਬਡੂੰਗਰ ਤੇ ਹੋਰ।

# ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਸਿੱਖ ਸੰਗਤ ਦੁਬਿਧਾ ਵਿਚ, 2-2 ਵਾਰ ਮਨਾਏ ਜਾ ਰਹੇ ਗੁਰਪੁਰਬ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਸਿੱਖ ਜਗਤ ਵਿੱਚ ਦੁਬਿਧਾ ਬਣੀ ਹੋਈ ਹੈ ਅਤੇ ਇਸੇ ਕਾਰਨ ਸੰਗਤ ਵੱਲੋਂ ਵਧੇਰੇ ਗੁਰਪੁਰਬ 2-2 ਵਾਰ ਮਨਾਏ ਜਾ ਰਹੇ ਹਨ। ਇਸੇ ਤਹਿਤ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਵੀ ਕੁਝ ਸਿੱਖ ਜਥੇਬੰਦੀਆਂ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਦੂਜੀ ਵਾਰ ਮਨਾਇਆ ਗਿਆ ਹੈ।
ਇਸ ਤੋਂ ਪਹਿਲਾ ਸ਼੍ਰੋਮਣੀ ਕਮੇਟੀ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਪ੍ਰਕਾਸ਼ ਪੁਰਬ 7 ਅਕਤੂਬਰ ਨੂੰ ਵੱਡੇ ਪੱਧਰ 'ਤੇ ਮਨਾਇਆ ਗਿਆ ਹੈ।
ਅੱਜ ਦੋ ਦਿਨਾਂ ਬਾਅਦ ਹੀ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਗੁਰਪੁਰਬ ਪੰਥਕ ਤਾਲਮੇਲ ਸੰਗਠਨ, ਅਕਾਲ ਪੁਰਖ ਕੀ ਫ਼ੌਜ ਅਤੇ ਹੋਰ ਜਥੇਬੰਦੀਆਂ ਵੱਲੋਂ ਮਨਾਇਆ ਗਿਆ। ਸੰਗਤਾਂ ਵੱਲੋਂ ਅਕਾਲ ਹਾਊਸ ਤੋਂ ਅਕਾਲ ਤਖ਼ਤ ਤੱਕ ਪ੍ਰਭਾਤ ਫੇਰੀ ਕੱਢੀ ਗਈ ਜਿਸ ਦੀ ਅਗਵਾਈ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਨੇ ਕੀਤੀ। ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਜਸਵਿੰਦਰ ਸਿੰਘ ਐਡਵੋਕੇਟ ਨੇ ਆਖਿਆ ਕਿ ਮੂਲ ਨਾਨਕਸ਼ਾਹੀ ਕੈਲੰਡਰ ਸਿੱਖਾਂ ਦੀ ਵੱਖਰੀ ਹੋਂਦ ਦਾ ਪ੍ਰਤੀਕ ਹੈ ਅਤੇ ਉਨ੍ਹਾਂ ਤੇ ਹੋਰ ਸਮਰਥਕ ਜਥੇਬੰਦੀਆਂ ਵੱਲੋਂ ਇਸੇ ਮੁਤਾਬਕ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ।
ਕੈਲੰਡਰ ਵਿਵਾਦ ਕਾਰਨ ਸਿੱਖ ਕੌਮ ਵਿੱਚ ਬਣੀ ਦੁਵਿਧਾ ਬਾਰੇ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਇਸ ਮਾਮਲੇ ਵਿੱਚ ਕੋਈ ਵੀ ਫ਼ੈਸਲਾ ਅਕਾਲ ਤਖ਼ਤ ਤੋਂ ਹੀ ਲਿਆ ਜਾ ਸਕਦਾ ਹੈ।
ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੂਲ ਨਾਨਕਸ਼ਾਹੀ ਕੈਲੰਡਰ ਉਨ੍ਹਾਂ ਦੇ ਕਾਰਜਕਾਲ ਵੇਲੇ ਲਾਗੂ ਕੀਤਾ ਗਿਆ ਸੀ, ਪਰ ਉਸ ਵੇਲੇ ਵੀ ਇਸ ਸਬੰਧ ਵਿਚ ਅਕਾਲ ਤਖ਼ਤ ਤੋਂ ਹੀ ਆਦੇਸ਼ ਜਾਰੀ ਕੀਤਾ ਗਿਆ ਸੀ। ਹੁਣ ਅਕਾਲ ਤਖ਼ਤ ਤੋਂ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਗਿਆ ਹੈ ਅਤੇ ਸ਼੍ਰੋਮਣੀ ਕਮੇਟੀ ਉਸ ਨੂੰ ਹੀ ਲਾਗੂ ਕਰੇਗੀ।



# ਹੁਣ ਸੰਭਵ ਨਹੀਂ ਅੰਨਾ ਦੀ ਦੁਬਾਰਾ ਆਮਦ

**ਇੱਕ ਗੱਲ ਸਾਫ਼ ਹੈ ਕਿ ਅੰਨਾ ਨੂੰ ਹੁਣ ਆਪਣਾ ਤੰਬੂ ਗੱਡਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਪਿੱਛਲਸੋਝੀ ਤਾਂ ਇਹੋ ਦੱਸਦੀ ਹੈ ਕਿ 2011 ਵਿੱਚ ਅੰਨਾ ਦਾ ਵਿਰੋਧੀ ਬੜਾ ਸਾਊ ਬੰਦਾ ਸੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਰਕਾਰ ਹੁਣ ਵਾਲਿਆਂ ਨਾਲੋਂ ਕਿਤੇ ਵਧੇਰੇ ਸ਼ਾਲੀਨਤੰਤਰ ਸੀ। ਹੁਣ ਅੰਨਾ ਨੂੰ ਪਤਾ ਲੱਗੇਗਾ ਕਿ ਨਵੇਂ ਭਾਰਤ ਦੀ ਸਰਕਾਰੀ ਕਠੋਰਤਾ, ਨਾਬਰੀ ਦਾ ਤਹੱਈਆ ਕਰੀ ਬੈਠਿਆਂ ਵਿਰੁੱਧ ਕੀ ਕਹਿਰ ਵਰ੍ਹਾਅ ਸਕਦੀ ਹੈ। ਅੱਜ, ਅਸੀਂ ਭਾਵਨਾਤਮਕ ਤੌਰ 'ਤੇ ਪੂਰੀ ਤਰ੍ਹਾਂ ਨੁੱਚੜ ਚੁੱਕਿਆ ਮੁਲਕ ਹਾਂ, ਅਤੇ ਜਾਂ ਸ਼ਾਇਦ ਕਿਤੇ ਵਧੇਰੇ ਥੱਕੇ ਹੋਏ ਹਾਂ। ਅਸੀਂ ਬੇਹੱਦ ਖ਼ਤਰਨਾਕ ਸਮਿਆਂ ਵਿੱਚ ਹਾਂ। ਅੰਨਾ ਹਜ਼ਾਰੇ ਕਿਸਮ ਦੀ ਨੇਕਨੀਅਤੀ ਵਿੱਚ ਇੱਕ ਖ਼ਾਸ ਕਿਸਮ ਦਾ ਨੈਤਿਕ ਡਰਾਵਾ ਹੈ। ਇਹ ਉਹ ਜਜ਼ਬਾਤੀ ਜਾਲ ਹੈ ਜਿਸ ਤੋਂ ਬਚਣਾ ਬੇਹੱਦ ਜ਼ਰੂਰੀ ਹੈ ਕਿਉਂਕਿ ਇਹੋ ਜਾਲ ਅੱਗੇ ਤਾਨਾਸ਼ਾਹੀ ਚੁੰਗਲ 'ਤੇ ਜਾ ਮੁੱਕਦਾ ਹੈ।**

**ਹਰੀਸ਼ ਖਰੇ**



ਇਖ਼ਲਾਕੀ ਸਮਾਜ ਦੇ ਥੱਕੇ-ਹਾਰੇ, ਪਰ ਸਿਰੜੀ ਸਿਧਾਂਤਕਾਰ ਵਜੋਂ ਜਾਣੇ ਜਾਂਦੇ ਅੰਨਾ ਹਜ਼ਾਰੇ ਦੀ ਆਵਾਜ਼ ਹੁਣ ਫਿਰ ਸੁਣਾਈ ਦਿੱਤੀ ਹੈ। ਗਾਂਧੀ ਜੈਅੰਤੀ ਵਾਲੇ ਦਿਨ ਉਹ ਰਾਜਘਾਟ ਵਿਖੇ ਫੋਟੋਆਂ ਖਿਚਵਾਉਣ ਦੇ ਮੌਕੇ ਦਾ ਲਾਹਾ ਲੈਣ ਪਹੁੰਚ ਗਏ ਅਤੇ ਪਿਛਲੇ ਤਿੰਨ ਸਾਲਾਂ ਦੌਰਾਨ ਜੋ ਜੋ ਜਿਵੇਂ ਜਿਵੇਂ ਵਾਪਰਿਆ, ਉਸ ਪ੍ਰਤੀ ਪੂਰੀ ਤਰ੍ਹਾਂ ਨਾਖੁਸ਼ੀ ਦਾ ਇਜ਼ਹਾਰ ਕੀਤਾ। ਉਹ ਖ਼ਾਸ ਤੌਰ 'ਤੇ ਇਸ ਗੱਲੋਂ ਨਾਰਾਜ਼ ਜਾਪੇ ਕਿ ਇਨ੍ਹਾਂ ਤਿੰਨਾਂ ਸਾਲਾਂ ਦੌਰਾਨ ਲੋਕਪਾਲ ਨਾਂ ਵਾਲੇ ਕਾਨੂੰਨ ਦਾ ਕੋਈ ਡੱਕਾ-ਡੋਲਾ ਵੀ ਕਿਤੇ ਨਜ਼ਰ ਨਹੀਂ ਆਇਆ ਹਾਲਾਂਕਿ ਇਸੇ ਜਾਦੂਈ 'ਕਾਨੂੰਨ' ਨੂੰ ਅੰਨਾ ਦੇ 'ਇੰਡੀਆ ਅਗੇਂਸਟ ਕੁਰੱਪਸ਼ਨ' ਅੰਦੋਲਨ ਨੇ ਦੇਸ਼ ਅੱਗੇ ਸਰਬ-ਰੋਗ ਨਿਵਾਰਕ ਔਖਧ ਵਜੋਂ ਵੇਚਿਆ ਸੀ। ਇਹ ਵੀ ਸਮੇਂ ਦੀ ਤਬਦੀਲੀ ਦਾ ਸੂਚਕ ਹੈ ਕਿ ਇੱਕ-ਅੱਧ ਅਖ਼ਬਾਰ ਨੂੰ ਛੱਡ ਕੇ ਬਾਕੀ ਸਭਨਾਂ ਨੇ ਇਸ ਬਜ਼ੁਰਗ ਗਾਂਧੀਵਾਦੀ ਨੇਤਾ ਨਾਲ ਜੁੜੀ ਖ਼ਬਰ ਨੂੰ ਪਹਿਲੇ ਪੰਨੇ ਦਾ ਸ਼ਿੰਗਾਰ ਬਣਾਉਣ ਦੀ ਥਾਂ ਅੰਦਰੂਨੀ ਪੰਨਿਆਂ ਅੰਦਰ ਦੱਬਣਾ ਹੀ ਵਾਜਬ ਸਮਝਿਆ।

ਜਦੋਂ ਅੰਨਾ ਹਜ਼ਾਰੇ ਆਪਣੇ ਭ੍ਰਿਸ਼ਟਾਚਾਰ-ਵਿਰੋਧੀ ਅੰਦੋਲਨ ਨੂੰ ਸੁਰਜੀਤ ਕਰਨ ਦੀ ਧਮਕੀ ਦਿੰਦਾ ਹੈ ਤਾਂ ਇਹ ਫ਼ੈਸਲਾ ਕਰਨਾ ਮੁਸ਼ਕਲ ਜਾਪਦਾ ਹੈ ਕਿ ਉਹ ਸਥਾਈ ਤੇ ਸਦੀਵੀ ਅਹਿਮਕ ਹੈ ਜਾਂ ਬਹੁਤ, ਬਹੁਤ ਘਾਗ ਬਜ਼ੁਰਗ। ਇਹ ਸੰਭਵ ਹੈ ਕਿ ਉਸ ਦੇ ਸ਼ਾਤਿਰ ਦਿਮਾਗ਼ ਨੇ ਇਹ ਸੁੰਘ ਲਿਆ ਹੋਵੇ ਕਿ ਮੋਦੀ ਸਰਕਾਰ ਹੁਣ ਡੋਲਣ ਲੱਗੀ ਹੈ ਅਤੇ ਲੋਕਾਂ ਦੇ ਭਰੋਸੇ ਦੀ ਆਪਣੀ ਮਨਚਾਹੀਆਂ ਤੇ ਮਨਭਾਉਂਦੀਆਂ ਖੇਡਾਂ ਲਈ ਖੁੱਲ੍ਹ ਕੇ ਕੁਵਰਤੋਂ ਕਰਨ ਕਰਕੇ ਇਹ ਹੁਣ ਜਨਤਕ ਗੁੱਸੇ ਦੀ ਜ਼ੱਦ ਵਿੱਚ ਆਉਂਦੀ ਜਾ ਰਹੀ ਹੈ। ਜਦੋਂ ਕਿਸੇ ਵੀ ਨਿਜ਼ਾਮ ਦੀ ਅਜ਼ਮਤ ਤੇ ਸ਼ੋਹਰਤ ਨੂੰ ਖ਼ੋਰਾ ਲੱਗਣ ਦਾ ਅਮਲ ਸ਼ੁਰੂ ਹੋ ਜਾਵੇ ਤਾਂ ਅੰਨਾ ਹਜ਼ਾਰੇ ਵਰਗੇ ਇਖ਼ਲਾਕੀ ਤੀਰਅੰਦਾਜ਼ਾਂ ਲਈ ਉਸ ਵੱਲ ਸ਼ਿਸਤ ਲਾਉਣੀ ਤੇ ਨਿਸ਼ਾਨੇ ਫੁੰਡਣੇ ਆਸਾਨ ਹੋ ਜਾਂਦੇ ਹਨ।

ਜਾਂ ਇਹ ਵੀ ਹੋ ਸਕਦਾ ਹੈ ਕਿ ਉਹ ਹੁਣ ਵੀ ਉਹ ਸਾਦਾ ਜਿਹਾ ਬੰਦਾ ਹੈ ਜਿਸ ਨੂੰ ਹੁਣ ਵੀ ਤਹਿਦਿਲੋਂ ਯਕੀਨ ਹੈ ਕਿ ਉਸ ਨੇ 2011 ਵਿੱਚ ਸੱਚਮੁੱਚ ਹੀ ਖ਼ਾਲਸ 'ਭ੍ਰਿਸ਼ਟਾਚਾਰ ਵਿਰੋਧੀ' ਅੰਦੋਲਨ ਚਲਾਇਆ ਸੀ। ਇਹ ਗੱਲ ਸਾਫ਼ ਹੈ ਕਿ ਉਸ ਵੱਲੋਂ ਚਲਾਏ ਅੰਦੋਲਨ ਨੇ ਇਮਾਨਦਾਰ ਤੇ ਆਦਰਸ਼ਵਾਦੀ ਰੂਹਾਂ ਨੂੰ ਰਾਮਲੀਲਾ ਮੈਦਾਨ ਦੇ ਉਸ ਦੀ ਹਾਜ਼ਰੀ ਵਾਲੇ ਕੋਨੇ ਵੱਲ ਵਹੀਰਾਂ ਘੱਤਣ ਲਈ ਟੁੰਬਿਆ ਸੀ। ਇਹ ਉਹ ਰੂਹਾਂ ਸਨ ਜੋ ਮਹਿਸੂਸ ਕਰਦੀਆਂ ਸਨ ਕਿ 'ਪਰਿਵਰਤਨ' ਸੱਚਮੁੱਚ ਹੀ ਸੰਭਵ ਹੈ। ਹਾਂ, ਇੱਕ ਕਿਸਮ ਦਾ 'ਪਰਿਵਰਤਨ' ਜ਼ਰੂਰ ਵਾਪਰਿਆ। ਅੰਨਾ ਹਜ਼ਾਰੇ ਨੇ ਇੱਕ ਨਵੀਂ ਧਿਰ ਦੇ ਸੱਤਾਸ਼ੀਲ ਹੋਣ ਦਾ ਆਧਾਰ ਜ਼ਰੂਰ ਤਿਆਰ ਕਰ ਦਿੱਤਾ। ਜੋ ਤਬਦੀਲੀ ਆਈ, ਉਸ ਤੋਂ ਬਾਅਦ ਅੰਨਾ ਜੇਕਰ ਇਹ ਸੋਚਦਾ ਹੈ ਕਿ ਉਸ ਦੇ ਸੱਦੇ ਦਾ ਲੋਕਾਂ ਦੇ ਮਨ-ਮਸਤਕ ਉੱਤੇ ਫਿਰ ਜਾਦੂਈ ਅਸਰ ਹੋਵੇਗਾ ਅਤੇ ਉਹ ਫਿਰ ਵਹੀਰਾਂ ਘੱਤ ਕੇ ਉਸ ਦੇ ਝੰਡੇ ਹੇਠ ਇਕੱਤਰ ਹੋ ਜਾਣਗੇ ਤਾਂ ਉਹ ਸੱਚਮੁੱਚ ਹੀ ਬਹੁਤ ਸਾਦਾ, ਸਿੱਧਾ-ਸਾਧਾ ਤੇ ਭੋਲਾ ਬੰਦਾ ਹੈ।

ਗਾਂਧੀਵਾਦੀ ਕਦੇ ਵੀ ਚੰਗੇ ਵਿਦਰੋਹੀ ਨਹੀਂ ਸਾਬਤ ਹੁੰਦੇ ਬਸ਼ਰਤੇ ਮੋਹਨਦਾਸ ਨਾਂ ਦਾ ਸ਼ਾਤਿਰ ਬੰਦਾ ਉਨ੍ਹਾਂ ਦੀ ਅਗਵਾਈ ਕਰਨ ਤੇ ਉਨ੍ਹਾਂ ਲਈ ਰਣਨੀਤੀ ਘੜਨ ਲਈ ਮੌਜੂਦ ਨਾ ਹੋਵੇ। ਅੰਨਾ, ਮੋਹਨਦਾਸ ਕਰਮਚੰਦ ਗਾਂਧੀ ਨਹੀਂ। ਹੋ ਵੀ ਨਹੀਂ ਸਕਦਾ। ਉਹ ਤਾਂ ਇੱਕ ਦਿਆਨਤਦਾਰ ਬੰਦਾ ਸੀ ਜੋ ਗਾਂਧੀ ਟੋਪੀ ਪਹਿਨਦਾ ਸੀ (ਜਿਸ ਦੀ ਮਹਾਤਮਾ ਨੂੰ ਕਦੇ ਵੀ ਲੋੜ ਨਹੀਂ ਸੀ ਪਈ)। ਉਸ ਨੂੰ ਪੂਰਾ ਹੱਕ ਹੈ ਕਿ ਉਹ ਮਹਿਸੂਸ ਕਰੇ ਕਿ ਉਸ ਦੇ ਭਾਲਾ-ਬਰਦਾਰਾਂ (ਕਿਰਨ ਬੇਦੀਆਂ, ਅਰਵਿੰਦ ਕੇਜਰੀਵਾਲਾਂ ਜਾਂ ਉਨ੍ਹਾਂ ਵਰਗੇ ਹੋਰਨਾਂ) ਨੇ ਹੀ ਉਸ ਨਾਲ ਧਰੋਹ ਕਮਾਇਆ, ਪਰ ਉਹ ਅਜੇ ਵੀ ਉਸ ਲਹਿਰ ਦੇ ਸੁਭਾਅ ਪ੍ਰਤੀ ਅਣਜਾਣ ਹੋਣ ਦਾ ਪ੍ਰਭਾਵ ਦਿੰਦਾ ਹੈ ਜਿਹੜਾ ਉਸ ਦੇ ਨਾਮ ਤੇ ਉਸ ਦੀ ਬ੍ਰਾਂਡ ਦੁਆਲੇ







ਰਚਿਆ ਤੇ ਖੜ੍ਹਾ ਕੀਤਾ ਗਿਆ।

'ਇੰਡੀਆ ਅਗੇਂਸਟ ਕੁਰੱਪਸ਼ਨ' ਉਹ ਨਿੱਗਰ ਮੰਚ ਸੀ ਜਿਸ ਨੇ ਕਈ ਕਿਸਮਾਂ ਦੇ ਬਾਬਿਆਂ, ਐੱਨਜੀਓਜ਼, ਮੀਡੀਆ ਸੁਲਤਾਨਾਂ ਨੂੰ ਇੱਕ ਥਾਂ ਇਕੱਠਾ ਕੀਤਾ। ਖ਼ੁਫ਼ੀਆ ਏਜੰਸੀਆਂ ਨਾਲ ਜੁੜੇ ਰਹੇ ਕੁਝ ਸੇਵਾਮੁਕਤ ਅਫ਼ਸਰਾਂ ਨੇ ਵਿਉਂਤਬੰਦੀ ਕਰਨ ਤੇ ਕੁਪ੍ਰਚਾਰ ਫੈਲਾਉਣ ਵਿੱਚ ਬਣਦਾ-ਸਰਦਾ ਯੋਗਦਾਨ ਪਾਇਆ ਅਤੇ ਕਾਰਪੋਰੇਟ ਅਦਾਰਿਆਂ ਦੇ ਫੰਡ ਵੀ ਪ੍ਰਦਾਨ ਕੀਤੇ। ਜੇਕਰ ਅੰਨਾ ਹਜ਼ਾਰੇ ਆਪਣੇ ਆਲੇ-ਦੁਆਲੇ ਨੀਝ ਲਾ ਕੇ ਝਾਤ ਮਾਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨੂੰ ਦਿੱਸ ਜਾਵੇਗਾ ਕਿ 2014 ਤੋਂ ਉਸ ਦੀ 'ਇਖ਼ਲਾਕੀ ਫ਼ੌਜ' ਰਾਜ ਨਿਵਾਸਾਂ, ਸੰਸਦ ਤੇ ਸੂਬਾਈ ਵਿਧਾਨ ਸਭਾਵਾਂ ਅਤੇ ਮੰਤਰੀ ਮੰਡਲਾਂ ਵਿੱਚ ਥਾਵਾਂ ਭਰਨ ਪੱਖੋਂ ਕਿੰਨੀ ਵਧੀਆ ਸਪਲਾਈਕਾਰ ਸਾਬਤ ਹੋਈ ਹੈ।

ਸਿਰਫ਼ ਏਨਾ ਹੀ ਨਹੀਂ ਹੋਇਆ, ਬਾਬੇ ਵੀ ਤਰ ਗਏ ਹਨ। ਉਹ ਕਾਰੋਬਾਰੀ ਉੱਦਮੀ ਬਣ ਗਏ ਹਨ ਜਿਨ੍ਹਾਂ ਦੇ ਕਾਰੋਬਾਰੀ ਸਾਮਰਾਜ ਖ਼ਰਬਾਂ ਰੁਪਏ ਦੇ ਹਨ; ਅਤੇ ਜੋ ਸਰਕਾਰੀ ਸਰਪ੍ਰਸਤੀ ਤੇ ਸੁਰੱਖਿਆ ਹੇਠ ਖ਼ੂਬ ਫਲ-ਫੁਲ ਰਹੇ ਹਨ। ਇਸੇ ਤਰ੍ਹਾਂ ਅੰਨਾ ਦੇ ਅੰਦੋਲਨ ਦੀ ਪਰਦੇ ਪਿੱਛੇ ਰਹਿ ਕੇ ਨੀਤੀ ਤੇ ਰਣਨੀਤੀ ਘੜਨ ਵਾਲੇ ਹੁਣ ਕੌਮੀ ਸੁਰੱਖਿਆ ਸਲਾਹਕਾਰਾਂ ਦੇ ਰੁਤਬੇ 'ਤੇ ਜਾ ਪਹੁੰਚੇ ਹਨ। ਅੰਨਾ ਹਜ਼ਾਰੇ ਦੇ ਅੰਦੋਲਨ ਨੇ ਜੋ ਸਿਆਸੀ ਸਰਮਾਇਆ ਪੈਦਾ ਕੀਤਾ ਸੀ, ਉਹ ਹੁਣ ਆਖ਼ਰੀ ਪੈਸੇ ਤਕ ਭੁਨਾ ਲਿਆ ਗਿਆ ਹੈ। ਅਤੇ ਰਾਮਲੀਲਾ ਮੈਦਾਨ ਵਿੱਚ ਕੌਮੀ ਝੰਡੇ ਝੁਲਾਉਂਦਾ ਜਿਹੜਾ ਹਜੂਮ ਉਮੜਦਾ ਨਜ਼ਰ ਆਉਂਦਾ ਸੀ, ਉਹ ਸਾਰਾ ਰੋਹਮਈ ਰਾਸ਼ਟਰਵਾਦ ਦਾ ਮੇਲਾ ਭਰਨ ਲਈ ਲੋੜੀਂਦਾ ਅਭਿਆਸ ਸਾਬਤ ਹੋਇਆ।

ਕਈਆਂ ਨੂੰ ਇਹ ਗੱਲ ਬੜੀ ਲੁਭਾਉਣੀ ਲੱਗ ਸਕਦੀ ਹੈ ਕਿ ਅੰਨਾ ਹਜ਼ਾਰੇ ਇਹ ਮੰਨਣੋਂ ਇਨਕਾਰੀ ਹੈ ਕਿ ਉਸ ਨੂੰ ਪਹਿਲਾਂ ਹੀ ਜਿੰਨਾ ਵਰਤਿਆ ਜਾਣਾ ਸੀ, ਵਰਤ ਲਿਆ ਗਿਆ ਹੈ, ਪਰ ਉਸ ਨੂੰ ਇਸ ਗੱਲ ਲਈ ਉਤਸ਼ਾਹਿਤ ਨਹੀਂ ਕੀਤਾ ਜਾਣਾ ਚਾਹੀਦਾ ਕਿ ਉਹ ਆਪਣਾ 'ਅੰਦੋਲਨ' ਦੁਹਰਾਉਣ ਲਈ ਸੋਚੇ। ਕੋਈ ਵੀ ਸਮਾਜ ਆਪਣੇ ਨਾਲ ਦੁਬਾਰਾ ਛਲ-ਕਪਟ ਕੀਤੇ ਜਾਣ ਦੀ ਆਗਿਆ ਨਹੀਂ ਦੇਵੇਗਾ। ਅਸੀਂ ਤਾਂ ਪਹਿਲਾਂ ਹੀ ਨੈਤਿਕ ਤੌਰ 'ਤੇ ਠੱਗੇ ਗਏ ਮਹਿਸੂਸ ਕਰਦੇ ਹਾਂ। ਜੋ ਆਪਣੇ ਆਪ ਨੂੰ ਸਾਡੇ ਰੱਖਿਅਕ ਤੇ ਸਮਾਜ ਨੂੰ ਸਾਫ਼ ਸੁਥਰਾ ਕਰਨ ਵਾਲਿਆਂ ਵਜੋਂ ਪੇਸ਼ ਕਰਦੇ ਸਨ, ਉਹ ਜੇ ਬੁਰੇ ਨਹੀਂ ਤਾਂ ਬੜੇ ਸਾਧਾਰਨ ਜਿਹੇ ਸਿਆਸੀ ਕਾਰਕੁਨ ਸਾਬਤ ਹੋ ਚੁੱਕੇ ਹਨ।

ਇੱਕ ਗੱਲ ਸਾਫ਼ ਹੈ ਕਿ ਅੰਨਾ ਨੂੰ ਹੁਣ ਆਪਣਾ ਤੰਬੂ ਗੱਡਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਪਿੱਛਲਸੋਝੀ ਤਾਂ ਇਹੋ ਦੱਸਦੀ ਹੈ ਕਿ 2011 ਵਿੱਚ ਅੰਨਾ ਦਾ ਵਿਰੋਧੀ ਬੜਾ ਸਾਊ ਬੰਦਾ ਸੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਰਕਾਰ ਹੁਣ ਵਾਲਿਆਂ ਨਾਲੋਂ ਕਿਤੇ ਵਧੇਰੇ ਸ਼ਾਲੀਨਤੰਤਰ ਸੀ। ਹੁਣ ਅੰਨਾ ਨੂੰ ਪਤਾ ਲੱਗੇਗਾ ਕਿ ਨਵੇਂ ਭਾਰਤ ਦੀ ਸਰਕਾਰੀ ਕਠੋਰਤਾ, ਨਾਬਰੀ ਦਾ ਤਹੱਈਆ ਕਰੀ ਬੈਠਿਆਂ ਵਿਰੁੱਧ ਕੀ ਕਹਿਰ ਵਰ੍ਹਾਅ ਸਕਦੀ ਹੈ।

ਇਸ ਤੋਂ ਅਹਿਮ ਨੁਕਤਾ ਇਹ ਹੈ ਕਿ ਆਲਮੀ ਸੰਦਰਭ ਐਤਕੀਂ ਗਾਇਬ ਹੋ ਚੁੱਕਿਆ ਹੈ। 'ਅਰਬੀ ਬਸੰਤ' ਅਮਰੀਕੀ ਵਿਦੇਸ਼ ਵਿਭਾਗ ਦੇ ਹੱਥ ਦਾ ਜਾਦੂ ਸਾਬਤ ਹੋਈ। ਇਸ ਨੇ ਮੱਧ ਪੂਰਬ ਵਿੱਚ ਸਾਰੇ ਸਥਾਪਤ ਨਿਜ਼ਾਮ ਹਿਲਾ ਦਿੱਤੇ। ਨਾ ਜਮਹੂਰੀਅਤ ਆਈ ਅਤੇ ਕਿਸੇ ਵੀ ਮੁਲਕ ਵਿੱਚ ਆਸ ਮੁਤਾਬਕ ਅਮਨ, ਇਕਸੁਰਤਾ ਜਾਂ ਸਿਆਸੀ ਸਥਿਰਤਾ ਦਾ ਆਭਾਸ ਨਹੀਂ ਹੋ ਸਕਿਆ। ਭਾਰਤੀ ਮੱਧ ਵਰਗ ਬਦਇੰਤਜ਼ਾਮੀ ਦੇ ਮਾਮੂਲੀ ਜਿਹੇ ਸੰਕੇਤ ਮਾਤਰ ਤੋਂ ਸੁਖਾਲਿਆਂ ਹੀ ਤ੍ਰਹਿ ਜਾਂਦੇ ਹਨ ਤੇ ਝੱਟ ਹੀ ਕਿਸੇ ਵੀ ਡਾਢੇ ਵੱਲੋਂ ਪੇਸ਼ ਕੀਤੀ ਸੁਰੱਖਿਆ ਵੱਲ ਦੌੜ ਪੈਂਦੇ ਹਨ। 'ਅਰਬੀ ਬਸੰਤ' ਦਾ ਨੈਤਿਕ ਪ੍ਰਭਾਵ ਲੰਮਾ ਸਮਾਂ ਪਹਿਲਾਂ ਖੇਰੂੰ ਖੇਰੂੰ ਹੋ ਚੁੱਕਿਆ ਹੈ। ਅੰਨਾ ਹਜ਼ਾਰੇ ਦਾ ਅੰਦੋਲਨ ਵੀ ਇਸ ਆਲਮੀ ਫਾਹੂ ਪ੍ਰਾਜੈਕਟ ਦਾ ਹਿੱਸਾ ਸੀ। ਪਰ ਹੁਣ ਵ੍ਹਾਈਟ ਹਾਊਸ ਵਿੱਚ ਇੱਕ ਕਾਰੋਬਾਰੀ ਦਲਾਲ ਜੰਮਿਆ ਬੈਠਾ ਹੈ।

ਇਸ ਦੇ ਨਾਲ ਹੀ ਕਾਰਪੋਰੇਟ ਭਾਰਤ ਵੀ ਦੂਜੀ ਅੰਨਾ ਲਹਿਰ ਨੂੰ ਕੋਈ ਸੌਖ ਦੇਣ ਦੀ ਜੁਰਅੱਤ ਨਹੀਂ ਕਰੇਗਾ। ਅੱਜਕੱਲ੍ਹ ਦੇ ਕਾਰਪੋਰੇਟ ਆਗੂ ਧੁਰ ਅੰਦਰ ਤਕ ਦੱਬੂ ਕਿਸਮ ਦੇ ਜੀਵ ਹਨ ਜੋ ਆਰਥਿਕਤਾ ਨੂੰ ਸੰਭਾਲਣ ਦੀ ਸਰਕਾਰ ਦੀ ਨਾਕਾਬਲੀਅਤ ਨਾਲ ਲੜਨ ਦੀ ਥਾਂ ਆਪਣਾ ਗੁਜ਼ਾਰਾ ਚਲਾਉਣ ਨੂੰ ਤਰਜੀਹ ਦੇਣਾ ਜਾਣਦੇ ਹਨ।

ਭ੍ਰਿਸ਼ਟਾਚਾਰ-ਵਿਰੋਧੀ ਮੁਹਿੰਮ ਵਿੱਚ ਮੀਡੀਆ ਬਹੁਤ ਸ਼ਕਤੀਸ਼ਾਲੀ ਧਿਰ ਸੀ। ਐਤਕੀਂ ਅੰਨਾ ਨੂੰ ਵੀ ਇਹ ਦੇਖਣ ਦਾ ਮੌਕਾ ਮਿਲੇਗਾ ਕਿ ਮੀਡੀਆ ਨੂੰ ਵੀ ਵੱਡੇ ਬੌਸ ਨਾਲ ਬਹਿ ਕੇ ਚੁਸਕੀਆਂ ਲੈਣਾ ਵਧੇਰੇ ਲਾਹੇਵੰਦ ਜਾਪਦਾ ਹੈ। ਹੁਣ ਮੀਡੀਆ ਵੀ ਹਰ ਰੋਜ਼, ਰਸਮਾਂ ਵਾਂਗ ਹੁੰਦੇ ਅਨਿਆਂ ਤੇ ਉਦਾਸੀਨਤਾ ਵਿਰੁੱਧ ਅਜਿਹੀ ਲੜਾਈ ਵਿੱਚ ਆਪਣੇ ਆਪ ਨੂੰ ਭਾਈਵਾਲ ਵਜੋਂ ਨਹੀਂ ਦੇਖਦਾ। ਇਸ ਨੇ ਆਪਣੇ ਆਪ ਨੂੰ ਰਾਸ਼ਟਰਵਾਦ ਦੇ ਆਹਰ ਵਿੱਚ ਲਾ ਲਿਆ ਹੈ। ਇੱਥੋਂ ਤਕ ਕਿ ਜੇਕਰ ਅੰਨਾ ਹੁਣ ਸਹੀ ਹੋਣ ਅਤੇ ਅਸਹਿਮਤੀ ਦੀ ਜੰਤਰ ਮੰਤਰ ਵਾਲੀ ਝਾਕੀ ਦੁਹਰਾਉਣ ਲਈ ਕੁਝ ਕੁ ਲੋਕਾਂ ਦਾ ਇਕੱਠ ਆਪਣੇ ਨਾਲ ਚੱਲਣ ਲਈ ਲੱਭਣ ਲੱਗੇ ਤਾਂ ਮੀਡੀਆ ਨੂੰ ਆਪਣੇ ਉੱਤੇ ਬੇਤਹਾਸ਼ਾ ਹੱਸਦਿਆਂ ਦੇਖੇਗਾ।

ਸਭ ਤੋਂ ਵੱਡੀ ਗੱਲ ਕਿ ਅਸੀਂ ਭਾਵਨਾਤਮਕ ਤੌਰ 'ਤੇ ਨੁਚੜਿਆ ਹੋਇਆ ਸਮਾਜ ਹਾਂ। ਸਾਡੇ ਮਨੋਵੇਗਾਂ ਦੀ ਸਿਰਜਣ ਸਮਰੱਥਾ ਹਰ ਰਾਤ ਮੱਠੀ ਪੈ ਰਹੀ ਹੈ। ਸਾਡੇ ਸਮੂਹਕ ਵਿਵੇਕ ਨੂੰ ਬੌਧਿਕ 'ਹੈਮਰੇਜ' ਹੋ ਗਿਆ ਹੈ। ਸਾਡੇ ਸਹੀ ਹੋਣ ਦੀ ਸੂਝ-ਬੂਝ ਬੜੀ ਸੂਖ਼ਮਤਾ, ਪਰ ਪੂਰੀ ਉਜੱਡਤਾ ਨਾਲ ਅਤੇ ਪੂਰੇ ਜ਼ਹਿਰੀਲੇ ਢੰਗ ਨਾਲ ਪਾਕਿਸਤਾਨ ਵਿਰੁੱਧ ਸੇਧਿਤ ਕੀਤੀ ਜਾ ਚੁੱਕੀ ਹੈ। ਸਾਡਾ ਸਾਰਾ ਰੋਹ ਖੱਬੀਆਂ ਧਿਰਾਂ, ਘੱਟਗਿਣਤੀਆਂ ਤੇ ਹੋਰ ਕਈ 'ਕਿਸਮਾਂ' ਦੇ ਦੇਸ਼ ਧਰੋਹੀਆਂ ਵਿਰੁੱਧ 'ਕੇਂਦ੍ਰਿਤ' ਕਰ ਦਿੱਤਾ ਗਿਆ ਹੈ।

ਪ੍ਰਧਾਨ ਮੰਤਰੀ ਨੇ ਸਾਡੇ ਵਿਸਾਹ ਨਾਲ ਘਾਤ ਕੀਤਾ ਹੈ। ਉਨ੍ਹਾਂ ਸਾਨੂੰ ਕਿਹਾ ਸੀ ਕਿ ਅਸੀਂ ਉਨ੍ਹਾਂ ਵੱਚ ਭਰੋਸਾ ਕਰੀਏ ਕਿਉਂਕਿ ਉਹ ਇੱਕ ਗ਼ਰੀਬ ਪਰਿਵਾਰ ਵਿੱਚੋਂ ਆਏ ਹਨ। ਫਿਰ ਉਨ੍ਹਾਂ ਨੇ ਦੇਸ਼ ਦੇ ਲੱਖਾਂ ਗ਼ਰੀਬ, ਇਮਾਨਦਾਰ ਤੇ ਮਿਹਨਤਕਸ਼ ਲੋਕਾਂ ਨੂੰ ਆਪਣਾ ਹੀ ਅੰਤਾਂ ਦੀ ਮੁਸ਼ੱਕਤ ਨਾਲ ਕਮਾਇਆ ਪੈਸਾ ਲੈਣ ਲਈ ਕਤਾਰਾਂ ਵਿੱਚ ਲਿਆ ਖੜ੍ਹਾ ਕੀਤਾ ਜਦੋਂਕਿ ਮੋਟੇ ਮੋਟੇ ਕਾਰੋਬਾਰੀ 'ਬਿੱਲੇ' ਅਸ਼ੋਕਾ ਰੋਡ ਸਥਿਤ ਹੈੱਡਕੁਆਰਟਰ ਦੇ ਮੈਨੇਜਰਾਂ ਨਾਲ ਸੌਦੇ ਕਰਨ ਵਿੱਚ ਪੂਰੀ ਤਰ੍ਹਾਂ ਸਮਰੱਥ ਸਾਬਤ ਹੋਏ। ਇਹੋ ਨਹੀਂ, ਸਗੋਂ ਉਸ ਨੇ ਇਨ੍ਹਾਂ ਗ਼ਰੀਬ ਮਿਹਨਤਕਸ਼ਾਂ ਨੂੰ ਆਪਣੇ ਇਸ ਦੁੱਖ ਭਰੇ ਹਾਲਾਤ ਵਿੱਚ ਚੰਗਾ ਤੇ ਸ਼ਕਤੀਸ਼ਾਲੀ ਮਹਿਸੂਸ ਕਰਨ ਲਈ ਕਿਹਾ। ਜੇਕਰ ਹਰ ਸ਼ਾਮ ਨਹੀਂ ਤਾਂ ਹਰੇਕ ਹਫ਼ਤੇ ਪ੍ਰਧਾਨ ਮੰਤਰੀ ਸਾਨੂੰ, ਆਪਣੀ ਖੁਰਦੀ ਜਾ ਰਹੀ ਲੀਡਰਸ਼ਿਪ ਵੱਲ ਸਨੇਹ-ਭਰੀ ਝਾਤ ਮਾਰਨ ਵਾਸਤੇ ਪ੍ਰੇਰਨ ਦੇ ਯਤਨ ਜ਼ਰੂਰ ਕਰਦਾ ਹੈ। ਇਹੋ ਨਹੀਂ ਜਦੋਂ ਕਿਸੇ ਯਸ਼ਵੰਤ ਸਿਨਹਾ ਦਾ ਮਜ਼ਾਕ ਉਡਾਉਂਦਿਆਂ ਉਸ ਨੂੰ 'ਨੌਕਰੀ ਲਈ ਅਰਜ਼ੀਦਾਤਾ' ਕਹਿ ਕੇ ਛੁਟਿਆਇਆ ਜਾਂਦਾ ਹੈ ਤਾਂ ਸਾਨੂੰ ਹੋਰ ਛੋਟਾ ਬਣਾ ਦਿੱਤਾ ਜਾਂਦਾ ਹੈ।

ਅੱਜ, ਅਸੀਂ ਭਾਵਨਾਤਮਕ ਤੌਰ 'ਤੇ ਪੂਰੀ ਤਰ੍ਹਾਂ ਨੁੱਚੜ ਚੁੱਕਿਆ ਮੁਲਕ ਹਾਂ, ਅਤੇ ਜਾਂ ਸ਼ਾਇਦ ਕਿਤੇ ਵਧੇਰੇ ਥੱਕੇ ਹੋਏ ਹਾਂ। ਅਸੀਂ ਬੇਹੱਦ ਖ਼ਤਰਨਾਕ ਸਮਿਆਂ ਵਿੱਚ ਹਾਂ। ਅੰਨਾ ਹਜ਼ਾਰੇ ਕਿਸਮ ਦੀ ਨੇਕਨੀਅਤੀ ਵਿੱਚ ਇੱਕ ਖ਼ਾਸ ਕਿਸਮ ਦਾ ਨੈਤਿਕ ਡਰਾਵਾ ਹੈ। ਇਹ ਉਹ ਜਜ਼ਬਾਤੀ ਜਾਲ ਹੈ ਜਿਸ ਤੋਂ ਬਚਣਾ ਬੇਹੱਦ ਜ਼ਰੂਰੀ ਹੈ ਕਿਉਂਕਿ ਇਹੋ ਜਾਲ ਅੱਗੇ ਤਾਨਾਸ਼ਾਹੀ ਚੁੰਗਲ 'ਤੇ ਜਾ ਮੁੱਕਦਾ ਹੈ।

('ਪੰਜਾਬੀ ਟ੍ਰਿਬਿਊਨ' ਤੋਂ ਧੰਨਵਾਦ ਸਹਿਤ)

**ਭ੍ਰਿਸ਼ਟਾਚਾਰ-ਵਿਰੋਧੀ ਮੁਹਿੰਮ ਵਿੱਚ ਮੀਡੀਆ ਬਹੁਤ ਸ਼ਕਤੀਸ਼ਾਲੀ ਧਿਰ ਸੀ। ਐਤਕੀਂ ਅੰਨਾ ਨੂੰ ਵੀ ਇਹ ਦੇਖਣ ਦਾ ਮੌਕਾ ਮਿਲੇਗਾ ਕਿ ਮੀਡੀਆ ਨੂੰ ਵੀ ਵੱਡੇ ਬੌਸ ਨਾਲ ਬਹਿ ਕੇ ਚੁਸਕੀਆਂ ਲੈਣਾ ਵਧੇਰੇ ਲਾਹੇਵੰਦ ਜਾਪਦਾ ਹੈ। ਹੁਣ ਮੀਡੀਆ ਵੀ ਹਰ ਰੋਜ਼, ਰਸਮਾਂ ਵਾਂਗ ਹੁੰਦੇ ਅਨਿਆਂ ਤੇ ਉਦਾਸੀਨਤਾ ਵਿਰੁੱਧ ਅਜਿਹੀ ਲੜਾਈ ਵਿੱਚ ਆਪਣੇ ਆਪ ਨੂੰ ਭਾਈਵਾਲ ਵਜੋਂ ਨਹੀਂ ਦੇਖਦਾ। ਇਸ ਨੇ ਆਪਣੇ ਆਪ ਨੂੰ ਰਾਸ਼ਟਰਵਾਦ ਦੇ ਆਹਰ ਵਿੱਚ ਲਾ ਲਿਆ ਹੈ। ਇੱਥੋਂ ਤਕ ਕਿ ਜੇਕਰ ਅੰਨਾ ਹੁਣ ਸਹੀ ਹੋਣ ਅਤੇ ਅਸਹਿਮਤੀ ਦੀ ਜੰਤਰ ਮੰਤਰ ਵਾਲੀ ਝਾਕੀ ਦੁਹਰਾਉਣ ਲਈ ਕੁਝ ਕੁ ਲੋਕਾਂ ਦਾ ਇਕੱਠ ਆਪਣੇ ਨਾਲ ਚੱਲਣ ਲਈ ਲੱਭਣ ਲੱਗੇ ਤਾਂ ਮੀਡੀਆ ਨੂੰ ਆਪਣੇ ਉੱਤੇ ਬੇਤਹਾਸ਼ਾ ਹੱਸਦਿਆਂ ਦੇਖੇਗਾ।**









## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores

# ਸ੍ਰੀ ਗੁਰੂ ਸਿੰਘ ਸਭਾ ਵਾਲਨਟ

20001, E Walnut Drive South, Walnut CA-91789 • Ph: 909.869.6165

## ਬੰਦੀ ਛੋੜ ਦਿਵਸ (ਦੀਵਾਲੀ)

### 19 ਅਕਤੂਬਰ, 2017 ਦਿਨ ਵੀਰਵਾਰ ਨੂੰ
### ਗੁਰਦੁਆਰਾ ਸਾਹਿਬ ਵਾਲਨਟ ਵਿਖੇ

• ਰੂਹਾਨੀ ਗੁਰਬਾਣੀ ਕੀਰਤਨ • ਪੰਜਾਬੀ ਖਾਣੇ ਦਾ ਆਨੰਦ ਮਾਣੋ।
ਸੰਗਤ ਵਲੋਂ ਵੱਖ ਵੱਖ ਸਟਾਲਾਂ 'ਤੇ ਸਨੈਕਸ,
ਮਠਿਆਈਆਂ, ਚਾਟ ਤੇ ਕੋਲਡ ਡਰਿੰਕ
ਦਾ ਪ੍ਰਬੰਧ ਕੀਤਾ ਜਾਵੇਗਾ।




### ਪ੍ਰੋਗਰਾਮ

ਰਾਗੀ ਜਥਿਆਂ ਵਲੋਂ ਕੀਰਤਨ ਸ਼ਾਮ 6: 00 ਵਜੇ ਤੋਂ ਰਾਤ 8:45 ਵਜੇ ਤੱਕ
ਆਨੰਦ ਸਾਹਿਬ ਅਤੇ ਅਰਦਾਸ ਰਾਤ 9:00 ਵਜੇ
ਗੁਰੂ ਕਾ ਲੰਗਰ ਰਾਤ 8 :30 ਵਜੇ ਤੋਂ ਸ਼ੁਰੂ ਹੋਵੇਗਾ
ਗੁਰੂ ਕੇ ਲੰਗਰ ਦੀ ਸੇਵਾ ਸੁਰਿੰਦਰ ਸਿੰਘ ਭੋਗਲ
ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ।

### ਸੇਵਾਦਾਰ ਗੁਰਦੁਆਰਾ ਵਾਲਨਟ

- ਸਤਪਾਲ ਸਿੰਘ ਘੋਤਰਾ-(909) 569-9545
- ਸੁਰਿੰਦਰ ਸਿੰਘ ਭੋਗਲ-(909) 455-2320
- ਗੁਰਬਚਨ ਸਿੰਘ ਜੁਨੇਜਾ-(909) 228-1556
- ਕੁਲਬੀਰ ਸਿੰਘ ਭੁੱਲਰ-(626) 675-2233
- ਜਗਜੀਤ ਸਿੰਘ ਇਰਾਨੀ-(626) 239-5621

ਕੀਰਤਨ ਪ੍ਰੋਗਰਾਮ ਅਤੇ ਖਾਣਿਆਂ ਦੀਆਂ ਸਟਾਲਾਂ ਵਿਚ ਹਿੱਸਾ ਲੈਣ ਲਈ
ਭਾਈ ਰਘਬੀਰ ਸਿੰਘ ਨਾਲ (626) 833-8240 ਅਤੇ ਹਨਵੰਤ ਬੀਰ ਸਿੰਘ ਸਾਹਨੀ ਨਾਲ (626) 369-3305 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

## ਪੰਜਾਬੀ ਢਾਬਾ

## Now Open

Indiana
1480 N State Road 1, Cambridge City, IN 47327. 70
Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ
**ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

### ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



**Free Buffet**
over 100 gallons

open 6am to midnight

**Phone: 765-478-6300**



## NOW OPEN IN MODESTO/CERES



G.S. Pannu
Immigration Consultant-LDA

# PANNU'S
LEGAL SERVICES (Regd. & Bonded)

**510.677.5200**

ivisapass@gmail.com

### IMMIGRATION

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions **FREE**

### DIVORCE

- Petitions
- Child Support
- Child Visitation
- Child Custody
- Modification

...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

**FREMONT**
40757 GRIMMER BLVD, CA 94538

**MODESTO/CERES**
3810 EAU CLAIRE AVE, CA 95307

# Yuba City Nagar Kiratan

## ਯੂਬਾ ਸਿਟੀ ਨਗਰ ਕੀਰਤਨ

## ਸਾਲਾਨਾ ਸੋਵੀਨਰ Annual (Souvenir)

**(5th Nov. 2017)**

## "ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਮਹਾਨ ਨਗਰ ਕੀਰਤਨ ਅਯੋਜਿਤ ਕਰਨ ਅਤੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਪਹੁੰਚਾਉਣ ਲਈ ਸਿੱਖ ਸੰਗਤ ਪ੍ਰਨਾਈ ਹੋਈ ਹੈ। ਯੂਬਾ ਸਿਟੀ ਨਗਰ ਕੀਰਤਨ ਪ੍ਰਤੀ ਦੁਨੀਆਂ ਭਰ ਦੇ ਸਿੱਖਾਂ ਵਿਚ ਅਥਾਹ ਸ਼ਰਧਾ ਅਤੇ ਉਤਸ਼ਾਹ ਬਣਿਆ ਹੋਇਆ ਹੈ।

ਸਮੁੱਚੇ ਸਿੱਖ ਪੰਥ ਵਲੋਂ ਯੂਬਾ ਸਿਟੀ, ਕੈਲੀਫੋਰਨੀਆਂ ਵਿੱਚ ਹਰ ਸਾਲ ਕਰਵਾਏ ਜਾਂਦੇ ਸਿੱਖ ਸਮਾਗਮਾਂ ਤੇ ਸਜਾਏ ਜਾਂਦੇ ਵਿਸ਼ਾਲ ਨਗਰ ਕੀਰਤਨ ਨੂੰ ਮੁੱਖ ਰੱਖਦਿਆਂ ਐਤਕਾਂ ਵਿਸ਼ੇਸ ਸੋਵੀਨਰ ਕੱਢਿਆ ਜਾ ਰਿਹਾ ਹੈ ਜਿਸ ਵਿੱਚ ਨਗਰ ਕੀਰਤਨ ਤੇ ਸਿੱਖ ਇਤਿਹਾਸ, ਸਿੱਖ ਵਿਦਵਾਨਾਂ ਦੇ ਵੱਡਮੁਲੇ ਲੇਖ ਤੇ ਅਮਰੀਕਨ ਸਿੱਖ ਭਾਈਚਾਰੇ ਦੀਆਂ ਆਪਣੀ ਦਿੱਖ ਦਾ ਪ੍ਰਭਾਵ ਦੇਣ ਲਈ ਕੀਤੀਆਂ ਸਰਗਰਮੀਆਂ ਦੇ ਉਲੇਖ ਹੋਣਗੇ।

* ਸਮੁੱਚੇ ਭਾਈਚਾਰੇ ਦੇ ਵਿਦਵਾਨ ਲੇਖਕਾਂ ਨੂੰ ਇਸਦਾ ਹਿੱਸਾ ਬਣਨ ਲਈ ਬੇਨਤੀ ਹੈ।
* ਸਾਰੇ ਬਿਜ਼ਨਸਮੈਨਾਂ ਨੂੰ ਬੇਨਤੀ ਹੈ ਕਿ ਆਪਣੇ ਬਿਜ਼ਨਸ ਨੂੰ ਇਸ ਸੋਵੀਨਾਰ ਦਾ ਹਿੱਸਾ ਬਣਾਉਣ ਲਈ ਇਸ਼ਤਿਹਾਰਾਂ ਰਾਹੀਂ ਇਸ ਇਤਿਹਾਸਕ ਕਾਰਜ ਵਿਚ ਯੋਗਦਾਨ ਪਾਉਣ।
* ਇਹ ਸੋਵੀਨਰ ਨਿਰਪੱਖ ਹੋਵੇਗਾ ਤੇ ਕਿਸੇ ਧੜ੍ਹੇ ਜਾਂ ਕਿਸੇ ਪਾਰਟੀ ਦਾ ਹਿੱਸਾ ਨਹੀਂ ਹੋਵੇਗਾ।



ਸੋਵੀਨਰ ਪ੍ਰਤੀ ਹੋਰ ਜਾਣਕਾਰੀ ਲੈਣ ਲਈ, ਲੇਖ ਭੇਜਣ ਤੇ ਆਪਣੇ ਬਿਜਨਸ ਦਾ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

**(916) 308-7997**



6624 Florin Road, Sacramento CA 95828
Email: apnanews@gmail.com

-ਹੁਸਨ ਲੜੋਆ ਬੰਗਾ (ਪੱਤਰਕਾਰ)


PUNJABI CULTURAL SOCIETY LA
Presents
Non-Profit Organization
KANWAR
GREWAL
Mastana
JOGI
returns
DIWALI MELA
DATE
22
OCTOBER 2017
TIME: 5:00 pm
VENUE
SWAD OF INDIA
1410 7TH ST UPLAND CA 91786
TICKETS
VIP $ 100 $ 75 $ 50
TITU LIDHAR- 626-780-4287 , LADDI BHULLAR-626-602-6298 , BILL SINGH 909-706-0360
PARMINDER SHARMA- 626 428-9051 , RAJESH VAID-909-919-4239
MANNY SINGH -714-240-3841 SUKHJIT DHANOA 626-217-5878
colosographics@gmail.com

# SINGH TRANSPORT INC




ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



# Website Design & Development

➡ ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES

- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
ENGINEERED BY COOPERTIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR
MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA
By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਜੀਐਸਟੀ ਢਾਂਚੇ 'ਚ ਤਬਦੀਲੀਆਂ ਕਰਕੇ ਛੋਟੇ ਤੇ ਦਰਮਿਆਨੇ ਕਾਰੋਬਾਰੀਆਂ ਨੂੰ ਰਾਹਤ

**ਨਵੀਂ ਦਿੱਲੀ/ਬਿਊਰੋ ਨਿਊਜ਼:** ਦੇਸ਼ ਵਿੱਚ ਅਸਿੱਧੇ ਕਰਾਂ ਦਾ ਨਵਾਂ ਨਿਜ਼ਾਮ ਜੀਐਸਟੀ ਲਾਗੂ ਕੀਤੇ ਜਾਣ ਦੇ ਤਿੰਨ ਮਹੀਨੇ ਬਾਅਦ ਇਸ ਸਬੰਧੀ ਉਚ ਅਧਿਕਾਰ ਪ੍ਰਾਪਤ ਜੀਐਸਟੀ ਕੌਂਸਲ ਨੇ ਇਥੇ ਆਪਣੀ ਮੀਟਿੰਗ ਦੌਰਾਨ ਕਰ ਸਾਂਚੇ ਵਿੱਚ ਵਿਆਪਕ ਤਬਦੀਲੀਆਂ ਕੀਤੀਆਂ ਹਨ। ਇਨ੍ਹਾਂ ਤਬਦੀਲੀਆਂ ਤਹਿਤ ਛੋਟੇ ਤੇ ਦਰਮਿਆਨੇ ਕਾਰੋਬਾਰੀਆਂ ਨੂੰ ਕਰ ਰਿਟਰਨਾਂ ਭਰਨ ਤੇ ਕਰਾਂ ਦੀ ਅਦਾਇਗੀ ਸਬੰਧੀ ਭਾਰੀ ਰਾਹਤ ਦਿੱਤੀ ਗਈ ਹੈ ਅਤੇ ਬਰਾਮਦਕਾਰਾਂ ਸਬੰਧੀ ਨਿਯਮ ਨਰਮ ਕਰਨ ਦੇ ਨਾਲ ਹੀ 27 ਵਸਤਾਂ ਉਤੇ ਟੈਕਸ ਦਰ ਘਟਾ ਦਿੱਤੀ ਗਈ ਹੈ।

ਕੌਂਸਲ ਦੀ 22ਵੀਂ ਮੀਟਿੰਗ ਤੋਂ ਬਾਅਦ ਇਸ ਦੇ ਮੁਖੀ ਤੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਪੱਤਕਾਰਾਂ ਨੂੰ ਦੱਸਿਆ, "ਜੀਐਸਟੀ ਵਿੱਚ ਦਰਮਿਆਨੇ ਤੇ ਛੋਟੇ ਕਰਦਾਤਾਵਾਂ ਦਾ ਕਰਾਂ ਦਾ ਭਾਰ ਹਲਕਾ ਕੀਤਾ ਜਾ ਰਿਹਾ ਹੈ।" ਕੌਂਸਲ ਵੱਲੋਂ ਲਏ ਤਾਜ਼ਾ ਫ਼ੈਸਲਿਆਂ ਮੁਤਾਬਕ ਸਾਲਾਨਾ 1.50 ਕਰੋੜ ਰੁਪਏ ਦੇ ਕਾਰੋਬਾਰ ਵਾਲੇ ਕਾਰੋਬਾਰੀਆਂ ਨੂੰ ਪਹਿਲੇ ਨਿਯਮਾਂ ਤਹਿਤ ਹਰ ਮਹੀਨੇ ਆਮਦਨ ਰਿਟਰਨਾਂ ਭਰਨ ਤੇ ਕਰ ਅਦਾ ਕਰਨ ਤੋਂ ਛੋਟ ਦਿੱਤੀ ਗਈ ਹੈ। ਹੁਣ ਉਹ ਤਿਮਾਹੀ ਰਿਟਰਨਾਂ ਭਰ ਤੇ ਕਰ ਅਦਾ ਕਰ ਸਕਣਗੇ। ਗ਼ੌਰਤਲਬ ਹੈ ਕਿ ਅਜਿਹੇ ਕਾਰੋਬਾਰੀ ਕੁੱਲ ਕਰ ਆਧਾਰ ਦਾ 90 ਫ਼ੀਸਦੀ ਬਣਦੇ ਹਨ, ਪਰ ਇਹ ਕਰ ਪੰਜ-ਛੇ ਫ਼ੀਸਦੀ ਹੀ ਅਦਾ ਕਰਦੇ ਹਨ। ਇਸੇ ਤਰ੍ਹਾਂ ਸਖ਼ਤ ਸ਼ਰਤਾਂ ਪੂਰੀਆਂ ਕੀਤੇ ਬਿਨਾਂ ਇਕ ਤੋਂ ਪੰਜ ਫ਼ੀਸਦੀ ਤੱਕ ਕਰ ਅਦਾ ਕਰ ਸਕਣ ਲਈ ਕਾਰੋਬਾਰ ਦੀ ਹੱਦ 75 ਲੱਖ ਤੋਂ ਵਧਾ ਕੇ ਇਕ ਕਰੋੜ ਰੁਪਏ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਤਿਮਾਹੀ ਰਿਟਰਨਾਂ ਭਰਨ ਦੀ ਸਹੂਲਤ ਪਹਿਲੀ ਅਕਤੂਬਰ ਤੋਂ ਸ਼ੁਰੂ ਹੋਵੇਗੀ ਅਤੇ ਇਸ ਤੋਂ ਪਹਿਲੇ ਤਿੰਨ ਮਹੀਨਿਆਂ (ਜੁਲਾਈ, ਅਗਸਤ ਤੇ ਸਤੰਬਰ) ਦੀਆਂ ਮਾਸਿਕ ਰਿਟਰਨਾਂ ਹੀ ਭਰਨੀਆਂ ਹੋਣਗੀਆਂ।




ਇਕ ਹੋਰ ਅਹਿਮ ਫ਼ੈਸਲੇ ਤਹਿਤ ਜਵਾਹਰਾਤ ਤੇ ਗਹਿਣਿਆਂ ਨੂੰ ਜੀਐਸਟੀ ਦੇ ਦਾਇਰੇ ਤੋਂ ਬਾਹਰ ਕਰ ਦਿੱਤਾ ਗਿਆ ਹੈ। ਹੁਣ ਇਸ ਸਬੰਧੀ ਨਵਾਂ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ। ਇਸੇ ਤਰ੍ਹਾਂ 2 ਲੱਖ ਰੁਪਏ ਤੱਕ ਦੇ ਗਹਿਣੇ ਖ਼ਰੀਦਣ ਲਈ ਹੁਣ ਪੈਨ ਨੰਬਰ ਦੇਣਾ ਜ਼ਰੂਰੀ ਨਹੀਂ ਹੋਵੇਗਾ।

ਸ੍ਰੀ ਜੇਤਲੀ ਨੇ ਦੱਸਿਆ ਕਿ ਕੌਂਸਲ ਨੇ ਆਮ ਵਰਤੋਂ ਦੀਆਂ 27 ਵਸਤਾਂ ਦੀ ਕਰ ਦਰ ਘਟਾ ਦਿੱਤੀ ਹੈ। ਇਸ ਤਹਿਤ ਅਨਬਰਾਂਡਿਡ ਨਮਕੀਨ, ਅਨਬਰਾਂਡਿਡ ਆਯੁਰਵੈਦਿਕ ਦਵਾਈਆਂ, ਅੰਬ ਪਾਪੜ ਅਤੇ ਖਾਖਰਾ ਉਤੇ ਟੈਕਸ ਦੀ ਦਰ 12 ਫ਼ੀਸਦੀ ਤੋਂ ਘਟਾ ਕੇ ਪੰਜ ਫ਼ੀਸਦੀ ਕਰ ਦਿੱਤੀ ਗਈ ਹੈ। ਕੱਪੜਾ ਸਨਅਤ ਵਿੱਚ ਵਰਤੇ ਜਾਣ ਵਾਲੇ ਸੂਤ ਦੀ ਦਰ 18 ਤੋਂ ਘਟਾ ਕੇ 12 ਫ਼ੀਸਦੀ ਕੀਤੀ ਗਈ ਹੈ। ਸਟੇਸ਼ਨਰੀ ਵਸਤਾਂ, ਫ਼ਰਸ਼ ਲਈ ਵਰਤੇ ਜਾਂਦੇ ਪੱਥਰ (ਮਾਰਬਲ ਤੇ ਗਰੇਨਾਈਟ ਨੂੰ ਛੱਡ ਕੇ), ਡੀਜ਼ਲ ਇੰਜਣ ਦੇ ਪੁਰਜ਼ੇ ਹੁਣ 28 ਦੀ ਥਾਂ 18 ਫ਼ੀਸਦੀ ਕਰ ਵਾਲੀ ਸਲੈਬ ਵਿੱਚ ਆਉਣਗੇ। ਈ-ਵੇਸਟ ਉਤੇ ਜੀਐਸਟੀ ਦਰ ਭਾਰੀ ਕਟੌਤੀ ਨਾਲ 28 ਫ਼ੀਸਦੀ ਤੋਂ ਪੰਜ ਫ਼ੀਸਦੀ ਕੀਤੀ ਗਈ ਹੈ। ਸਕੂਲੀ ਬੱਚਿਆਂ ਨੂੰ ਸੰਗਠਿਤ ਬਾਲ ਵਿਕਾਸ ਸਕੀਮਾਂ ਤਹਿਤ ਦਿੱਤੇ ਜਾਣ ਵਾਲੇ ਖ਼ੁਰਾਕੀ ਪੈਕਟਾਂ ਉਤੇ ਵੀ ਹੁਣ 12 ਦੀ ਥਾਂ ਪੰਜ ਫ਼ੀਸਦੀ ਕਰ ਲੱਗੇਗਾ। ਜ਼ਰੀ ਤੇ ਨਕਲ ਦੇ ਕੰਮ, ਖ਼ੁਰਾਕੀ ਵਸਤਾਂ ਤੇ ਪ੍ਰਿੰਟਿੰਗ ਵਸਤਾਂ ਉਤੇ ਵੀ ਕਰ ਦੀ ਦਰ 12 ਤੋਂ ਘਟਾ ਕੇ ਪੰਜ ਫ਼ੀਸਦੀ ਕੀਤੀ ਗਈ ਹੈ। ਆਲਮੀ ਮੰਦਵਾੜੇ ਦਾ ਸ਼ਿਕਾਰ ਬਰਾਮਦਕਾਰਾਂ ਨੂੰ ਉਨ੍ਹਾਂ ਵੱਲੋਂ ਜੁਲਾਈ ਤੇ ਅਗਸਤ ਦੌਰਾਨ ਅਦਾ ਕੀਤੇ ਟੈਕਸ ਦਾ ਰਿਫੰਡ 18 ਅਕਤੂਬਰ ਤੱਕ ਮਿਲ ਜਾਵੇਗਾ। ਮਾਲੀ ਸਾਲ ਦੇ ਬਾਕੀ ਸਮੇਂ ਦੌਰਾਨ ਉਹ ਛੋਟ ਪ੍ਰਾਪਤ ਵਰਗ ਤਹਿਤ ਕੰਮ ਕਰਨਗੇ, ਜਿਸ ਤਹਿਤ ਉਨ੍ਹਾਂ ਨੂੰ ਮਹਿਜ਼ 0.1 ਫ਼ੀਸਦੀ ਟੈਕਸ ਦੇਣਾ ਹੋਵੇਗਾ। ਉਨ੍ਹਾਂ ਕਿਹਾ ਕਿ ਬਰਾਮਦਕਾਰਾਂ ਨੂੰ ਤਰਲਤਾ ਮੁਹੱਈਆ ਕਰਾਉਣ ਲਈ ਅਗਾਮੀ ਅਪ੍ਰੈਲ ਮਹੀਨੇ ਤੋਂ ਈ-ਵਾਲਟ ਸਹੂਲਤ ਲਾਂਚ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਸ੍ਰੀ ਜੇਤਲੀ ਨੇ ਸਾਫ਼ ਕੀਤਾ ਕਿ ਵੱਡੇ ਕਰਦਾਤਾਵਾਂ, ਜਿਹੜੇ ਕੁੱਲ ਕਰ ਆਧਾਰ ਦਾ 94-95 ਫ਼ੀਸਦੀ ਬਣਦੇ ਹਨ, ਨੂੰ ਪਹਿਲਾਂ ਵਾਂਗ ਮਾਸਿਕ ਆਧਾਰ 'ਤੇ ਹੀ ਕਰ ਰਿਟਰਨਾਂ ਭਰਨੀਆਂ ਹੋਣਗੀਆਂ ਤੇ ਕਰਾਂ ਦੀ ਅਦਾਇਗੀ ਕਰਨੀ ਹੋਵੇਗੀ। ਇਸ ਦੇ ਨਾਲ ਹੀ ਅੰਤਰ-ਰਾਜੀ ਵਿਕਰੀਆਂ ਸਬੰਧੀ ਕੰਪੋਜ਼ੀਸ਼ਨ ਸਕੀਮ ਦਾ ਘੇਰਾ ਵਧਾਉਣ ਅਤੇ ਰੇਸਤਰਾਵਾਂ 'ਤੇ ਕਰ ਨੂੰ ਤਰਕਸੰਗਤ ਬਣਾਉਣ ਲਈ ਮੰਤਰੀਆਂ ਦਾ ਇਕ ਗਰੁੱਪ ਕਾਇਮ ਕੀਤਾ ਗਿਆ ਹੈ।

## ਗੁਜਰਾਤ ਦੰਗਿਆਂ ਦੇ ਦੋਸ਼ਾਂ 'ਚੋਂ ਮੋਦੀ ਨੂੰ ਮਿਲੀ ਕਲੀਨ ਚਿੱਟ

**ਅਹਿਮਦਾਬਾਦ/ਬਿਊਰੋ ਨਿਊਜ਼ :** ਗੁਜਰਾਤ ਦੰਗਿਆਂ ਦੀ ਤਫ਼ਤੀਸ਼ ਕਰਨ ਵਾਲੀ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਮੌਕੇ ਦੇ ਮੁੱਖ ਮੰਤਰੀ ਤੇ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਲੀਨ ਚਿੱਟ ਦਿੱਤੇ ਜਾਣ ਖ਼ਿਲਾਫ਼ ਦਾਇਰ ਅਪੀਲ ਨੂੰ ਗੁਜਰਾਤ ਹਾਈ ਕੋਰਟ ਨੇ ਖ਼ਾਰਜ ਕਰ ਦਿੱਤਾ। ਪਟੀਸ਼ਨਰ ਜ਼ਕੀਆ ਜਾਫ਼ਰੀ ਨੇ ਸਿੱਟ ਦੀ ਕਲੀਨ ਚਿੱਟ ਨੂੰ ਮਨਜ਼ੂਰ ਕਰਨ ਦੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਚੁਣੌਤੀ ਦਿੰਦਿਆਂ ਸ੍ਰੀ ਮੋਦੀ ਤੇ ਹੋਰਨਾਂ ਉਤੇ ਦੰਗਿਆਂ ਸਬੰਧੀ ਵਡੇਰੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦਾ ਦੋਸ਼ ਲਾਇਆ ਸੀ। ਉਂਜ, ਅਦਾਲਤ ਨੇ ਪਟੀਸ਼ਨਰ ਨੂੰ ਮਾਮਲੇ ਦੀ ਮੁੜ ਤੇ ਹੋਰ ਜਾਂਚ ਲਈ ਢੁਕਵੀਂ ਥਾਂ ਪਹੁੰਚ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਹਾਈ ਕੋਰਟ ਦੀ ਜਸਟਿਸ ਸੋਨੀਆ ਗੋਕਾਨੀ ਨੇ ਬੀਬੀ ਜਾਫ਼ਰੀ ਦੇ ਇਸ ਦਾਅਵੇ ਨੂੰ ਖ਼ਾਰਜ ਕਰ ਦਿੱਤਾ ਕਿ ਸ੍ਰੀ ਮੋਦੀ ਅਤੇ ਕੁਝ ਸੀਨੀਅਰ ਪੁਲੀਸ ਤੇ ਸਿਵਲ ਅਫ਼ਸਰਾਂ ਨੇ ਇਕ ਸਾਜ਼ਿਸ਼ ਤਹਿਤ ਦੰਗਾਕਾਰੀਆਂ ਨੂੰ ਸ਼ਹਿ ਦਿੱਤੀ ਸੀ। ਜਸਟਿਸ ਗੋਕਾਨੀ ਨੇ ਸਾਫ਼ ਕੀਤਾ ਕਿ ਇਹ ਮਾਮਲਾ ਸੁਪਰੀਮ ਕੋਰਟ ਵੱਲੋਂ ਸਾਬਕਾ ਆਈਪੀਐਸ ਅਫ਼ਸਰ ਸੰਜੀਵ ਭੱਟ ਦੀ ਪਟੀਸ਼ਨ ਉਤੇ ਆਪਣੇ 2015 ਦੇ ਹੁਕਮਾਂ ਵਿੱਚ ਪਹਿਲਾਂ ਹੀ ਵਿਚਾਰਿਆ ਜਾ ਚੁੱਕਾ ਹੈ।ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਵਡੇਰੀ ਸਾਜ਼ਿਸ਼ ਦੇ ਦੋਸ਼ਾਂ ਨੂੰ ਖ਼ਾਰਜ ਕਰ ਦਿੱਤਾ ਸੀ ਅਤੇ ਸਿਖਰਲੀ ਅਦਾਲਤ ਨੇ ਸਿੱਟ ਦੀ ਤਫ਼ਤੀਸ਼ ਦੀ ਨਿਗਰਾਨੀ ਵੀ ਕੀਤੀ ਸੀ। ਦੂਜੇ ਪਾਸੇ ਅਦਾਲਤ ਨੇ ਮਾਮਲੇ ਦੀ ਮੁੜ ਤੇ ਅਗਲੇਰੀ ਜਾਂਚ ਲਈ ਢੁਕਵੇਂ ਮੰਚ ਕੋਲ ਜਾਣ ਲਈ ਪਟੀਸ਼ਨਰਾਂ ਨੂੰ ਇਜਾਜ਼ਤ ਦੇ ਦਿੱਤੀ। ਹਾਈ ਕੋਰਟ ਨੇ ਕਿਹਾ ਕਿ ਹੇਠਲੀ ਅਦਾਲਤ (ਮੈਟਰੋਪੌਲਿਟਨ ਮੈਜਿਸਟਰੇਟ) ਨੇ ਹੋਰ ਜਾਂਚ ਦੇ ਹੁਕਮ ਦੇਣ ਪੱਖੋਂ ਆਪਣੇ ਅਖ਼ਤਿਆਰ ਸੀਮਤ ਹੋਣ ਦੀ ਗੱਲ ਆਖ ਕੇ 'ਆਪਣੇ ਆਪ ਨੂੰ ਸੀਮਤ' ਕਰ ਲਿਆ ਸੀ। ਪਟੀਸ਼ਨਰ ਹੋਰ ਜਾਂਚ ਲਈ ਮੈਜਿਸਟਰੇਟੀ ਅਦਾਲਤ, ਹਾਈ ਕੋਰਟ ਦੇ ਡਿਵੀਜ਼ਨ ਬੈਂਚ ਜਾਂ ਸੁਪਰੀਮ ਕੋਰਟ ਕੋਲ ਜਾ ਸਕਦੇ ਹਨ। ਕਾਂਗਰਸ ਦੇ ਮਰਹੂਮ ਆਗੂ ਤੇ ਸਾਬਕਾ ਸੰਸਦ ਮੈਂਬਰ ਅਹਿਸਾਨ ਜਾਫ਼ਰੀ ਦੀ ਪਤਨੀ ਬੀਬੀ ਜ਼ਕੀਆ ਜਾਫ਼ਰੀ ਅਤੇ ਸਮਾਜਿਕ ਕਾਰਕੁਨ ਤੀਸਤਾ ਸੀਤਲਵਾੜ ਦੀ ਐਨਜੀਓ ਨੇ ਕਲੀਨ ਚਿੱਟ ਦੇਣ ਦੇ ਮੈਜਿਸਟਰੇਟ ਦੇ ਹੁਕਮਾਂ ਖ਼ਿਲਾਫ਼ ਫ਼ੌਜਦਾਰੀ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਸੀ। ਇਸ ਵਿੱਚ ਸ੍ਰੀ ਮੋਦੀ ਸਣੇ 60 ਵਿਅਕਤੀਆਂ ਉਤੇ ਦੰਗਿਆਂ ਨੂੰ ਸ਼ਹਿ ਦੇਣ ਦੇ ਦੋਸ਼ ਸਨ। ਗੁਜਰਾਤ ਵਿੱਚ ਮਾਰਚ 2002 ਵਿਚ ਭੜਕੇ ਦੰਗਿਆਂ ਵਿੱਚ ਘੱਟਗਿਣਤੀ ਫ਼ਿਰਕੇ ਦੇ ਸੈਂਕੜੇ ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚ ਅਹਿਮਦਾਬਾਦ ਦੀ ਗੁਲਬਰਗ ਸੁਸਾਇਟੀ ਵਿੱਚ ਸ੍ਰੀ ਜਾਫ਼ਰੀ ਸਣੇ 68 ਲੋਕ ਵੀ ਦੰਗਾਕਾਰੀਆਂ ਦੇ ਸ਼ਿਕਾਰ ਹੋਏ ਸਨ।



## ਕੈਨੇਡਾ ਦੀ ਲਿਬਰਲ ਸਰਕਾਰ ਨੇ ਨਾਗਰਿਕਤਾ ਬਾਰੇ ਸ਼ਰਤਾਂ ਕੀਤੀਆਂ ਨਰਮ

### *ਅੰਗਰੇਜ਼ੀ ਭਾਸ਼ਾ ਅਤੇ ਕੈਨੇਡਾ ਬਾਰੇ ਜਨਰਲ ਜਾਣਕਾਰੀ ਦੇ ਟੈਸਟ ਤੋਂ ਛੋਟ*

**ਬਰੈਂਪਟਨ/ਬਿਊਰੋ ਨਿਊਜ਼ :** ਕੈਨੇਡਾ ਦੀ ਲਿਬਰਲ ਸਰਕਾਰ ਨੇ ਇਮੀਗਰੇਸ਼ਨ ਕਾਨੂੰਨ ਵਿੱਚ ਸੋਧ ਕਰਕੇ ਮੁਲਕ ਦੀ ਨਾਗਰਿਕਤਾ ਲੈਣ ਦਾ ਸਮਾਂ ਚਾਰ ਸਾਲ ਤੋਂ ਘਟਾ ਕੇ ਤਿੰਨ ਸਾਲ ਕਰ ਦਿੱਤਾ ਹੈ। ਇਸ ਦੇ ਨਾਲ ਹੀ 55 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਉਮੀਦਵਾਰਾਂ ਨੂੰ ਅੰਗਰੇਜ਼ੀ ਭਾਸ਼ਾ ਅਤੇ ਕੈਨੇਡਾ ਬਾਰੇ ਜਨਰਲ ਜਾਣਕਾਰੀ ਦੇ ਟੈਸਟ ਤੋਂ ਛੋਟ ਦਿੱਤੀ ਗਈ ਹੈ। ਫੈਡਰਲ ਸਰਕਾਰ ਦੇ ਇਮੀਗਰੇਸ਼ਨ ਮੰਤਰੀ ਅਹਿਮਦ ਹੁਸੈਨ ਨੇ ਮੀਡੀਆ ਕਰਮੀਆਂ ਨੂੰ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਫ਼ੈਸਲਾ 11 ਅਕਤੂਬਰ ਤੋਂ ਲਾਗੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਪਰਮਾਨੈਂਟ ਰੈਜ਼ੀਡੈਂਟ ਜਾਂ ਪੀਆਰ ਵਾਲਾ ਪਰਵਾਸੀ ਜਿਹੜਾ ਪੰਜ ਸਾਲ ਵਿੱਚੋਂ ਤਿੰਨ ਸਾਲ ਕੈਨੇਡਾ ਵਿੱਚ ਰਿਹਾ ਹੋਵੇ, ਉਹ ਮੁਲਕ ਦੀ ਨਾਗਰਿਕਤਾ ਲਈ ਅਪਲਾਈ ਕਰ ਸਕਦਾ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਹਾਰਪਰ ਸਰਕਾਰ ਨੇ 6 ਸਾਲ ਵਿੱਚ ਚਾਰ ਸਾਲ ਕੈਨੇਡਾ ਵਿੱਚ ਰਹਿੰਦੇ ਹੋਣ ਦੀ ਸ਼ਰਤ ਰੱਖੀ ਹੋਈ ਸੀ ਅਤੇ 14 ਸਾਲ ਤੋਂ 64 ਸਾਲ ਦੀ ਉਮਰ ਤਕ ਅੰਗਰੇਜ਼ੀ ਭਾਸ਼ਾ ਅਤੇ ਕੈਨੇਡਾ ਸਬੰਧੀ ਜਾਣਕਾਰੀ ਬਾਰੇ ਟੈਸਟ ਦੇਣਾ ਲਾਜ਼ਮੀ ਸੀ।

ਸ੍ਰੀ ਹੁਸੈਨ ਨੇ ਕਿਹਾ ਕਿ ਵੱਡੀ ਗਿਣਤੀ ਵਿੱਚ ਅਰਜ਼ੀਕਾਰ ਲਿਬਰਲ ਸਰਕਾਰ ਵੱਲੋਂ ਇਸ ਸਬੰਧੀ ਲਿਆਂਦੇ ਗਏ ਬਿਲ ਦੇ ਪਾਸ ਹੋਣ ਦੀ ਉਡੀਕ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਇਮੀਗਰੇਸ਼ਨ ਦੀ ਇਕ ਹੋਰ ਸੋਧ ਅਨੁਸਾਰ ਇੰਟਰਨੈਸ਼ਨਲ ਸਟੂਡੈਂਟਸ, ਪਰਵਾਸੀ ਕਾਮਿਆਂ ਅਤੇ ਰਿਫ਼ੂਜੀਆਂ ਨੂੰ ਇਕ ਸਾਲ ਦਾ ਵਾਧੂ ਲਾਭ ਦਿੱਤਾ ਗਿਆ ਹੈ ਤਾਂ ਜੋ ਉਹ ਪਰਮਾਨੈਂਟ ਰੈਜ਼ੀਡੈਂਸੀ ਲੈਣ ਲਈ ਇਕ ਸਾਲ ਦਾ ਸਮਾਂ ਬਚਾ ਸਕਣ। ਉਨ੍ਹਾਂ ਮੁਤਾਬਕ ਨਾਗਰਿਕਤਾ ਲੈਣ ਲਈ ਫੀਸਾਂ ਵਿੱਚ ਨਵਾਂ ਵਾਧਾ ਨਹੀਂ ਕੀਤਾ ਗਿਆ ਹੈ।

## ਗੋਧਰਾ ਕਾਂਡ ਦੇ 11 ਦੋਸ਼ੀਆਂ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲੀ

**ਅਹਿਮਦਾਬਾਦ/ਬਿਊਰੋ ਨਿਊਜ਼ :**

ਗੁਜਰਾਤ ਹਾਈਕੋਰਟ ਨੇ ਗੋਧਰਾ ਕਾਂਡ ਦੇ 11 ਦੋਸ਼ੀਆਂ ਨੂੰ ਮੌਤ ਦੀ ਸਜ਼ਾ ਤੋਂ ਰਾਹਤ ਦਿੰਦਿਆਂ ਸਜ਼ਾ ਨੂੰ ਸਖ਼ਤ ਉਮਰ ਕੈਦ ਵਿੱਚ ਬਦਲ ਦਿੱਤਾ ਹੈ। ਇਸ ਦੇ ਨਾਲ ਹੀ ਅਦਾਲਤ ਨੇ 20 ਦੋਸ਼ੀਆਂ ਦੀ ਉਮਰ ਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਇਹ ਵੀ ਮੰਨਿਆ ਕਿ ਸੂਬਾ ਸਰਕਾਰ ਅਤੇ ਰੇਲਵੇ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਵਿੱਚ ਅਸਫਲ ਰਹੇ ਤੇ ਆਦਲਤ ਨੇ ਇਨ੍ਹਾਂ ਨੂੰ ਮ੍ਰਿਤਕਾਂ ਦੇ ਵਾਰਿਸਾਂ ਨੂੰ ਮੁਆਵਜ਼ਾ ਦੇਣ ਦੇ ਆਦੇਸ਼ ਵੀ ਦਿੱਤੇ ਹਨ। ਸਾਲ ਗੁਜਰਾਤ ਦੇ ਗੋਧਰਾ ਰੇਲਵੇ ਸਟੇਸ਼ਨ ਉੱਤੇ ਗੈਰਸਮਾਜੀ ਤੱਤਾਂ ਨੇ ਅਯੁੱਧਿਆ ਤੋਂ ਆ ਰਹੀ ਸਾਬਰਮਤੀ ਐਕਸਪ੍ਰੈਸ ਰੇਲ ਗੱਡੀ ਦੇ ਡੱਬੇ ਨੂੰ 27 ਅਗਸਤ 2002 ਨੂੰ ਅੱਗ ਲਾ ਦਿੱਤੀ ਸੀ। ਇਸ ਵਿੱਚ 59 ਲੋਕ ਮਾਰੇ ਗਏ ਸਨ। ਇਨ੍ਹਾਂ ਵਿੱਚ ਬਹੁਤੇ ਕਾਰ ਸੇਵਕ ਸਨ, ਜੋ ਅਯੁਧਿਆ ਤੋਂ ਪਰਤ ਰਹੇ ਸਨ। ਬਾਬਰੀ ਮਸਜਿਦ ਨੂੰ ਢਾਹੇ ਜਾਣ ਦੀ ਘਟਨਾ ਦੇ ਰੋਸ ਵਜੋਂ ਵਾਪਰੀ ਇਸ ਘਟਨਾ ਪਿੱਛੋਂ ਗੁਜਰਾਤ ਵਿੱਚ ਦੰਗੇ ਫੈਲ ਗਏ ਸਨ ਜਿਨ੍ਹਾਂ ਵਿੱਚ ਕਰੀਬ 1200 ਲੋਕ ਮਾਰੇ ਗਏ ਸਨ ਜਿਨ੍ਹਾਂ ਵਿਚੋਂ ਵਧੇਰੇ ਕਰਕੇ ਮੁਸਲਮਾਨ ਸਨ।



ਗੁਜਰਾਤ ਹਾਈ ਕੋਰਟ ਦੇ ਜਸਟਿਸ ਆਨੰਤ ਐਸ ਦਵੇ ਅਤੇ ਜੀਐੱਸ ਉਧਵਾਨੀ ਉੱਤੇ ਆਧਾਰਤ ਇੱਕ ਡਿਵੀਜ਼ਨ ਬੈਂਚ ਨੇ ਗੋਧਰਾ ਕਾਂਡ ਸਬੰਧੀ ਸੁਣਾਏ ਫੈਸਲੇ ਵਿੱਚ ਕਿਹਾ ਕਿ ਅਦਾਲਤ ਦੋਸ਼ੀਆਂ ਦੀ ਸਜ਼ਾ ਨੂੰ ਬਰਕਰਾਰ ਰੱਖਦੀ ਹੈ ਪਰ ਇਨ੍ਹਾਂ 11 ਦੋਸ਼ੀਆਂ ਨੂੰ ਹੇਠਲੀ ਅਦਾਲਤ ਵੱਲੋਂ ਸੁਣਾਈ ਮੌਤ ਦੀ ਸਜ਼ਾ ਨੂੰ ਸਖਤ ਉਮਰ ਕੈਦ ਦੀ ਸਜ਼ਾ ਵਿੱਚ ਬਦਲਦੀ ਹੈ। ਅਦਾਲਤ ਨੇ ਬਾਕੀ ਦੇ 20 ਦੋਸ਼ੀਆਂ ਨੂੰ ਸੁਣਾਈ ਉਮਰ ਕੈਦ ਦੀ ਸ਼ਜਾ ਨੂੰ ਬਰਕਰਾਰ ਰੱਖਿਆ ਹੈ। ਇਸ ਦੇ ਨਾਲ ਹੀ ਅਦਾਲਤ ਨੇ ਰੇਲਵੇ ਅਤੇ ਸੂਬਾ ਸਰਕਾਰ ਨੂੰ ਆਦੇਸ਼ ਦਿੱਤੇ ਕਿ ਉਹ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਦਸ ਦਸ ਲੱਖ ਰੁਪਏ ਦੇਵੇ ਕਿਉਂਕਿ ਸੂਬਾ ਸਰਕਾਰ ਅਤੇ ਰੇਲਵੇ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਨਹੀਂ ਰੱਖ ਸਕੇ। ਅਦਾਲਤ ਨੇ ਇਸ ਗੱਲ ਉੱਤੇ ਅਫਸੋਸ ਵੀ ਜਾਰੀ ਕੀਤਾ ਕਿ ਉਸ ਵੱਲੋਂ ਫੈਸਲਾ ਸੁਣਾਉਣ ਵਿੱਚ ਦੇਰੀ ਹੋ ਗਈ ਹੈ। ਇਸ ਕੇਸ ਵਿੱਚ ਹਾਈਕੋਰਟ ਨੇ ਜ਼ਖ਼ਮੀਆਂ, ਰੇਲਵੇ ਮੁਲਾਜ਼ਮਾਂ, ਮੁਸਾਫਿਰਾਂ, ਪੁਲੀਸ ਮੁਲਾਜ਼ਮਾਂ ਫਰਾਂਸਿਕ ਮਾਹਰਾਂ ਦੀਆਂ ਗਵਾਹੀਆਂ ਦਰਜ ਕੀਤੀਆਂ।

## ਕੇਰਲ, ਮੱਧ ਪ੍ਰਦੇਸ਼ ਤੇ ਮਿਜ਼ੋਰਮ 'ਚ ਵੀ ਆਨੰਦ ਮੈਰਿਜ ਐਕਟ ਲਾਗੂ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਜਾਣਕਾਰੀ ਦਿੱਤੀ ਕਿ 7 ਸੂਬਿਆਂ ਵਿਚ ਲਾਗੂ ਕੀਤੇ ਜਾਣ ਉਪਰੰਤ ਹੁਣ ਆਨੰਦ ਮੈਰਿਜ ਐਕਟ ਤਿੰਨ ਹੋਰ ਸੂਬਿਆਂ ਵਿਚ ਵੀ ਲਾਗੂ ਹੋ ਗਿਆ ਹੈ। ਕੇਰਲ, ਮੱਧ ਪ੍ਰਦੇਸ਼ ਤੇ ਮਿਜ਼ੋਰਮ ਵਿਚ ਲਾਗੂ ਹੋਣ ਉਪਰੰਤ ਆਨੰਦ ਮੈਰਿਜ ਐਕਟ ਲਾਗੂ ਕਰਨ ਵਾਲਿਆਂ ਸੂਬਿਆਂ ਦੀ ਗਿਣਤੀ 10 ਹੋ ਗਈ ਹੈ ਅਤੇ ਛੇਤੀ ਹੀ ਦਿੱਲੀ ਵਿਚ ਵੀ ਲਾਗੂ ਕੀਤੇ ਜਾਣ ਦੀ ਪੂਰੀ ਸੰਭਾਵਨਾ ਹੈ।



ਸਿਰਸਾ ਨੇ ਦੱਸਿਆ ਕਿ ਇਹ ਐਕਟ ਦੇਸ਼ ਭਰ ਵਿਚ ਲਾਗੂ ਕਰਨ ਦੀ ਮੁਹਿੰਮ ਸਿਖ਼ਰਾਂ ਵੱਲ ਵੱਧ ਰਹੀ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ ਛੇਤੀ ਹੀ ਇਹ ਦੇਸ਼ ਦੇ ਸਾਰੇ ਰਾਜਾਂ ਵਿਚ ਲਾਗੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਬਿਹਾਰ, ਉੱਤਰਾਖੰਡ ਤੇ ਦਿੱਲੀ ਸਮੇਤ ਵੱਖ-ਵੱਖ ਰਾਜਾਂ ਵਿਚ ਐਕਟ ਲਾਗੂ ਕਰਨ ਦੀ ਪ੍ਰਕਿਰਿਆ ਚਲ ਰਹੀ ਹੈ। ਸਿਰਸਾ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਦਿੱਲੀ ਦੇ ਉਪ ਰਾਜਪਾਲ ਸ੍ਰੀ ਅਨਿਲ ਬੈਜਲ ਨਾਲ ਮੁਲਾਕਾਤ ਕੀਤੀ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਦਿੱਲੀ ਵਿਚ ਐਕਟ ਜਲਦ ਲਾਗੂ ਹੋਵੇਗਾ ਅਤੇ ਇਸ ਦੀ ਪ੍ਰਕਿਰਿਆ ਪੂਰੀ ਹੋਣ ਨੇੜੇ ਹੈ। ਸਿਰਸਾ ਨੇ ਕਿਹਾ ਕਿ ਇਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਇੱਛਾ ਸੀ ਕਿ ਦੇਸ਼ ਦੇ ਸਾਰੇ ਰਾਜਾਂ ਵਿਚ ਇਹ ਐਕਟ ਲਾਗੂ ਹੋਵੇ ਤੇ ਉਹ ਇਹ ਮਾਮਲਾ ਵੱਖ-ਵੱਖ ਰਾਜ ਸਰਕਾਰਾਂ ਕੋਲ ਉਠਾ ਰਹੇ ਹਨ, ਜਿੱਥੇ ਇਹ ਐਕਟ ਹਾਲੇ ਲਾਗੂ ਹੋਣਾ ਬਾਕੀ ਹੈ।

## ਪਿਤਾ ਤੇ ਚਾਚੇ ਨੂੰ ਮਾਤ ਦਿੰਦਿਆਂ ਅਖਿਲੇਸ਼ ਯਾਦਵ ਫੇਰ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਬਣੇ

**ਆਗਰਾ (ਯੂ.ਪੀ.) /ਬਿਊਰੋ ਨਿਊਜ਼ :**

ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਆਪਣੇ ਪਿਤਾ ਮੁਲਾਇਮ ਸਿੰਘ ਯਾਦਵ ਅਤੇ ਚਾਚਾ ਸ਼ਿਵਪਾਲ ਯਾਦਵ ਨੂੰ ਪਾਸੇ ਕਰ ਪਾਰਟੀ ਉੱਪਰ ਆਪਣੀ ਪਕੜ੍ਹ ਬਣਾਉਂਦਿਆਂ ਅਗਲੇ ਪੰਜ ਸਾਲਾ ਲਈ ਦੋਬਾਰਾ ਸਮਾਜਵਾਦੀ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਚੁਣੇ ਗਏ। ਸਮਾਜਵਾਦੀ ਪਾਰਟੀ ਦੇ ਰਾਸ਼ਟਰੀ ਸੰਮੇਲਨ ਵਿਚ ਇੱਥੇ ਪਾਰਟੀ ਦੇ ਸੀਨੀਅਰ ਨੇਤਾ ਰਾਮ ਗੋਪਾਲ ਯਾਦਵ ਨੇ ਉਨ੍ਹਾਂ ਦੇ ਦੋਬਾਰਾ ਚੁਣੇ ਜਾਣ ਦਾ ਐਲਾਨ ਕੀਤਾ। ਇਸ ਸਮੇਂ ਪਾਰਟੀ ਦੇ ਸੰਵਿਧਾਨ ਵਿਚ ਸੋਧ ਕਰਦਿਆਂ ਪਾਰਟੀ ਮੁਖੀ ਦੇ ਕਾਰਜਕਾਲ ਦਾ ਸਮਾਂ ਤਿੰਨ ਸਾਲ ਤੋਂ ਵਧਾ ਕੇ ਪੰਜ



ਸਾਲ ਕਰ ਦਿੱਤਾ ਗਿਆ। ਹੁਣ ਸਾਲ 2019 ਦੀਆਂ ਲੋਕ ਸਭਾ ਸੀਟਾਂ ਅਤੇ ਸਾਲ 2022 ਵਿਚ ਉੱਪ ਵਿਧਾਨ ਸਭਾ ਦੀਆਂ ਚੋਣਾਂ ਅਖਿਲੇਸ਼ ਯਾਦਵ ਦੀ ਅਗਵਾਈ ਵਿਚ ਹੀ ਲੜੀਆਂ ਜਾਣਗੀਆਂ। ਮੁਲਾਇਮ ਯਾਦਵ ਤੇ ਸ਼ਿਵਪਾਲ ਯਾਦਵ ਦੋਵੇਂ ਹੀ ਇਸ ਐਸ.ਪੀ. ਸਮਾਰੋਹ ਤੋਂ ਦੂਰ ਰਹੇ। ਇਸ ਐਲਾਨ ਤੋਂ ਬਾਅਦ ਰਾਸ਼ਟਰੀ ਪ੍ਰਧਾਨ ਅਖਿਲੇਸ਼ ਯਾਦਵ ਨੇ ਫਿਰ ਤੋਂ ਭਾਜਪਾ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਨੇ ਭਾਜਪਾ ਨੂੰ ਧੋਖੇ ਤੇ ਝੂਠ ਦੀ ਰਾਜਨੀਤੀ ਕਰਨ ਵਾਲੀ ਪਾਰਟੀ ਕਰਾਰ ਦਿੰਦੇ ਹੋਏ ਕਿਹਾ ਕਿ ਹੁਣ ਸਪਾ ਭਾਜਪਾ ਦੇ ਸਾਰੇ ਕਾਰਨਾਮਿਆਂ ਦਾ ਪਰਦਾਫਾਸ਼ ਕਰੇਗੀ। ਪਾਰਟੀ ਦੇ ਸੀਨੀਅਰ ਨੇਤਾਵਾਂ ਦੇ ਨਾਲ ਜਯਾ ਬੱਚਨ ਤੇ ਸਾਬਕਾ ਸੰਸਦ ਮੈਂਬਰ ਡਿੰਪਲ ਯਾਦਵ ਵੀ ਮੰਚ 'ਤੇ ਹਾਜ਼ਰ ਸਨ।

# ਪਾਕਿਸਤਾਨ : ਹਿੰਦੂ ਧਰਮ ਬਦਲ ਕੇ ਕਿਉਂ ਬਣ ਰਹੇ ਹਨ ਸਿੱਖ ?

**ਪਿਛੋਕੜ 'ਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ 'ਤੇ ਆਸਪਾਸ ਦੀ ਆਬਾਦੀ ਵੱਲੋਂ ਪੱਥਰ ਸੁੱਟੇ ਜਾਂਦੇ ਰਹੇ ਹਨ। ਇਕ ਵਾਰ ਮੂਰਤੀਆਂ ਦਾ ਅਪਮਾਨ ਵੀ ਕੀਤਾ ਗਿਆ, ਪਰ ਹੁਣ ਅਜਿਹਾ ਨਹੀਂ ਹੁੰਦਾ। ਦੂਰੂ ਸਿੰਘ ਅਨੁਸਾਰ ਇਹ ਬਦਲਾਅ ਗੁਰਦੁਆਰੇ ਕਾਰਨ ਹੋਇਆ ਹੈ। ਪਿਛਲੇ ਦਿਨੀਂ ਗੁਰੂ ਗੋਬਿੰਦ ਸਿੰਘ ਜੀ ਦੀ ਬਰਸੀ ਮੌਕੇ ਸਿੱਖ ਭਾਈਚਾਰੇ ਦੀ ਸੁਰੱਖਿਆ ਲਈ ਚਾਰ ਪੁਲਿਸ ਅਤੇ ਦੋ ਰੇਂਜਰ ਉਪਲੱਬਧ ਕਰਵਾਏ ਗਏ ਸਨ।**



**ਰਿਯਾਜ਼ ਸੋਹੇਲ**

ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸਾਹਮਣੇ ਕ੍ਰਿਸ਼ਨ ਸਿੰਘ ਚਿਮਟਾ ਵਜਾ ਰਿਹਾ ਹੈ ਅਤੇ ਨਾਲ ਹੀ ਢੋਲ ਦੀ ਥਾਪ ਵੀ ਹੈ। ਲਗਭਗ ਇਕ ਦਰਜਨ ਲੋਕ 'ਸਤਿਨਾਮ ਵਾਹਿਗੁਰੂ' ਜਪ ਰਹੇ ਹਨ।

ਕਾਲੀ ਪੱਗ 'ਚ ਵਿਖਾਈ ਦੇ ਰਹੇ ਕ੍ਰਿਸ਼ਨ ਸਿੰਘ ਪਹਿਲਾਂ ਸ੍ਰੀਰਾਮ ਦੇ ਭਗਤ ਸਨ, ਪਰ ਕੁੱਝ ਸਾਲ ਪਹਿਲਾਂ ਉਨ੍ਹਾਂ ਨੇ ਸਿੱਖ ਧਰਮ ਅਪਨਾ ਲਿਆ ਸੀ। ਕਰਾਚੀ ਦੇ ਉਪ ਨਗਰ ਇਲਾਕੇ ਨਾਲ ਲੱਗਦੇ ਉਨ੍ਹਾਂ ਦੇ ਪਿੰਡ ਦੀ ਆਬਾਦੀ ਪਹਿਲਾਂ ਹਿੰਦੂ ਸੀ, ਪਰ ਹੁਣ ਇੱਥੇ ਲਗਭਗ 40 ਸਿੱਖ ਪਰਿਵਾਰ ਰਹਿੰਦੇ ਹਨ, ਜਿਨ੍ਹਾਂ ਨੇ ਕ੍ਰਿਸ਼ਨ ਸਿੰਘ ਵਾਂਗ ਹਿੰਦੂ ਧਰਮ ਛੱਡ ਕੇ ਸਿੱਖ ਧਰਮ ਅਪਣਾ ਲਿਆ। ਇਨ੍ਹਾਂ 'ਚ ਜ਼ਿਆਦਾਤਰ ਲੋਕ ਬਾਗੜੀ ਜਨਜਾਤੀ ਦੇ ਹਨ। ਇਹ ਤਰਬੂਜ ਦੀ ਖੇਤੀ 'ਚ ਮਾਹਰ ਮੰਨੇ ਜਾਂਦੇ ਸਨ, ਪਰ ਸਿੰਜਾਈ ਲਈ ਪਾਣੀ ਦੀ ਕਮੀ ਕਾਰਨ ਹੌਲੀ-ਹੌਲੀ ਇਹ ਲੋਕ ਸ਼ਹਿਰਾਂ ਵੱਲ ਵੱਧ ਗਏ।



ਸ. ਕ੍ਰਿਸ਼ਨ ਸਿੰਘ

ਕ੍ਰਿਸ਼ਨ ਸਿੰਘ ਦੇ ਚਾਰ ਭਰਾ, ਦੋ ਬੇਟੇ ਅਤੇ ਦੋ ਭਤੀਜਿਆਂ ਨੇ ਵੀ ਸਿੱਖ ਧਰਮ ਅਪਨਾ ਲਿਆ ਹੈ। ਉਹ ਕਹਿੰਦੇ ਹਨ, "ਸਿੱਖਾਂ ਨੂੰ ਸਰਦਾਰ ਕਿਹਾ ਜਾਂਦਾ ਹੈ, ਜਦਕਿ ਹਿੰਦੂਆਂ 'ਚ ਅਸੀਂ ਆਮ ਲੋਕ ਹੁੰਦੇ ਸੀ।"

ਕ੍ਰਿਸ਼ਨ ਸਿੰਘ ਨੇ ਦਸਿਆ, "ਜਦੋਂ ਅਸੀਂ ਸ਼ਹਿਰ ਤੋਂ ਨਿਕਲਦੇ ਹਾਂ ਤਾਂ ਪਤਾ ਨਹੀਂ ਕਿੰਨੇ ਲੋਕ ਹੱਥ 'ਚ ਲੱਸੀ ਦੇ ਗਿਲਾਸ ਲੈ ਕੇ ਆਉਂਦੇ ਹਨ ਅਤੇ ਕਹਿੰਦੇ ਹਨ ਕਿ ਖਾ ਲਓ ਸਰਦਾਰ, ਸਾਡੇ ਨਾਲ ਬੈਠੋ ਅਤੇ ਬਹੁਤ ਪਿਆਰ ਦਿੰਦੇ ਹਨ। ਇਹੀ ਕਾਰਨ ਹੈ ਕਿ ਅਸੀਂ ਸਿੱਖ ਬਣ ਗਏ।"

ਇਸ ਹਿੰਦੂ ਪਿੰਡ 'ਚ ਇਕ ਬਹੁਤ ਵੱਡਾ ਗੁਰਦੁਆਰਾ ਬਣ ਰਿਹਾ ਹੈ। ਇਸ ਲਈ ਪਾਕਿਸਤਾਨ ਅਤੇ ਬਾਹਰੀ ਦੇਸ਼ਾਂ ਦੇ ਸਿੱਖ ਭਾਈਚਾਰੇ ਤੋਂ ਆਰਥਿਕ ਮਦਦ ਮਿਲ ਰਹੀ ਹੈ। ਇਸ ਗੁਰਦੁਆਰੇ 'ਚ 500 ਲੋਕਾਂ ਦੇ ਬੈਠਣ ਦੀ ਥਾਂ ਹੈ, ਜਦਕਿ ਪਿੰਡ 'ਚ ਦੋ ਛੋਟੇ ਮੰਦਰ ਵੀ ਹਨ। ਦੂਰੂ ਸਿੰਘ ਇਸ ਗੁਰਦੁਆਰੇ ਦੇ ਸੇਵਾਦਾਰ ਹਨ। ਉਹ ਕਹਿੰਦੇ ਹਨ, "ਹਿੰਦੂ ਭਾਈਚਾਰੇ ਦੇ ਲੋਕ ਵੱਡੇ ਜੱਥਿਆਂ ਵਿਚ ਨਨਕਾਣਾ ਸਾਹਿਬ ਜਾਇਆ ਕਰਦੇ ਹਨ ਤਾਂ ਲੰਡਨ, ਫ਼ਰਾਂਸ, ਅਮਰੀਕਾ ਅਤੇ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਸਿੱਖ ਭਾਈਚਾਰੇ ਤੋਂ ਜੋ ਸੰਗਤ ਅਤੇ ਪਿਆਰ ਮਿਲਦਾ ਹੈ, ਉਸ ਕਾਰਨ ਇਹ ਲੋਕ ਸਿੱਖ ਧਰਮ ਅਪਣਾ ਲੈਂਦੇ ਹਨ।"

ਪਿਛੋਕੜ 'ਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ 'ਤੇ ਆਸਪਾਸ ਦੀ ਆਬਾਦੀ ਵੱਲੋਂ ਪੱਥਰ ਸੁੱਟੇ ਜਾਂਦੇ ਰਹੇ ਹਨ। ਇਕ ਵਾਰ ਮੂਰਤੀਆਂ ਦਾ ਅਪਮਾਨ ਵੀ ਕੀਤਾ ਗਿਆ, ਪਰ ਹੁਣ ਅਜਿਹਾ ਨਹੀਂ ਹੁੰਦਾ। ਦੂਰੂ ਸਿੰਘ ਅਨੁਸਾਰ ਇਹ ਬਦਲਾਅ ਗੁਰਦੁਆਰੇ ਕਾਰਨ ਹੋਇਆ ਹੈ। ਪਿਛਲੇ ਦਿਨੀਂ ਗੁਰੂ ਗੋਬਿੰਦ ਸਿੰਘ ਜੀ ਦੀ ਬਰਸੀ ਮੌਕੇ ਸਿੱਖ ਭਾਈਚਾਰੇ ਦੀ ਸੁਰੱਖਿਆ ਲਈ ਚਾਰ ਪੁਲਿਸ ਅਤੇ ਦੋ ਰੇਂਜਰ ਉਪਲੱਬਧ ਕਰਵਾਏ ਗਏ ਸਨ।

ਕਰਾਚੀ ਸ਼ਹਿਰ ਦੇ ਵਿਚਕਾਰ ਆਰਾਮਬਾਗ ਗੁਰਦੁਆਰਾ 24 ਸਾਲ ਦੀ ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਫਿਰ ਤੋਂ ਖੋਲ੍ਹ ਦਿੱਤਾ ਗਿਆ ਹੈ। ਇਸ ਗੁਰਦੁਆਰੇ ਨੂੰ ਮਿਲਾ ਕੇ ਪਾਕਿਸਤਾਨ ਬਣਨ ਤੋਂ ਪਹਿਲਾਂ ਕਰਾਚੀ ਸ਼ਹਿਰ 'ਚ ਲਗਭਗ ਅੱਧੀ ਦਰਜਨ ਗੁਰਦੁਆਰੇ ਮੌਜੂਦ ਸਨ। ਪਰ ਵੰਡ ਤੋਂ ਬਾਅਦ ਸਿੱਖਾਂ ਦੇ ਵੱਡੀ ਗਿਣਤੀ 'ਚ ਭਾਰਤ ਚਲੇ ਜਾਣ ਕਾਰਨ ਇਹ ਸੁਨਸਾਨ ਹੋ ਗਿਆ ਜਾਂ ਫਿਰ ਲੋਕਾਂ ਨੇ ਇਨ੍ਹਾਂ 'ਤੇ ਕਬਜ਼ਾ ਕਰ ਲਿਆ, ਪਰ ਹੁਣ ਹਾਲਾਤ ਬਦਲ ਰਹੇ ਹਨ।

ਕੁੱਝ ਸਿੱਖ ਨੇਤਾਵਾਂ ਦਾ ਮੰਨਣਾ ਹੈ ਕਿ ਜੇ ਪੁਰਾਣੇ ਗੁਰਦੁਆਰੇ ਖੋਲ੍ਹ ਦਿੱਤੇ ਜਾਣ ਅਤੇ ਧਾਰਮਿਕ ਆਜ਼ਾਦੀ ਹੋਵੇ ਤਾਂ ਸਿੱਖਾਂ ਦੀ ਗਿਣਤੀ ਤੇਜ਼ੀ ਨਾਲ ਵਧੇਗੀ।

## ਗਿਲਾਸ 'ਚ ਪਾਣੀ ਤਕ ਨਹੀਂ ਪਿਆਉਂਦੇ ਸਨ ਹਿੰਦੂ

ਸਰਦਾਰ ਹੀਰਾ ਸਿੰਘ ਪੇਸ਼ੇ ਤੋਂ ਐਡਵੋਕੇਟ ਹਨ। ਉਨ੍ਹਾਂ ਦਾ ਦਾਅਵਾ ਹੈ ਕਿ 1100 ਲੋਕ ਉਨ੍ਹਾਂ ਰਾਹੀਂ ਸਿੱਖ ਧਰਮ ਅਪਣਾ ਚੁੱਕੇ ਹਨ। ਉਨ੍ਹਾਂ ਕਿਹਾ, "ਮੈਂ ਉਨ੍ਹਾਂ ਨੂੰ ਗੁਰਦੁਆਰੇ 'ਚ ਬੁਲਾਉਂਦਾ ਹਾਂ। ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਪੜ੍ਹ ਕੇ ਸੁਣਾਉਂਦਾ ਹਾਂ ਕਿ ਗੁਰੂ ਸਾਹਿਬ ਨੇ ਇਹ ਆਦੇਸ਼ ਦਿੱਤਾ ਹੈ। ਗੁਰੂ ਦੀ ਕੋਈ ਸੱਚੀ ਗੱਲ ਦਿਮਾਗ 'ਚ ਬੈਠ ਜਾਂਦੀ ਹੈ ਤਾਂ ਉਹ ਕਹਿੰਦੇ ਹਨ ਇਹ ਸੱਚ ਹੈ। ਅਜਿਹਾ ਕਰਦੇ-ਕਰਦੇ ਇੱਥੇ 1100 ਸਰਦਾਰ ਬਣ ਗਏ ਅਤੇ ਉਹ ਗਰੀਬ ਲੋਕ ਸਨ, ਜਿਨ੍ਹਾਂ ਨੂੰ ਕੋਈ ਪੁੱਛਦਾ ਨਹੀਂ ਸੀ ਅਤੇ ਹਿੰਦੂ ਭਰਾ ਉਨ੍ਹਾਂ ਨੂੰ ਗਿਲਾਸ 'ਚ ਪਾਣੀ ਤਕ ਨਹੀਂ ਪਿਆਉਂਦੇ ਸਨ।"



ਸਿੰਧ 'ਚ ਹਿੰਦੂ ਭਾਈਚਾਰੇ ਦੀ ਵੱਡੀ ਆਬਾਦੀ ਗੁਰੂ ਨਾਨਕ ਦੀ ਭਗਤ ਹੈ। ਇੱਥੇ ਉਨ੍ਹਾਂ ਨੂੰ ਨਾਨਕ ਪੰਥੀ ਕਿਹਾ ਜਾਂਦਾ ਹੈ। ਆਮ ਤੌਰ 'ਤੇ ਮੰਦਰਾਂ 'ਚ ਗੁਰੂ ਗ੍ਰੰਥ ਸਾਹਿਬ ਮੌਜੂਦ ਹੁੰਦੇ ਹਨ, ਪਰ ਹੁਣ ਸਿੱਖ ਭਾਈਚਾਰਾ ਆਪਣੇ ਵੱਖਰੇ ਗੁਰਦੁਆਰੇ ਬਣਾ ਰਿਹਾ ਹੈ, ਜਿਥੇ ਹੋਰ ਕੋਈ ਪੂਜਾ ਨਹੀਂ ਹੁੰਦੀ। ਸਰਦਾਰ ਹੀਰਾ ਸਿੰਘ ਦੱਸਦੇ ਹਨ, "ਗੁਰੂ ਨਾਨਕ ਕਹਿੰਦੇ ਹਨ ਕਿ ਮੂਰਤੀ ਪੂਜਾ ਨਾ ਕਰੋ। ਉਹ ਗੁਰੂ ਦੀ ਗੱਲ ਨਹੀਂ ਸੁਣਦੇ। ਇਹ ਉਨ੍ਹਾਂ ਦੀਆਂ ਸਿੱਖਿਆਂ ਦੇ ਉਲਟ ਹੈ, ਫਿਰ ਅਸੀਂ ਉਨ੍ਹਾਂ ਨੂੰ ਕਿਉਂ ਸਵੀਕਾਰ ਕਰਾਂਗੇ

### *ਸਿੱਖਾਂ ਦੀ ਹਿੱਸੇਦਾਰੀ ਵੱਧ :*

*ਪਾਕਿਸਤਾਨ ਹਿੰਦੂ ਕੌਂਸਲ ਦੀ ਨੇਤਾ ਮੰਗਲਾ ਸ਼ਰਮਾ ਅਨੁਸਾਰ ਲੋਕਾਂ ਦੇ ਧਰਮ ਬਦਲਣ ਪਿੱਛੇ ਰਾਜਨੀਤਕ ਕਾਰਨ ਵੀ ਹਨ। ਉਨ੍ਹਾਂ ਅਨੁਸਾਰ 20 ਤੋਂ 25 ਸਾਲ ਪਹਿਲਾਂ ਇੱਥੇ ਸਿੱਖ ਨਜ਼ਰ ਨਹੀਂ ਆਉਂਦੇ ਸਨ। ਨੈਸ਼ਨਲ ਅਸੈਂਬਲੀ 'ਚ ਘੱਟਗਿਣਤੀ ਦੀਆਂ ਸੀਟਾਂ 'ਚ ਸਿੱਖਾਂ ਲਈ ਇਕ ਵੀ ਸੀਟ ਨਹੀਂ ਸੀ। ਉਨ੍ਹਾਂ ਕਿਹਾ, "ਸਾਲ 2000 ਤੋਂ ਬਾਅਦ ਕੁਝ ਰਾਜਨੀਤਕ ਲੋਕਾਂ ਨੇ ਧਰਮ ਪਰਿਵਰਤਨ ਦੇ ਮਾਮਲੇ 'ਤੇ ਫੋਕਸ ਕੀਤਾ। ਇਹ ਹਿੰਦੂ ਭਾਈਚਾਰਾ ਆਰਥਿਕ ਤੌਰ 'ਤੇ ਕਮਜ਼ੋਰ ਸੀ। ਜਦੋਂ ਸਿੱਖ ਧਰਮ ਅਪਣਾ ਲਿਆ ਤਾਂ ਇਨ੍ਹਾਂ ਦਾ ਰਾਜਨੀਤਕ ਲਾਭ ਵੀ ਲਿਆ ਗਿਆ।"*

*ਮੰਗਲਾ ਸ਼ਰਮਾ ਅਨੁਸਾਰ, "ਪਾਕਿਸਤਾਨੀ ਹਿੰਦੂਆਂ ਨੂੰ ਵਿਸ਼ਵ ਪੱਧਰ 'ਤੇ ਸਮਰਥਨ ਜਾਂ ਸਹਾਇਤਾ ਨਹੀਂ ਮਿਲਦੀ। ਉਹ ਭਾਰਤ ਤੋਂ ਕੋਈ ਮਦਦ ਲੈਣਾ ਨਹੀਂ ਚਾਹੁੰਦੇ, ਕਿਉਂਕਿ ਪਾਕਿਸਤਾਨ ਨਾਲ ਉਨ੍ਹਾਂ ਦੇ ਵਿਵਾਦ ਹਨ। ਇਸ ਦੇ ਉਲਟ ਵਿਸ਼ਵੀ ਭਾਈਚਾਰੇ 'ਚ ਸਿੱਖਾਂ ਦੀ ਹਿੱਸੇਦਾਰੀ ਵੱਧ ਹੈ। ਉਹ ਆਰਥਿਕ ਰੂਪ ਨਾਲ ਮਜ਼ਬੂਤ ਹਨ। ਉਨ੍ਹਾਂ ਦਾ ਕੋਆਰਡੀਨੇਸ਼ਨ ਬਹੁਤ ਵਧੀਆ ਹੈ ਅਤੇ ਦੂਜੀਆਂ ਚੀਜ਼ਾਂ ਕਾਰਨ ਹੀ ਇਨ੍ਹਾਂ ਲੋਕਾਂ ਨੇ ਆਪਣਾ ਧਰਮ ਬਦਲ ਲਿਆ ਹੈ।"*

*ਸਿੰਧ ਹਾਈਕੋਰਟ 'ਚ ਦੋ ਮਾਮਲਿਆਂ ਕਾਰਨ ਸਿੱਖਾਂ ਨੂੰ ਵੱਧ ਕਾਮਯਾਬੀ ਮਿਲੀ। ਪਹਿਲੀ ਵਾਰ ਜਦੋਂ ਸੂਬੇ 'ਚ ਸ਼ਰਾਬਬੰਦੀ ਦਾ ਕੁਝ ਸਿੱਖ ਨੇਤਾਵਾਂ ਨੇ ਸਮਰਥਨ ਕੀਤਾ ਅਤੇ ਦੂਜਾ ਜਦੋਂ ਮਰਦਮਸ਼ੁਮਾਰੀ 'ਚ ਸਿੱਖਾਂ ਲਈ ਵੱਖਰਾ ਕੋਈ ਕਾਲਮ ਨਹੀਂ ਰੱਖਿਆ ਗਿਆ। ਦੋਨਾਂ ਮਾਮਲਿਆਂ 'ਚ ਉਨ੍ਹਾਂ ਨੂੰ ਸਫ਼ਲਤਾ ਮਿਲੀ।*

*ਮੰਗਲਾ ਸ਼ਰਮਾ ਕਹਿੰਦੀ ਹੈ, "ਪਾਕਿਸਤਾਨ ਨੂੰ ਵਿਸ਼ਵ ਪੱਧਰ 'ਤੇ ਸਿੱਖ ਭਾਈਚਾਰਾ ਆਪਣਾ ਦੋਸਤ ਸਮਝਦਾ ਹੈ, ਜਿਸ ਕਾਰਨ ਸਿੱਖ ਭਾਈਚਾਰੇ ਨੂੰ ਇੱਥੇ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਆਜ਼ਾਦੀ ਵੱਧ ਮਿਲਦੀ ਹੈ।"*

## ਸਰਬੱਤ ਖ਼ਾਲਸਾ ਵਲੋਂ ਕੋਟਕਪੂਰਾ ਵਿਖੇ ਸ਼ਾਂਤਮਈ ਰੋਸ ਵਿਖਾਵਾ 14 ਅਕਤੂਬਰ ਨੂੰ

**ਕੋਟਕਪੂਰਾ/ਬਿਊਰੋ ਨਿਊਜ਼ :** ਲਗਪਗ 2 ਸਾਲ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਚੋਰੀ ਕਰਨ, ਉਸ ਦੇ ਅੰਗਾਂ ਦੀ ਬੇਅਦਬੀ ਕਰਨ, ਇਸ ਮਸਲੇ ਸਬੰਧੀ ਇਨਸਾਫ਼ ਲੈਣ ਲਈ ਸ਼ਾਂਤੀਪੂਰਵਕ ਕੋਟਕਪੂਰਾ ਦੇ ਬੱਤੀਆਂ ਵਾਲੇ ਚੌਕ ਵਿਚ ਰੋਸ ਵਿਖਾਵਾ ਕਰ ਰਹੀਆਂ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ 'ਤੇ ਪਾਣੀ ਦੀਆਂ ਬੁਛਾਰਾਂ ਵਰ੍ਹਾਉਣ, ਗੋਲੀ ਚਲਾਉਣ ਤੇ ਬਹਿਬਲ ਕਲਾਂ ਵਿਖੇ ਹੋਏ ਗੋਲੀ ਕਾਂਡ ਵਿਚ ਮਾਰੇ ਦੋ ਨੌਜਵਾਨਾਂ ਦੇ ਦੋਸ਼ੀਆਂ ਨੂੰ ਅਜੇ ਤੱਕ ਗ੍ਰਿਫ਼ਤਾਰ ਨਾ ਕੀਤੇ ਜਾਣ ਦੇ ਰੋਸ ਵਜੋਂ ਸਰਬੱਤ ਖ਼ਾਲਸਾ ਵਲੋਂ 14 ਅਕਤੂਬਰ ਨੂੰ ਦੁਪਹਿਰ 12.00 ਵਜੇ ਤੋਂ 3.00 ਵਜੇ ਤਕ ਬੱਤੀਆਂ ਵਾਲਾ ਚੌਕ ਕੋਟਕਪੂਰਾ ਵਿਖੇ ਕਾਲੀਆਂ ਪੱਟੀਆਂ ਬੰਨ੍ਹ ਕੇ ਪੰਜਾਬ ਸਰਕਾਰ ਵਿਰੁੱਧ ਵਿਸ਼ਾਲ ਰੋਸ ਵਿਖਾਵਾ ਕਰਨ ਦਾ ਐਲਾਨ ਕਰਦਿਆਂ ਮੁਤਵਾਜੀ ਜਥੇਦਾਰ ਧਿਆਨ ਸਿੰਘ ਮੰਡ ਤੇ ਬਲਜੀਤ ਸਿੰਘ ਦਾਦੂਵਾਲ ਨੇ ਕਰਦਿਆਂ ਸਮੂਹ ਸਿੱਖ ਜਥੇਬੰਦੀਆਂ ਦੇ ਆਗੂਆਂ, ਪ੍ਰਚਾਰਕਾਂ, ਰਾਗੀਆਂ, ਢਾਡੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨ ਵਾਲੇ ਲੋਕਾਂ ਨੂੰ ਇਸ ਰੋਸ ਵਿਖਾਵੇ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।

## ਭਗਤ ਸਿੰਘ ਨਾਲ ਸਬੰਧਤ ਵਸਤਾਂ 'ਤੇ ਲਾਹੌਰ ਦੇ ਮਾਲਖਾਨੇ ਵਿੱਚ ਜੰਮ ਰਹੀ ਧੂੜ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼ਹੀਦੇ ਆਜ਼ਮ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨਾਲ ਸਬੰਧਤ ਵਿਰਾਸਤੀ ਖ਼ਜ਼ਾਨੇ 'ਤੇ ਲਾਹੌਰ ਦੇ ਮਾਲਖ਼ਾਨੇ ਵਿੱਚ ਧੂੜ ਜੰਮ ਰਹੀ ਹੈ। ਇਸ ਵਿਰਾਸਤੀ ਖ਼ਜ਼ਾਨੇ ਵਿੱਚ ਪੁਸਤਕਾਂ, ਤਸਵੀਰਾਂ, ਰਸਾਲੇ, ਬਰਤਨ, ਕੱਪੜੇ, ਨਿੱਜੀ ਨੋਟਬੁੱਕ ਤੇ ਹੋਰ ਸਾਮਾਨ ਸ਼ਾਮਲ ਹੈ। ਆਜ਼ਾਦੀ ਦੇ ਸੰਘਰਸ਼ ਦੌਰਾਨ ਬਰਤਾਨਵੀ ਹਕੂਮਤ ਵੱਲੋਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਟਿਕਾਣਿਆਂ 'ਤੇ ਛਾਪੇ ਮਾਰ ਕੇ ਇਹ ਵਸਤੂਆਂ ਜ਼ਬਤ ਕੀਤੀਆਂ ਗਈਆਂ ਸਨ। ਛਾਪੇ ਮਾਰਨ ਤੋਂ ਇਲਾਵਾ ਫਾਂਸੀ ਤੋਂ ਪਹਿਲਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨਾਲ ਸਬੰਧਤ ਨਿੱਜੀ ਸਾਮਾਨ ਵੀ ਵਾਪਸ ਨਹੀਂ ਮੋੜਿਆ ਗਿਆ। ਇਹ ਵਸਤੂਆਂ ਲਾਹੌਰ ਦੇ ਮਾਲਖ਼ਾਨੇ ਅਤੇ ਅਨਾਰਕਲੀ (ਪਾਕਿਸਤਾਨ) ਵਿੱਚ ਸਥਿਤ ਆਰਕਾਈਵ ਵਿਚ ਪਈਆਂ ਹਨ। ਇਸ ਵਿਰਾਸਤੀ ਖ਼ਜ਼ਾਨੇ ਨੂੰ ਦੇਸ਼ ਲਿਆਉਣ ਵਾਸਤੇ ਸਰਕਾਰਾਂ ਜਾਂ ਜਥੇਬੰਦੀਆਂ ਵੱਲੋਂ ਵਿੱਢੀ ਕੋਈ ਵੀ ਮੁਹਿੰਮ ਭਾਰਤ ਦੇ ਇਤਿਹਾਸ ਵਿਚ ਨਜ਼ਰ ਨਹੀਂ ਆਉਂਦੀ। ਤਤਕਾਲੀ ਸਮੇਂ ਅਦਾਲਤਾਂ ਅਤੇ ਟ੍ਰਿਬਿਊਨਲ ਸਾਹਮਣੇ ਪੇਸ਼ ਕੀਤੇ ਦਸਤਾਵੇਜ਼ਾਂ ਅਤੇ ਪੁਲੀਸ ਦੇ ਰਿਕਾਰਡ ਤੋਂ ਇਨ੍ਹਾਂ ਵਿਰਾਸਤੀ ਵਸਤਾਂ ਦੀ ਜਾਣਕਾਰੀ ਮਿਲਦੀ ਹੈ। ਵੇਰਵਿਆਂ ਮੁਤਾਬਕ 15 ਅਪ੍ਰੈਲ 1929 ਨੂੰ ਕਿਸ਼ੋਰੀ ਲਾਲ, ਸੁਖਦੇਵ ਸਿੰਘ ਤੇ ਜੈ ਗੋਪਾਲ ਦੇ ਨਿਵਾਸ ਸਥਾਨ ਕਸ਼ਮੀਰ ਹਾਊਸ (ਲਾਹੌਰ) ਵਿੱਚ ਪੁਲੀਸ ਨੇ ਛਾਪੇ ਮਾਰੇ। ਇਸ ਦੌਰਾਨ ਪੁਲੀਸ ਨੇ ਉਨ੍ਹਾਂ ਦੇ ਟਿਕਾਣੇ ਤੋਂ ਚਿੱਤਰ ਅਤੇ ਕਈ ਪੁਸਤਕਾਂ ਬਰਾਮਦ ਕੀਤੀਆਂ, ਜਿਨ੍ਹਾਂ ਵਿੱਚ ਦੋ ਨੋਟਬੁੱਕਸ (ਜਿਨ੍ਹਾਂ ਵਿੱਚ ਬੰਬ ਬਣਾਉਣ ਦਾ ਫਾਰਮੂਲਾ ਦਰਜ ਹੈ), 'ਕਿਰਤੀ' ਰਸਾਲੇ ਦੇ ਦਸੰਬਰ ਅਤੇ ਨਵੰਬਰ 1928 ਦੇ ਅੰਕ, ਈਸਾ ਮਸੀਹ ਦਾ ਚਿੱਤਰ ਤੇ ਕਈ ਹੋਰ ਪੁਸਤਕਾਂ ਸ਼ਾਮਲ ਹਨ। 15 ਅਪ੍ਰੈਲ 1929 ਨੂੰ ਹੀ ਜੈ ਗੋਪਾਲ ਦੀ ਜਾਮਾ-ਤਲਾਸ਼ੀ ਦੌਰਾਨ ਪੁਲੀਸ ਨੇ ਨਕਦ ਰੁਪਏ ਅਤੇ ਸੱਤ ਹੋਰ ਪੁਸਤਕਾਂ ਅਤੇ ਦਸਤਾਵੇਜ਼ ਬਰਾਮਦ ਕੀਤੇ। 26 ਅਪ੍ਰੈਲ 1929 ਨੂੰ ਸ੍ਰੀ ਰਾਮ ਆਸ਼ਰਮ ਸਕੂਲ (ਅੰਮ੍ਰਿਤਸਰ) ਦੇ ਅਧਿਆਪਕ ਆਗਿਆ ਰਾਮ ਦੇ ਘਰ ਵਿੱਚ ਛਾਪੇ ਮਾਰ ਕੇ ਪੁਸਤਕਾਂ ਅਤੇ ਹੋਰ ਸਾਮਾਨ ਜ਼ਬਤ ਕੀਤਾ ਗਿਆ। 2 ਮਈ 1929 ਨੂੰ ਸਰਦਾਰ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਦੇ ਲਾਹੌਰ ਸਥਿਤ ਘਰ ਵਿਚ ਪੁਲੀਸ ਵੱਲੋਂ ਛਾਪਾ ਮਾਰਿਆ ਗਿਆ, ਜਿੱਥੋਂ ਕਈ ਚਿੱਠੀ-ਪੱਤਰ, ਲੇਖ, ਪੁਸਤਕਾਂ ਤੇ ਹੋਰ ਦਸਤਾਵੇਜ਼ ਬਰਾਮਦ ਕੀਤੇ ਗਏ। 2 ਮਈ 1929 ਨੂੰ ਭਗਤ ਸਿੰਘ ਦੇ ਝੁੰਗੀਆਂ ਖਸੀਰਾ ਸਥਿਤ ਘਰ ਵਿੱਚ ਛਾਪਾ ਵੱਜਿਆ। ਇਸ ਦੌਰਾਨ 'ਕੰਗਾਲ ਹਿੰਦੋਸਤਾਨ' ਨਾਮ ਦੀ ਉਰਦੂ ਭਾਸ਼ਾ ਦੀ ਪੁਸਤਕ, ਨੀਲੀ ਸਿਆਹੀ ਵਿੱਚ ਲਿਖਿਆ ਪੱਤਰ, ਕਾਂਗਰਸ ਪਾਰਟੀ ਦੀ ਨਿਯਮਾਂਵਲੀ ਦੀਆਂ ਤਿੰਨ ਕਾਪੀਆਂ, ਹਿੰਦੀ ਵਿਚ ਲਿਖਿਆ ਇੱਕ ਪੱਤਰ, ਸੁਨਿਹਰੇ ਫਰੇਮ ਵਿੱਚ ਜੜ੍ਹੀ ਭਗਤ ਸਿੰਘ ਦੀ ਤਸਵੀਰ ਅਤੇ ਕਾਲੇ ਫਰੇਮ ਵਿੱਚ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦੀ ਤਸਵੀਰ ਬਰਾਮਦ ਕੀਤੀ ਗਈ।



2 ਮਈ 1929 ਨੂੰ ਵਿਛੋਵਾਲੀ ਸਥਿਤ ਯਸ਼ਪਾਲ ਸਿੰਘ ਅਤੇ ਹੰਸ ਰਾਜ ਦੇ ਲਾਹੌਰ ਸਥਿਤ ਘਰ ਵਿਚ ਛਾਪਾ ਮਾਰਿਆ ਗਿਆ। 7 ਜਨਵਰੀ 1929 ਤੇ 6 ਫਰਵਰੀ 1929 ਨੂੰ ਸੁਖਦੇਵ ਦੀ ਮੌਜੂਦਗੀ ਵਿੱਚ ਮੁਹੱਲਾ ਹੀਂਗ ਮੰਡੀ ਆਗਰਾ ਤੋਂ ਦੋ ਦਸਤਾਵੇਜ਼ ਬਰਾਮਦ ਕੀਤੇ ਗਏ। ਇਸੇ ਤਰ੍ਹਾਂ 7 ਮਈ 1929 ਨੂੰ ਪ੍ਰੇਮ ਦੱਤ ਦੇ ਘਰ ਵਿਚੋਂ ਪੁਸਤਕਾਂ, ਦਸਤਾਵੇਜ਼ ਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ। ਤਤਕਾਲੀ ਰਿਕਾਰਡ ਮੁਤਾਬਕ ਅਜਿਹੀਆਂ ਕਈ ਹੋਰ ਘਟਨਾਵਾਂ ਹਨ, ਜਿਨ੍ਹਾਂ ਵਿਚ ਬਰਤਾਨਵੀ ਹਕੂਮਤ ਵੱਲੋਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਟਿਕਾਣਿਆਂ 'ਤੇ ਛਾਪੇ ਮਾਰ ਕੇ ਕਰੀਬ 500 ਪੁਸਤਕਾਂ, ਨਿੱਜੀ ਨੋਟਬੁੱਕ ਤੇ ਸਾਮਾਨ ਜ਼ਬਤ ਕੀਤਾ ਗਿਆ ਸੀ, ਜੋ ਮੌਜੂਦਾ ਸਮੇਂ ਲਾਹੌਰ ਦੇ ਮਾਲਖਾਨੇ ਵਿੱਚ ਪਿਆ ਹੈ। ਜਾਣਕਾਰੀ ਮੁਤਾਬਕ ਕੇਸ ਖ਼ਤਮ ਹੋਣ ਤੋਂ ਬਾਅਦ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਨੇ ਲਾਹੌਰ ਦੀ ਅਦਾਲਤ ਵਿੱਚ ਪਟੀਸ਼ਨ ਦਾਖ਼ਲ ਕਰਕੇ ਉਨ੍ਹਾਂ ਦੇ ਘਰੋਂ ਬਰਾਮਦ ਕੀਤਾ ਸਾਮਾਨ ਵਾਪਸ ਕਰਨ ਦੀ ਮੰਗ ਕੀਤੀ ਸੀ, ਪਰ ਸਾਮਾਨ ਨਹੀਂ ਦਿੱਤਾ ਗਿਆ ਸੀ। ਪ੍ਰਕਾਸ਼ਕ ਅਤੇ ਲੇਖਕ ਹਰੀਸ਼ ਜੈਨ ਨੇ ਕਿਹਾ ਕਿ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨਾਲ ਸਬੰਧਤ ਵਸਤੂਆਂ ਵਿਰਾਸਤੀ ਖ਼ਜ਼ਾਨਾ ਹਨ। ਪੰਜਾਬ ਦੇ ਮੁੱਖ ਮੰਤਰੀ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਪਾਕਿਸਤਾਨ ਵਿਚਲੇ ਆਪਣੇ ਹਮਰੁਤਬਾ ਨਾਲ ਗੱਲ ਕਰਕੇ ਵਿਰਾਸਤੀ ਵਸਤੂਆਂ ਵਾਪਸ ਲਿਆਉਣ ਵਾਸਤੇ ਬੇਨਤੀ ਕਰਨੀ ਚਾਹੀਦੀ ਹੈ। ਭਗਤ ਸਿੰਘ ਦੇ ਭਤੀਜੇ ਅਭੈ ਸੰਧੂ ਨੇ ਕਿਹਾ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਸਬੰਧਤ ਵਸਤੂਆਂ ਭਾਰਤ ਵਾਪਸ ਲਿਆਉਣ ਵਾਸਤੇ ਸਰਕਾਰੀ ਜਾਂ ਨਿੱਜੀ ਤੌਰ 'ਤੇ ਪਹਿਲਕਦਮੀ ਕੀਤੀ ਜਾਣੀ ਚਾਹੀਦੀ ਹੈ।

ਵੈਸਟ ਸੈਕਰਾਮੈਂਟੋ ਗੁਰਦੁਆਰਾ ਸਾਹਿਬ ਵਿਖੇ ਇੰਟਰਫ਼ੇਥ ਸਮਾਗਮ

# ਸਿੱਖਾਂ ਨੇ ਦੂਸਰੇ ਭਾਈਚਾਰਿਆਂ ਤੱਕ ਪਹੁੰਚ ਲਈ ਪੁਲ ਦਾ ਕੰਮ ਕੀਤਾ: ਨਿਕਲਸਨ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਸੈਕਰਾਮੈਂਟੋ ਦੇ ਵੱਖ ਵੱਖ ਭਾਈਚਾਰੇ ਦੇ ਤਕਰੀਬਨ 400-500 ਸ਼ਹਿਰੀਆਂ ਨੇ ਇਥੇ ਗੁਰਦੁਆਰਾ ਸਾਹਿਬ ਵਿਖੇ ਆਪਣੀ ਹਾਜ਼ਰੀ ਲਗਵਾਈ। ਤਕਰੀਬਨ 2 ਘੰਟੇ ਦੇ ਪ੍ਰੋਗਰਾਮ ਦੌਰਾਨ ਉਨ੍ਹਾਂ ਨੇ ਸਕਰੀਨ ਤੇ ਬਾਣੀ ਦਾ ਇੰਗਲਿਸ਼ ਵਿਚ ਤਰਜਮਾ ਪੜ੍ਹਦੇ ਹੋਏ ਕੀਰਤਨ ਦਾ ਆਨੰਦ ਮਾਣਿਆ। ਇਸ ਮੌਕੇ ਇੰਟਰਫ਼ੇਥ ਕਾਉਂਸਲ ਆਫ਼ ਸੈਕਰਾਮੈਂਟੋ ਦੇ ਪ੍ਰਧਾਨ ਜੌਨ ਫ਼ਿਸ਼ ਨੇ ਸਿੱਖ ਸੰਗਤ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਸਿੱਖਾਂ ਦੇ ਭਰਾਤਰੀ ਭਾਵ ਤੋਂ ਬਹੁਤ ਖ਼ੁਸ਼ ਹਨ। ਇਸ ਸਮਾਗਮ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਕੋਰਟ ਆਫ਼ ਅਪੀਲ ਥਰਡ ਡਿਸਟਿਕ ਦੇ ਜੱਜ ਜਸਟਿਸ ਜੌਰਜ ਨਿਕਲਸਨ ਨੇ ਕਿਹਾ ਕਿ ਇਹ ਸਮਾਗਮ ਕਰਵਾ ਕਿ ਸਿੱਖਾਂ ਨੇ ਦੂਸਰੇ ਭਾਈਚਾਰਿਆਂ ਤੱਕ ਪਹੁੰਚ ਲਈ ਪੁਲ ਦਾ ਕੰਮ ਕੀਤਾ ਹੈ। ਇਸ ਮੌਕੇ ਐਫ਼ ਬੀ ਆਈ ਆਉਟਰੀਚ ਸਪੈਸ਼ਲਿਸਟ ਕੈਥਲੀਨ ਬਰਨੈੱਟ, ਮੇਅਰ ਸਟੈਨਬਰਗ ਵਲੋਂ ਲੂਇਸ ਮੌਨਟਸ, ਕੈਲੀਫ਼ੋਰਨੀਆ ਅਸੈਂਬਲੀ ਮੈਨ ਕੈਵਿਨ ਮੈਕਾਰਟੀ, ਐਫ਼ ਬੀ ਆਈ ਸਪੈਸ਼ਲ ਏਜੈਂਟ ਸ਼ੌਨ ਰੀਗਨ ਅਤੇ ਇੰਸ਼ੋਰੈਂਸ ਕਮਿਸ਼ਨਰ ਡੇਵ ਜੋਨਜ਼ ਸ਼ਾਮਲ ਸਨ। ਇੰਟਰਫ਼ੇਥ ਦੀ ਨੇਤਾ ਰੇਚਲ ਲੇਮੱਨ ਨੇ ਕਿਹਾ ਕਿ ਗੁਰਦੁਆਰਾ ਵੈਸਟ ਸੈਕਰਾਮੈਂਟੋ ਦੇ ਸੱਦੇ ਨੂੰ ਜਦੋਂ ਉਸ ਨੇ ਬਾਕੀ ਮੈਂਬਰਾਂ ਨਾਲ ਸਾਂਝਾ ਕੀਤਾ ਤਾਂ ਬਹੁਤ ਹੁੰਗਾਰਾ ਮਿਲਿਆ। ਇਸ ਮੌਕੇ ਇੰਟਰਫੇਥ ਮੁਖੀ ਜੌਨ ਫਿਸ਼ ਨੇ ਵੀ ਵਿਚਾਰ ਰੱਖਦਿਆਂ ਕਿਹਾ ਕਿ ਜਿਹੜੇ ਲੋਕ ਸਿੱਖਾਂ ਨੂੰ ਕਿਸੇ ਹੋਰ ਨਜ਼ਰੀਏ ਨਾਲ ਦੇਖਦੇ ਸਨ, ਅੱਜ ਉਨ੍ਹਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਗਈਆਂ ਹਨ। ਇਹੋ ਕਾਰਨ ਸੀ ਕਿ ਉਮੀਦ ਤੋਂ ਵੱਧ ਮੈਂਬਰਾਂ ਨੇ ਗੁਰਦੁਆਰੇ ਵਿਚ ਹਾਜ਼ਰੀ ਲਗਵਾਈ। ਇਸ ਮੌਕੇ ਸ. ਦਰਸ਼ਨ ਸਿੰਘ ਮੁੰਡੀ ਨੇ ਕਿਹਾ ਕਿ ਸਿੱਖ ਗੁਰੂਆਂ ਨੇ ਹਮੇਸ਼ਾ ਬੇਇਨਸਾਫੀ ਖ਼ਿਲਾਫ਼ ਆਵਾਜ਼ ਉਠਾਈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਬਰਾਬਰ ਦੇ ਹੱਕ ਦੇਣ ਤੇ ਕਿਰਤ ਕਰਕੇ ਤੇ ਵੰਡ ਕੇ ਛਕਣ ਦਾ ਫਲਸਫਾ ਸਿੱਖ ਧਰਮ ਦੀ ਵਿਲੱਖਣਤਾ ਹੈ। ਇਸ ਮੌਕੇ ਬਾਹਰੋਂ ਆਏ ਸੱਜਣਾਂ ਨੂੰ ਸਿੱਖੀ ਬਾਰੇ ਦੱਸਣ ਵਾਲਿਆਂ ਵਿਚ ਮਹਿੰਦਰ ਸਿੰਘ ਸੰਧੂ, ਹਾਈ ਸਕੂਲ ਵਿਦਿਆਰਥਣ ਸਿਮਰਨ ਬੈਂਸ, ਅਟਾਰਨੀ ਜਸਜੀਤ ਸਿੰਘ ਤੇ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦੇ ਪ੍ਰਿੰਸੀਪਲ ਡਾ. ਅਮਰੀਕ ਸਿੰਘ ਸਨ। ਇਸ ਪ੍ਰੋਗਰਾਮ ਨੂੰ ਸੰਚਾਲਨ ਕਰਨ ਵਾਲਿਆਂ ਵਿਚ ਦਰਸ਼ਨ ਸਿੰਘ ਮੁੰਡੀ, ਸੁਰਜੀਤ ਸਿੰਘ ਸ਼ਾਮਲ ਸਨ।

# ਅਮਿਤ ਸ਼ਾਹ ਦੇ ਪੁੱਤ ਦੀ ਕੰਪਨੀ ਨੇ 2 ਸਾਲਾਂ ’ਚ ਕੀਤਾ 16 ਹਜ਼ਾਰ ਗੁਣਾਂ ‘ਵਿਕਾਸ’

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਜਪਾ ਦੇ ਰਾਸ਼ਟਰੀ ਪ੍ਰਧਾਨ ਅਮਿਤ ਸ਼ਾਹ ਦੇ ਬੇਟੇ ਜੈ ਅਮਿਤ ਸ਼ਾਹ ਦੀ ਕੰਪਨੀ ਦੀ ਕਮਾਈ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਇਕ ਨਿੱਜੀ ਵੈੱਬਸਾਈਟ ਦੀ ਰਿਪੋਰਟ ਅਨੁਸਾਰ ਅਮਿਤ ਸ਼ਾਹ ਦੇ ਬੇਟੇ ਦੀ ਕੰਪਨੀ ਦੀ ਕਮਾਈ 2 ਸਾਲਾਂ ਵਿਚ 16 ਹਜ਼ਾਰ ਗੁਣਾ ਵਧ ਗਈ। ਕਾਂਗਰਸ ਦੇ ਆਗੂ ਕਪਿਲ ਸਿੱਬਲ ਨੇ ਜੈ ਸ਼ਾਹ ਦੀ ਕੰਪਨੀ ਦੀ ਕਮਾਈ ਵਿਚ ਹੋਏ ਬੇਤਹਾਸ਼ੇ ਵਾਧੇ ਦੀ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਲੱਗਦਾ ਹੈ 20 14 ਵਿਚ ਕੇਵਲ ਸਰਕਾਰ ਹੀ ਨਹੀਂ ਬਦਲੀ ਬਲਕਿ ਅਮਿਤ ਸ਼ਾਹ ਦੇ ਬੇਟੇ ਦੀ ਕਿਸਮਤ ਵੀ ਬਦਲ ਗਈ। ਸਿੱਬਲ ਨੇ ਮੋਦੀ ਸਰਕਾਰ ਕੋਲੋਂ ਜਾਂਚ ਕਰਵਾਉਣ ਦੀ ਮੰਗ ਕਰਦੇ ਹੋਇਆਂ ਸਵਾਲ ਪੁੱਛਿਆ ਕਿ ਇਕ ਦਮ ਅਜਿਹਾ ਕੀ ਹੋਇਆ ਕਿ ਅਮਿਤ ਸ਼ਾਹ ਦੇ ਬੇਟੇ ਦੀ ਕੰਪਨੀ ਦਾ ਟਰਨਓਵਰ 16 ਹਜ਼ਾਰ ਗੁਣਾ ਵੱਧ ਗਿਆ। ਸਿੱਬਲ ਨੇ ਅਮਿਤ ਸ਼ਾਹ ਦੇ ਬੇਟੇ ’ਤੇ ਦੋਸ਼ ਲਾਉਂਦੇ ਹੋਇਆਂ ਕਿਹਾ ਕਿ ਅਮਿਤ ਸ਼ਾਹ ਦੇ ਬੇਟੇ ਦੀ ਕੰਪਨੀ ਟੈਂਪਲ ਇੰਟਰਪ੍ਰਾਈਜਿਜ਼ ਪ੍ਰਾਈਵੇਟ ਲਿਮਟਿਡ ਮਾਰਚ 2013 ਵਿਚ ਘਾਟੇ ਵਿਚ ਸੀ ਅਤੇ ਇਹ ਘਾਟਾ 6,239 ਰੁਪਏ ਸੀ। ਮਾਰਚ 2014 ਵਿਚ ਵੀ ਕੰਪਨੀ 1,724 ਰੁਪਏ ਘਾਟੇ ਵਿਚ ਸੀ। ਪਰ 2014-15 ਵਿਚ ਇਹ ਕੰਪਨੀ ਮੁਨਾਫ਼ੇ ਵਿਚ ਆ ਗਈ। ਯਾਨੀ ਮਈ 2014 ਵਿਚ ਕੁਝ ਬਦਲਾਅ ਹੋਇਆ ਅਤੇ ਮੁਨਾਫ਼ਾ ਹੋਣਾ ਸ਼ੁਰੂ ਹੋ ਗਿਆ ਜੋ 18,728 ਰੁਪਏ ਸੀ ਜਦਕਿ ਕੰਪਨੀ ਦਾ ਕੁੱਲ ਮਾਲੀਆ ਸਿਰਫ 50 ਹਜ਼ਾਰ ਰੁਪਏ ਸੀ। ਪਰ ਅਸਲ ਬਦਲਾਅ 2015-16 ਵਿਚ ਹੋਇਆ ਜਦ ਕੰਪਨੀ ਦਾ ਟਰਨਓਵਰ 80 ਕਰੋੜ ਹੋ ਗਿਆ। ਇਕ ਸਾਲ ਵਿਚ ਟਰਨਓਵਰ ਵਿਚ ਵਾਧਾ 16 ਹਜ਼ਾਰ ਗੁਣਾ ਰਿਹਾ।



ਭਾਜਪਾ ਤੇ ਜੈ ਸ਼ਾਹ ਨੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਭਾਜਪਾ ਅਤੇ ਅਮਿਤ ਸ਼ਾਹ ਦੇ ਬੇਟੇ ਜੈ ਅਮਿਤ ਸ਼ਾਹ ਨੇ ਉਨ੍ਹਾਂ ਖਿਲਾਫ਼ ਲਗਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆ ਕਿਹਾ ਕਿ ਇਹ ਰਿਪੋਰਟ ਉਨ੍ਹਾਂ ਨੂੰ ਬਦਨਾਮ ਕਰਨ ਲਈ ਝੂਠੀ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਵਾਲਿਆਂ ਖਿਲਾਫ਼ 100 ਕਰੋੜ ਰੁਪਏ ਦਾ ਮਾਣਹਾਨੀ ਦਾ ਮੁਕੱਦਮਾ ਕੀਤਾ ਜਾਵੇਗਾ। ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਪੱਤਰਕਾਰ ਸੰਮੇਲਨ ਦੌਰਾਨ ਕਿਹਾ ਕਿ ਸ੍ਰੀ ਸਿੱਬਲ ਨੇ ਇਕ ਵੈੱਬਸਾਈਟ ’ਤੇ ਪ੍ਰਕਾਸ਼ਤ ਲੇਖ ਦਾ ਹਵਾਲਾ ਦਿੰਦਿਆ ਜੈ ਸ਼ਾਹ ਦੇ ਕਾਰੋਬਾਰ ਸਬੰਧੀ ਜੋ ਦੋਸ਼ ਲਗਾਏ ਹਨ, ਉਸ ਸਬੰਧੀ ਸਾਰਾ ਸਪਸ਼ਟੀਕਰਨ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਇਸ ਰਿਪੋਰਟ ਰਾਹੀ ਜੈ ਸ਼ਾਹ ਅਤੇ ਅਮਿਤ ਸ਼ਾਹ ਦੇ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਲੇਖ ਲਿਖਣ ਵਾਲੇ ਸੰਪਾਦਕ ਅਤੇ ਵੈੱਬਸਾਈਟ ਦੇ ਮਾਲਕ ਦੋਵਾਂ ’ਤੇ ਅਹਿਮਦਾਬਾਦ ਦੀ ਅਦਾਲਤ ਵਿਚ 100 ਕਰੋੜ ਰੁਪਏ ਦਾ ਅਪਰਾਧਕ ਮਾਣਹਾਨੀ ਦਾ ਮੁਕੱਦਮਾ ਦਰਜ ਕੀਤਾ ਜਾਵੇਗਾ।

# ਗੁਰਦਾਸਪੁਰ ਜ਼ਿਮਨੀ ਚੋਣ ਲਈ ਪ੍ਰਚਾਰ ਸਮਾਪਤ

## *ਕਾਂਗਰਸ ਵਲੋਂ ਕੈਪਟਨ ਦੀ ਅਗਵਾਈ ’ਚ ਸ਼ਕਤੀ ਪ੍ਰਦਰਸ਼ਨ*



ਪਠਾਨਕੋਟ/ਬਿਊਰੋ ਨਿਊਜ਼, ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਾਸਤੇ ਪ੍ਰਚਾਰ ਸੋਮਵਾਰ 10 ਅਕਤੂਬਰ ਨੂੰ ਸ਼ਾਮੀਂ ਸਮਾਪਤ ਹੋ ਗਿਆ। ਆਖਰੀ ਦਿਨ ਕਾਂਗਰਸ ਵਲੋਂ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਰੋਡ ਸ਼ੋਅ ਕੱਢਿਆ ਗਿਆ, ਜੋ ਪਠਾਨਕੋਟ ਹਲਕੇ ਤੋਂ ਸ਼ੁਰੂ ਕੀਤਾ ਗਿਆ ਅਤੇ ਸ਼ਹਿਰ ਦੇ ਢਾਂਗੂ ਰੋਡ, ਰੇਲਵੇ ਰੋਡ, ਗੁਰਦਾਸਪੁਰ ਰੋਡ ਤੋਂ ਹੁੰਦਾ ਹੋਇਆ ਸੁਜਾਨਪੁਰ, ਭੋਆ ਹਲਕੇ ਦੇ ਖੇਤਰਾਂ ਨੂੰ ਰਵਾਨਾ ਹੋ ਗਿਆ। ਇਥੇ ਰੋਡ ਸ਼ੋਅ ਦੌਰਾਨ ਕੈਪਟਨ ਅਮਰਿੰਦਰ ਸਿੰਘ ਬੱਸ ਵਿੱਚ ਸਵਾਰ ਸਨ, ਜਿਸ ਵਿੱਚ ਏਅਰ ਵਿੰਡੋ ਵਾਲੀ ਜਗ੍ਹਾ ਸੀਟ ਫਿੱਟ ਕੀਤੀ ਗਈ ਸੀ। ਇਸ ਸੀਟ ‘ਤੇ ਬੈਠੇ ਮੁੱਖ ਮੰਤਰੀ ਹੱਥ ਹਿਲਾ ਕੇ ਲੋਕਾਂ ਦੀਆਂ ਸ਼ੁੱਭ ਇੱਛਾਵਾਂ ਕਬੂਲ ਰਹੇ ਸਨ। ਰਸਤੇ ‘ਚ ਜਗ੍ਹਾ-ਜਗ੍ਹਾ ਪਾਰਟੀ ਵਰਕਰ ਫੁੱਲਾਂ ਦੀ ਵਰਖਾ ਕਰ ਰਹੇ ਸਨ। ਵਰਕਰ ਢੋਲ ਦੀ ਥਾਪ ‘ਤੇ ਕਾਂਗਰਸ ਪਾਰਟੀ ਦੇ ਵੱਡੇ ਵੱਡੇ ਝੰਡੇ ਫੜ ਕੇ ਨੱਚ ਟੱਪ ਰਹੇ ਸਨ ।ਇਸ ਬੱਸ ‘ਚ ਮੂਹਰਲੀ ਸੀਟ ‘ਤੇ ਕਾਂਗਰਸੀ ਉਮੀਦਵਾਰ ਸੁਨੀਲ ਜਾਖੜ ਅਤੇ ਉਨ੍ਹਾਂ ਦੇ ਨਾਲ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਬੈਠੇ ਹੋਏ ਸਨ। ਉਹ ਵੀ ਪਾਰਟੀ ਵਰਕਰਾਂ ਤੇ ਆਮ ਲੋਕਾਂ ਨੂੰ ਹੱਥ ਜੋੜ ਰਹੇ ਸਨ। ਬੱਸ ਤੋਂ ਬਾਹਰ ਸੜਕ ਉੱਪਰ ਪਠਾਨਕੋਟ ਤੋਂ ਵਿਧਾਇਕ ਅਮਿਤ ਵਿੱਜ ਪਾਰਟੀ ਵਰਕਰਾਂ ਨਾਲ ਚੱਲ ਰਹੇ ਸਨ। ਕਈ ਥਾਵਾਂ ‘ਤੇ ਵਰਕਰਾਂ ਨੇ ਵਿਧਾਇਕ ਵਿੱਜ ਨੂੰ ਮੋਢਿਆਂ ਉੱਪਰ ਚੁੱਕ ਲਿਆ ਤੇ ਕਾਂਗਰਸ ਪਾਰਟੀ ਦੇ ਹੱਕ ਵਿੱਚ ਨਾਅਰੇ ਲਗਾਏ। ਵਿਧਾਇਕ ਵਿੱਜ ਨੇ ਕਿਹਾ ਕਿ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਹਰ ਵਰਗ ਦੁਖੀ ਹੈ। ਕਾਂਗਰਸ ਪ੍ਰਤੀ ਲੋਕਾਂ ਦਾ ਉਤਸ਼ਾਹ ਦੇਖਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਇਸ ਵਿਧਾਨ ਸਭਾ ਹਲਕੇ ‘ਚੋਂ ਇਸ ਵਾਰ ਕਾਂਗਰਸ ਨੂੰ ਪਿਛਲੀਆਂ ਚੋਣਾਂ ਤੋਂ ਵੀ ਵੱਧ ਵੋਟਾਂ ਪੈਣਗੀਆਂ।

# *ਸੁੱਚਾ ਸਿੰਘ ਲੰਗਾਹ ਦੇ ਬਲਾਤਕਾਰ ਮਾਮਲੇ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ : ਸੁਨੀਲ ਜਾਖੜ*

**ਗੁਰਦਾਸਪੁਰ (ਪੱਤਰ ਪ੍ਰੇਰਕ):** ਕਾਂਗਰਸੀਆਂ ਨੇ ਗੁਰਦਾਸਪੁਰ ‘ਚ ਰੋਡ ਸ਼ੋਅ ਦਾ ਨਿੱਘਾ ਸਵਾਗਤ ਕੀਤਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਗੁਰਦਾਸਪੁਰ ਜ਼ਿਮਨੀ ਚੋਣ ‘ਚ ਕਾਂਗਰਸ ਨੂੰ ਵਿਧਾਨ ਸਭਾ ਚੋਣਾਂ ਵਾਂਗ ਹੀ ਇਤਿਹਾਸਕ ਜਿੱਤ ਮਿਲੇਗੀ। ਉਨ੍ਹਾਂ ਦਾਅਵਾ ਕੀਤਾ ਹੈ ਕਿ ਸੁਨੀਲ ਜਾਖੜ ਇਹ ਸੀਟ ਵੱਡੇ ਫ਼ਰਕ ਨਾਲ ਜਿੱਤਣਗੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਨਾ ਸਿਰਫ਼ ਆਪਣੇ ਬਹੁਤੇ ਚੋਣ ਵਾਅਦਿਆਂ ਨੂੰ ਲਾਗੂ ਕਰ ਦਿੱਤਾ ਹੈ ਸਗੋਂ ਸੰਕਟ ਨਾਲ ਜੂਝ ਰਹੇ ਸੂਬੇ ਦੇ ਅਰਥਚਾਰੇ ਨੂੰ ਮੁੜ ਲੀਹ ‘ਤੇ ਲਿਆਉਣ ਦਾ ਮੁੱਢ ਵੀ ਬੰਨ੍ਹ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਦੇ ਵਾਅਦੇ ਨੂੰ ਲਾਗੂ ਕਰਨ ਲਈ ਯੋਜਨਾ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿੱਤੀ ਤੰਗੀ ਦੇ ਬਾਵਜੂਦ ਸੂਬਾ ਸਰਕਾਰ ਨੇ ਗੁਰਦਾਸਪੁਰ ਤੇ ਪਠਾਨਕੋਟ ਲਈ 750 ਕਰੋੜ ਰੁਪਏ ਦੇ ਪ੍ਰਾਜੈਕਟਾਂ ਲਈ ਰਾਸ਼ੀ ਮਨਜ਼ੂਰ ਕੀਤੀ ਹੈ। ਸੁਨੀਲ ਜਾਖੜ ਨੇ ਕਿਹਾ ਕਿ ਸੁੱਚਾ ਸਿੰਘ ਲੰਗਾਹ ਦੇ ਬਲਾਤਕਾਰ ਮਾਮਲੇ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਲੱਗੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਨਿਰਾਸ਼ ਹਨ। ਉਨ੍ਹਾਂ ਕਿਹਾ ਕਿ ਸ੍ਰੀ ਸਲਾਰੀਆ ਖ਼ਿਲਾਫ਼ ਵੀ ਗੰਭੀਰ ਕਿਸਮ ਦੇ ਦੋਸ਼ ਹਨ। ਇਸ ਮੌਕੇ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਆਸ਼ਾ ਕੁਮਾਰੀ ਤੇ ਹਰੀਸ਼ ਚੌਧਰੀ ਵੀ ਹਾਜ਼ਰ ਸਨ।

# ‘ਸਵਾਲਾਂ ਤੋਂ ਬਚਣ ਲਈ ਕੈਪਟਨ ਨੇ ਲਾਇਆ ਰੋਡ ਸ਼ੋਅ ਦਾ ਮਜ਼ਮਾ’

## *ਚੋਣ ਨਤੀਜੇ ਤੋਂ ਬਾਅਦ ਕਾਂਗਰਸ ਹੋ ਜਾਵੇਗੀ ਦੋਫਾੜ : ਸੁਖਬੀਰ ਸਿੰਘ ਬਾਦਲ*



**ਗੁਰਦਾਸਪੁਰ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਰਹੱਦੀ ਕਸਬਾ ਦੋਰਾਂਗਲਾ ਵਿੱਚ ਅਕਾਲੀ-ਭਾਜਪਾ ਉਮੀਦਵਾਰ ਸਵਰਨ ਸਲਾਰੀਆ ਦੇ ਹੱਕ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੋਟਰਾਂ ਦੇ ਸਵਾਲਾਂ ਤੋਂ ਬਚਣ ਲਈ ਰੋਡ ਸ਼ੋਅ ਕਰ ਰਹੇ ਹਨ।

ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਦੇ ਇਸ਼ਾਰੇ ‘ਤੇ ਸਰਕਾਰੀ ਮਸ਼ੀਨਰੀ ਦੀ ਸ਼ਰ੍ਹੇਆਮ ਦੁਰਵਰਤੋਂ ਹੋ ਰਹੀ ਹੈ ਅਤੇ ਸਿਵਲ ਪ੍ਰਸ਼ਾਸਨ ਤੇ ਪੁਲੀਸ ਸਰਕਾਰ ਦੇ ਕਥਿਤ ਦਬਾਅ ਹੇਠ ਪੰਚਾਂ, ਸਰਪੰਚਾਂ ਤੇ ਕੌਂਸਲਰਾਂ ਉੱਤੇ ਕਾਂਗਰਸ ਦੇ ਹੱਕ ਵਿੱਚ ਭੁਗਤਣ ਲਈ ਦਬਾਅ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿੱਚ ਵੋਟਰਾਂ ਦਾ ਸਾਹਮਣਾ ਕਰਨ ਦਾ ਹੌਸਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕ ਘਰ-ਘਰ ਨੌਕਰੀ ਦੇਣ ਅਤੇ 90 ਹਜ਼ਾਰ ਕਰੋੜ ਰੁਪਏ ਦੇ ਮੁਕੰਮਲ ਕਰਜ਼ਾ ਮੁਆਫ਼ੀ ਸਮੇਤ ਹੋਰ ਵਾਅਦਿਆਂ ਬਾਰੇ ਪੁੱਛਣਾ ਚਾਹੁੰਦੇ ਹਨ। ਇਹੋ ਵਜਾ ਹੈ ਕਿ ਕੈਪਟਨ ਨੇ ਗੁਰਦਾਸਪੁਰ ਚੋਣ ਪ੍ਰਚਾਰ ਤੋਂ ਟਾਲਾ ਵੱਟੀ ਰੱਖਿਆ ਅਤੇ ਰੋਡ ਸ਼ੋਅ ਕਰਨ ਦਾ ਫ਼ੈਸਲਾ ਲਿਆ ਹੈ।

ਗੁਰਦਾਸਪੁਰ ਜ਼ਿਮਨੀ ਚੋਣ ਲਈ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰ ਸਵਰਨ ਸਿੰਘ ਸਲਾਰੀਆ ਦੇ ਹੱਕ ਵਿੱਚ ਕਸਬਾ ਪੁਰਾਣਾ ਸ਼ਾਲਾ ਵਿੱਚ ਇੱਕ ਚੋਣ ਰੈਲੀ ਕਰਵਾਈ ਗਈ। ਇਸ ਮੌਕੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਅਜੀਤ ਸਿੰਘ ਕੋਹਾੜ ਪੁਰਾਣਾ ਸ਼ਾਲਾ ਪਹੁੰਚੇ। ਇਸ ਰੈਲੀ ਦਾ ਪ੍ਰਬੰਧ ਭਾਜਪਾ ਆਗੂ ਬੀਡੀ ਧੁਪੜ, ਗੁਰਨਾਮ ਸਿੰਘ, ਰਵਿੰਦਰ ਯੂਕੇ ਅਤੇ ਰਣਜੀਤ ਸਿੰਘ ਰਾਣਾ ਨੇ ਕੀਤਾ। ਇਸ ਮੌਕੇ ਸ੍ਰੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਜ਼ਿੱਦ ਅਤੇ ਰਜਵਾੜਾਸ਼ਾਹੀ ਰਾਜਨੀਤੀ ਤੋਂ ਕਾਂਗਰਸੀ ਆਗੂ ਅਤੇ ਵਿਧਾਇਕ ਪ੍ਰੇਸ਼ਾਨ ਹਨ।

ਉਨ੍ਹਾਂ ਕਿਹਾ ਕਿ ਚੋਣ ਨਤੀਜੇ ਤੋਂ ਬਾਅਦ ਕਾਂਗਰਸ ਦਾ ਦੋਫਾੜ ਹੋਣਾ ਤੈਅ ਹੈ। ਉਨ੍ਹਾਂ ਕਿਹਾ ਕਿ ਘੱਟੋ-ਘੱਟ 60 ਵਿਧਾਇਕ ਬਗ਼ਾਵਤ ਦੇ ਰੌਂਅ ਵਿੱਚ ਹਨ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇਣ ਤੋਂ ਗੁਰੇਜ਼ ਨਹੀਂ ਕਰ ਰਹੀ। ਸਾਬਕਾ ਮੰਤਰੀ ਸ੍ਰੀ ਕੋਹਾੜ ਨੇ ਕਿਹਾ ਕਿ ਕਾਂਗਰਸ ਸਰਕਾਰ ਮੁੜ ਟਿਊਬਵੈੱਲਾਂ ਦੇ ਬਿੱਲ ਤੇ ਹੋਰ ਕਈ ਤਰ੍ਹਾਂ ਦੇ ਬੋਝ ਕਿਸਾਨਾਂ ਅਤੇ ਆਮ ਲੋਕਾਂ ‘ਤੇ ਪਾਉਣ ਦੀ ਤਿਆਰੀ ‘ਚ ਹੈ।

# ਕੈਪਟਨ ਸਰਕਾਰ ਵਲੋਂ ਹੁਣ ਸਾਬਕਾ ਫ਼ੌਜੀ ਨੂੰ ਡੀਐਸਪੀ ਲਾਉਣ ਲਈ ਨਿਯਮਾਂ ਦੀ ਅਣਦੇਖੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਗੁਰਇਕਬਾਲ ਸਿੰਘ ਨੂੰ ਨਿਯਮਾਂ ਦੀ ਅਣਦੇਖੀ ਕਰਕੇ ਪੰਜਾਬ ਪੁਲੀਸ ਵਿਚ ਡੀਐਸਪੀ ਨਿਯੁਕਤ ਕਰਨ ਦਾ ਮਾਮਲਾ ਅਜੇ ਠੰਢਾ ਨਹੀਂ ਹੋਇਆ ਅਤੇ ਹੁਣ ਮੁੱਖ ਮੰਤਰੀ ਦਫ਼ਤਰ (ਸੀਐਮਓ) ਵਿਚ ਰਾਜਸੀ ਤੌਰ ’ਤੇ ਨਿਯੁਕਤ ਇਕ ਪ੍ਰਭਾਵਸ਼ਾਲੀ ਵਿਅਕਤੀ ਨੇ ਇਕ ਸਾਬਕਾ ਫ਼ੌਜੀ ਨੂੰ ਡੀਐਸਪੀ ਭਰਤੀ ਕਰਾਉਣ ਲਈ ਜ਼ੋਰ ਲਾਉਣਾ ਸ਼ੁਰੂ ਕਰ ਦਿੱਤਾ ਹੈ। ਗੁਰਇਕਬਾਲ ਸਿੰਘ ਦੇ ਮਾਮਲੇ ਵਿਚ ਕੈਪਟਨ ਸਰਕਾਰ ਨੇ ਉਮਰ ਤੇ ਵਿਦਿਅਕ ਯੋਗਤਾ ਵਿਚ ਛੋਟ ਦਿੱਤੀ ਹੈ। ਇਸ ਕਾਰਨ ਸਰਕਾਰ ਨੂੰ 200 ਕੰਟਰੈਕਟ ਮੁਲਾਜ਼ਮਾਂ ਦੀ ਨਿਰਾਜ਼ਗੀ ਝੱਲਣੀ ਪੈ ਰਹੀ ਹੈ ਕਿਉਂਕਿ ਇਨ੍ਹਾਂ ਮੁਲਾਜ਼ਮਾਂ ਨੂੰ ਸੂਬੇ ਤੋਂ ਬਾਹਰੀ ਯੂਨੀਵਰਸਿਟੀਆਂ ਤੋਂ ਡਿਸਟੈਂਸ ਐਜੂਕੇਸ਼ਨ ਰਾਹੀਂ ਡਿਗਰੀਆਂ ਕਾਰਨ ਸੇਵਾਵਾਂ ਰੈਗੂਲਰ ਕਰਨ ਤੋਂ ਜਵਾਬ ਦੇ ਦਿੱਤਾ ਸੀ।

ਸਾਬਕਾ ਫ਼ੌਜੀਆਂ ਦੇ ਕੋਟੇ ਤਹਿਤ ਹੁਣ ਸਾਬਕਾ ਮੇਜਰ ਸੁਮੇਰ ਸਿੰਘ ਦੀ ਨਿਯੁਕਤੀ ਲਈ ਕੱਦ ਵਿਚ ਛੋਟ ਦਿੱਤੀ ਜਾ ਰਹੀ ਹੈ। ਸਾਲ ਭਰ ਇਹ ਮਾਮਲਾ ਠੰਢੇ ਬਸਤੇ ਵਿਚ ਪਿਆ ਰਿਹਾ ਪਰ ਸੱਤਾ ਤਬਦੀਲੀ ਬਾਅਦ ਇਸ ਨਿਯੁਕਤੀ ਲਈ ਗ੍ਰਹਿ ਤੇ ਪ੍ਰਸੋਨਲ ਵਿਭਾਗ ਨੂੰ ਪ੍ਰਕਿਰਿਆ ਸ਼ੁਰੂ ਕਰਨ ਦੀ ਹਦਾਇਤ ਕੀਤੀ ਗਈ। ਮੁੱਖ ਮੰਤਰੀ ਦੀ ਪ੍ਰਵਾਨਗੀ ਬਾਅਦ ਗ੍ਰਹਿ ਵਿਭਾਗ ਵੱਲੋਂ ਲੋੜੀਂਦੀ ਕਾਰਵਾਈ ਲਈ ਫਾਈਲ ਅੱਗੇ ਤੋਰੀ ਗਈ ਪਰ ਕਾਨੂੰਨ ਵਿਭਾਗ ਨੇ ਇਸ ’ਤੇ ਇਤਰਾਜ਼ ਲਗਾ ਦਿੱਤਾ ਹੈ। ਕੱਦ ਵਿਚ ਛੋਟ ਬਾਰੇ ਗ੍ਰਹਿ ਵਿਭਾਗ ਦੇ ਹੁਕਮਾਂ ਉਤੇ ਕਾਨੂੰਨ ਵਿਭਾਗ ਨੇ ਕਿਹਾ ਕਿ ਡੀਐਸਪੀ ਦੀ ਇਸ ਅਸਾਮੀ ਲਈ ਭਰਤੀ ਪ੍ਰਕਿਰਿਆ ਸਮੇਂ 5 ਫੁੱਟ 7 ਇੰਚ ਕੱਦ ਰੱਖਿਆ ਗਿਆ ਸੀ। ਭਰਤੀ ਪ੍ਰਕਿਰਿਆ ਸ਼ੁਰੂ ਹੋਣ ਬਾਅਦ ਨਿਯਮ ਬਦਲੇ ਨਹੀਂ ਜਾ ਸਕਦੇ। ਇਸ ਭਰਤੀ ਦੀ ਪ੍ਰਕਿਰਿਆ ਪਹਿਲਾਂ ਹੀ ਮੁਕੰਮਲ ਹੋ ਚੁੱਕੀ ਹੈ। ਨਵੀਂ ਪੋਸਟ ਖਾਲ੍ਹੀ ਹੋਣ ’ਤੇ ਨਿਯਮਾਂ ਵਿਚ ਛੋਟ ਬਾਰੇ ਇਸ਼ਤਿਹਾਰ ਦੇ ਕੇ ਇਹ ਅਸਾਮੀ ਭਰੀ ਜਾ ਸਕਦੀ ਹੈ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਹਿੰਦ-ਪਾਕਿ ਵੰਡ ਦਾ ਦਰਦ...

ਭਾਰਤ ਅਤੇ ਪਾਕਿਸਤਾਨ ਆਜ਼ਾਦੀ ਦੀ 70ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਹੇ ਹਨ। (ਪਾਕਿਸਤਾਨ ਵਿਚ 14 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ ਤੇ ਭਾਰਤ 15 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਉਂਦਾ ਹੈ।) ਇਸ ਵੰਡ ਕਾਰਨ ਜੋ ਜ਼ਖ਼ਮ ਦੋਹਾਂ ਮੁਲਕਾਂ 'ਤੇ ਲੱਗੇ, ਉਹ ਵਰ੍ਹਿਆਂ ਬਾਅਦ ਵੀ ਭਰੇ ਨਹੀਂ ਜਾ ਸਕੇ। ਇਸ ਮੌਕੇ ਭਾਰਤ ਵਿਚ ਬੀਬੀਸੀ ਦੇ ਸਾਬਕਾ ਪੱਤਰਕਾਰ ਐਂਡਰਿਊ ਵ੍ਹਾਈਟਹੇਡ ਅਤੇ ਬੀਬੀਸੀ ਦੇ ਪੱਤਰਕਾਰ ਇਸ਼ਲੀਨ ਕੌਰ ਤੇ ਸ਼ੀਰਾਜ ਵਲੋਂ ਭਾਰਤ ਦੀ ਵੰਡ ਦੀ ਵਿਰਾਸਤ ਅਤੇ ਇਸ ਦੇ ਅਸਰ ਉੱਤੇ ਆਪਣਾ ਨਜ਼ਰੀਆ ਪੇਸ਼ ਕਰ ਰਹੇ ਹਨ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ।

## ਵੰਡ 'ਚ ਅਲੀਗੜ੍ਹ ਯੂਨੀਵਰਸਿਟੀ ਕਿਵੇਂ ਬਚੀ?

**ਮਿਰਜ਼ਾ ਏ.ਬੀ. ਬੇਗ**



ਜਦੋਂ ਭਾਰਤ ਆਜ਼ਾਦ ਹੋਇਆ ਤਾਂ ਮੈਂ 16 ਸਾਲ ਦਾ ਸੀ ਅਤੇ ਮੇਰੀ ਸਾਰੀ ਸਕੂਲੀ ਸਿੱਖਿਆ ਬ੍ਰਿਟਿਸ਼ ਰਾਜ 'ਚ ਹੋਈ ਸੀ। ਜਦੋਂ ... 1937 ਤੋਂ 1939 ਵਿਚਕਾਰ ... ਸਿਲੇਬਸ ਬਦਲ ਗਿਆ ਅਤੇ ...ਰਵਾਦੀ ਹੋ ਗਈ। ਅਲੀਗੜ੍ਹ ... ਤੋਂ ਬਾਅਦ ਮੁਸਲਿਮ ਲੀਗ ...ਆ, ਪਰ ਸਾਡੇ ਸਿਲੇਬਸ 'ਚ ਕੋਈ ਬਦਲਾਅ ਨਹੀਂ ਆਇਆ ਅਤੇ ਸਾਡੀ ਸਿੱਖਿਆ ਰਾਸ਼ਟਰੀ ਵਿਚਾਰਧਾਰਾ 'ਤੇ ਹੀ ਆਧਾਰਤ ਰਹੀ। ਇਸ 'ਤੇ ਮੁਸਲਿਮ ਲੀਗ ਨੇ ਕੋਈ ਵਿਸ਼ੇਸ ਧਿਆਨ ਨਹੀਂ ਦਿੱਤਾ। ਉਹ ਫਿਰਕੂਵਾਦੀ ਜ਼ਰੂਰ ਸਨ, ਪਰ ਉਨ੍ਹਾਂ ਦਾ ਕੋਈ ਸਿਧਾਂਤਕ ਵਿਹਾਰ ਨਹੀਂ ਸੀ ਕਿ ਸਭ ਕੁਝ ਇਸਲਾਮੀ ਸਿਧਾਂਤਾਂ ਤੋਂ ਪ੍ਰੇਰਿਤ ਹੋਵੇ। ਅਜਿਹਾ ਕੁਝ ਨਹੀਂ ਸੀ।

**ਸੋਚਿਆ ਨਹੀਂ ਸੀ ਕਿ ਪਾਕਿਸਤਾਨ ਬਣ ਜਾਵੇਗਾ**

ਇਹ ਸਹੀ ਹੈ ਕਿ ਮੁਸਲਮਾਨਾਂ ਦੀ ਵੱਡੀ ਗਿਣਤੀ ਨੇ 1946 ਦੀਆਂ ਚੋਣਾਂ 'ਚ ਪਾਕਿਸਤਾਨ ਦੇ ਨਾਅਰੇ 'ਤੇ ਮੁਸਲਿਮ ਲੀਗ ਨੂੰ ਵੋਟ ਦਿੱਤਾ ਸੀ, ਪਰ ਘੱਟੋ-ਘੱਟ ਅਲੀਗੜ੍ਹ ਯੂਨੀਵਰਸਿਟੀ 'ਚ ਤਾਂ ਕਿਸੇ ਨੇ ਇਹ ਨਹੀਂ ਸੋਚਿਆ ਸੀ ਕਿ ਪਾਕਿਸਤਾਨ ਬਣ ਜਾਵੇਗਾ ਅਤੇ ਇਕ ਦੂਜਾ ਦੇਸ਼ ਹੋਂਦ 'ਚ ਆ ਜਾਵੇਗਾ। ਸਭ ਇਹੀ ਸਮਝਦੇ ਸਨ ਕਿ ਇਹ ਇਕ ਬਾਰਗੇਨਿੰਗ ਕਾਊਂਟਰ ਹੈ, ਜਿਸ ਤਹਿਤ ਮੁਸਲਮਾਨਾਂ ਨੂੰ ਵਿਸ਼ੇਸ਼ ਰਿਆਇਤਾਂ ਮਿਲਣਗੀਆਂ। ਸ਼ਾਇਦ ਯੂਪੀ (ਉੱਤਰ ਪ੍ਰਦੇਸ਼) 'ਚ ਜ਼ਿਮੀਂਦਾਰੀ ਖਤਮ ਨਾ ਹੋਵੇ, ਸਿਵਲ ਸੇਵਾਵਾਂ 'ਚ ਰਾਖਵਾਂਕਰਨ ਵਿਚ ਵਿਸਤਾਰ ਹੋ ਜਾਵੇ ਜਾਂ ਮੁਸਲਮਾਨ ਇਹ ਸ਼ਰਤ ਰੱਖਣ ਕਿ ਅੱਧੇ ਮੰਤਰੀ ਉਨ੍ਹਾਂ ਦੇ ਹੋਣ। ਇਹ ਸਭ ਸੁਪਨਾ ਸੀ। ਉਹ ਕਹਿੰਦੇ ਹਨ ਕਿ ਜਦੋਂ ਮਾਊਂਟਬੇਨ ਐਵਾਰਡ (ਅੰਗਰੇਜ਼ੀ ਹਕੂਮਤ ਦਾ ਭਾਰਤ ਅਤੇ ਪਾਕਿਸਤਾਨ ਨੂੰ ਆਜ਼ਾਦ ਕਰਨ ਦਾ ਫੈਸਲਾ) ਆਇਆ ਤਾਂ ਅਲੀਗੜ੍ਹ 'ਚ ਉਸ ਸਮੇਂ ਛੁੱਟੀਆਂ ਚਲ ਰਹੀਆਂ ਸਨ ਅਤੇ ਅਧਿਆਪਕ ਤੇ ਮੁਲਾਜ਼ਮ ਜੋ ਲੀਗ ਸਮਰਥਕ ਸਨ, ਉਨ੍ਹਾਂ 'ਚ ਬਹੁਤ ਪ੍ਰੇਸ਼ਾਨੀ ਸੀ। ਕੁਝ ਲੋਕ ਤਾਂ ਰੋ ਵੀ ਰਹੇ ਸਨ, ਕਿਉਂਕਿ ਕਿਸੇ ਨੂੰ ਇਹ ਵਿਚਾਰ ਨਹੀਂ ਸੀ ਕਿ ਪਾਕਿਸਤਾਨ ਬਣ ਜਾਵੇਗਾ ਅਤੇ ਵੱਖਰਾ ਦੇਸ਼ ਹੋਂਦ 'ਚ ਆ ਜਾਵੇਗਾ।

ਇਥੇ ਦੇ ਕੁਲਪਤੀ ਹੁਸੈਨ ਖੁਦ ਪਾਕਿਸਤਾਨ ਚਲੇ ਗਏ ਅਤੇ ਕਈ ਹੋਰ ਲੋਕ ਵੀ ਬਾਅਦ 'ਚ ਚਲੇ ਗਏ। ਪਰ ਯੂਨੀਵਰਸਿਟੀ ਕਾਇਮ ਰਹੀ ਅਤੇ ਐਡਮਿਸ਼ਨ ਬਿਲਕੁਲ ਸਮੇਂ 'ਤੇ ਹੋਏ। ਕਲਾਸਾਂ ਬਰਾਬਰ ਜਾਰੀ ਰਹੀਆਂ। ਜੇ ਕੋਈ ਅਧਿਕਆਪਕ ਚਲਿਆ ਜਾਂਦਾ ਸੀ ਤਾਂ ਦੂਜਾ ਮੌਜੂਦ ਰਹਿੰਦਾ ਸੀ।

ਅਲੀਗੜ੍ਹ ਦੇ ਕਾਇਮ ਰਹਿਣ ਦਾ ਵੱਡਾ ਕਾਰਨ ਸਰਕਾਰ ਵਲੋਂ ਇਹ ਭਰੋਸਾ ਸੀ ਕਿ ਯੂਨੀਵਰਸਿਟੀ ਜਿਵੇਂ ਚਲਦੀ ਸੀ, ਉਂਜ ਹੀ ਚਲਦੀ ਰਹੇਗੀ ਅਤੇ ਇਸ ਦੀ ਸਹਾਇਤਾ ਕੀਤੀ ਜਾਵੇਗੀ। ਇਹ ਕਹਿਣਾ ਹੋਵੇਗਾ ਕਿ ਇਸੇ ਭਰੋਸੇ ਕਾਰਨ ਯੂਨੀਵਰਸਿਟੀ ਸਥਾਪਤ ਰਹੀ।



**ਦੋਵੇਂ ਪਾਸੇ ਹੋਇਆ ਸੀ ਕਤਲੇਆਮ**

ਤੁਸੀਂ ਜਾਣਦੇ ਹੋ ਕਿ ਸੁਰੱਖਿਆ ਲਈ ਵਿਸ਼ੇਸ਼ ਫ਼ੌਜੀ ਦਸਤੇ ਭੇਜੇ ਗਏ ਸਨ, ਕਿਉਂਕਿ ਯਮੁਨਾ ਤਕ ਤਾਂ ਦੰਗੇ ਆ ਚੁੱਕੇ ਸਨ ਅਤੇ ਮੁਸਲਮਾਨਾਂ ਦਾ ਕਤਲੇਆਮ ਹੋ ਰਿਹਾ ਸੀ ਅਤੇ ਉਧਰ ਪਾਕਿਸਤਾਨ ਵਲੋਂ ਲੱਖਾਂ ਹਿੰਦੂਆਂ ਤੇ ਸਿੱਖਾਂ ਦਾ ਕਤਲੇਆਮ ਹੋ ਰਿਹਾ ਸੀ। ਫੌਜ ਦੀ ਕੁਮਾਊਂ ਰੈਜੀਮੈਂਟ ਭੇਜੀ ਗਈ ਸੀ। ਉਨ੍ਹਾਂ ਦਾ ਕੰਮ ਬਹੁਤ ਚੰਗਾ ਰਿਹਾ। ਉਨ੍ਹਾਂ ਨੇ ਜ਼ਿਲ੍ਹੇ 'ਚ ਘੱਟ ਤੋਂ ਘੱਟ ਕੋਈ ਦੰਗਾ ਨਹੀਂ ਹੋਣ ਦਿੱਤਾ। ਆਜ਼ਾਦੀ ਤੋਂ ਬਾਅਦ ਪਹਿਲੀ ਰਾਜਪਾਲ ਸਰੋਜਿਨੀ ਨਾਇਡੂ ਵੀ ਏਐਮਯੂ 'ਚ ਆਈ ਸੀ। ਉਨ੍ਹਾਂ ਨੇ ਉਥੇ ਭਾਸ਼ਣ ਦਿੱਤਾ ਸੀ, ਜਿਸ 'ਚ ਮੈਂ ਵੀ ਮੌਜੂਦ ਸੀ, ਕਿਉਂਕਿ ਮੈਂ ਉਸ ਸਮੇਂ ਪਹਿਲੇ ਸਾਲ (ਬੀਏ) ਦਾ ਵਿਦਿਆਰਥੀ ਸੀ। ਉਨ੍ਹਾਂ ਨੇ ਵੀ ਬਹੁਤ ਭਰੋਸਾ ਦਿੱਤਾ, ਪਰ ਅਫਸੋਸ ਕਿ ਉਨ੍ਹਾਂ ਦਾ ਛੇਤੀ ਹੀ ਦਿਹਾਂਤ ਹੋ ਗਿਆ।

ਵੰਡ ਤੋਂ ਬਾਅਦ ਇਥੇ ਬਹੁਤ ਸਾਰੇ ਸ਼ਰਨਾਰਥੀ ਵਿਦਿਆਰਥੀ ਵੀ ਆਏ। ਸਾਲ 1949-50 ਦਾ ਜ਼ਮਾਨਾ ਸੀ, ਜਦੋਂ ਇਥੇ ਇਕ ਤਿਹਾਈ ਵਿਦਿਆਰਥੀ (ਮਤਲਬ ਪਾਕਿਸਤਾਨ ਤੋਂ ਆਉਣ ਵਾਲੇ ਸ਼ਰਨਾਰਥੀ) ਸਨ। ਸਾਰੇ ਹੋਸਟਲ 'ਚ ਰਹਿੰਦੇ ਸਨ। ਪਹਿਲਾਂ ਇਨ੍ਹਾਂ ਲਈ ਵੱਖਰਾ ਹੋਸਟਲ ਸੀ। ਫਿਰ ਸਾਰਿਆਂ ਨੂੰ ਇਕ-ਦੂਜੇ 'ਚ ਸ਼ਾਮਲ ਕਰ ਲਿਆ ਗਿਆ। ਸਾਲ 1952 'ਚ ਇਕ ਕਾਨੂੰਨ ਆਇਆ, ਜਿਸ ਤਹਿਤ ਸਰਕਾਰ ਨੇ ਯੂਨੀਵਰਸਿਟੀ ਨੂੰ ਆਪਣੇ ਕਬਜ਼ੇ 'ਚ ਲੈ ਲਿਆ। ਪਹਿਲਾਂ ਤਾਂ ਇਹ ਪ੍ਰਾਈਵੇਟ ਯੂਨੀਵਰਸਿਟੀ ਸੀ ਅਤੇ ਦਿਵਾਲੀਆ ਹੋ ਰਹੀ ਸੀ। ਇਹੀ ਹਾਲ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਸੀ। ਜਿਹੜੇ ਲੋਕ 1952 'ਚ ਆਏ, ਕਾਨੂੰਨ ਦੀ ਬੁਰਾਈ ਕਰਦੇ ਹਨ, ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਸੇ ਕਾਰਨ ਦੋਵੇਂ ਯੂਨੀਵਰਸਿਟੀਆਂ ਬੱਚ ਗਈਆਂ, ਕਿਉਂਕਿ ਸਰਕਾਰ ਨੇ ਵੀ ਸਾਰੇ ਖਰਚੇ ਆਪਣੇ ਜ਼ਿੰਮੇ ਲੈ ਲਏ ਸਨ।

ਆਖਰੀ ਟਿਕਾਣਾ ਮਹਾਲਕਸ਼ਮੀ ਕੋਲ ਪੈਰਾਡਾਇਜ਼ ਬੰਗਲਾ ਸੀ। ਇਥੇ ਪੁਲਿਸ ਨੇ 12 ਨਵੰਬਰ 1942 ਨੂੰ ਛਾਪਾ ਮਾਰ ਕੇ ਕਾਂਗਰਸ ਰੇਡੀਓ ਦੇ ਸਾਰੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਅਜਿਤ ਵਿਲਾ 'ਤੇ ਛਾਪੇ ਦੌਰਾਨ ਪੁਲਿਸ ਨੇ ਪ੍ਰਿੰਟਰ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਹਿਰਾਸਤ 'ਚ ਉਹ ਟੁੱਟ ਕੇ ਮੁਖਬਿਰ ਬਣ ਗਿਆ। ਪੁਲਿਸ ਨੇ ਮਾਮਲੇ ਦੀ ਜਾਂਚ ਪੂਰੀ ਕੀਤੀ। ਮਾਮਲਾ ਅਦਾਲਤ 'ਚ ਪੇਸ਼ ਹੋਇਆ ਤਾਂ ਉਸ 'ਚ ਪੰਜ ਲੋਕਾਂ ਦੇ ਨਾਂ ਸਨ। ਵਿਸ਼ੇਸ਼ ਜੱਜ ਐਨ.ਐਸ. ਲੋਕੁਰ ਦੀ ਅਦਾਲਤ 'ਚ ਸੁਣਵਾਈ ਹੋਈ ਅਤੇ 14 ਮਈ 1943 ਨੂੰ ਫੈਸਲਾ ਆਇਆ। ਜੱਜ ਨੇ ਬਾਬੂਭਾਈ ਖਾਖੜ, ਚੰਦਰਕਾਂਤ ਝਵੇਰੀ ਅਤੇ ਊਸ਼ਾ ਮਹਿਤਾ ਨੂੰ ਜੇਲ੍ਹ ਦੀ ਸਜ਼ਾ ਸੁਣਾਈ। ਪਰ ਵਿੱਠਲਦਰ ਝਵੇਰੀ ਅਤੇ ਸ਼ਿਕਾਗੋਰਾਡਿਓ ਕੰਪਨੀ ਦੇ ਨਾਨਕ ਮੋਟਵਾਨੀ ਨੂੰ ਸਾਰੇ ਦੇਸ਼ਾਂ ਤੋਂ ਬਰੀ ਕਰ ਦਿੱਤਾ ਗਿਆ।

ਜੱਜ ਲੋਕੁਰ ਨੇ ਕਿਹਾ, "ਅਫਸੋਸ ਦੀ ਗੱਲ ਹੈ ਕਿ ਮਾਮਲੇ ਦੀ ਸਭ ਤੋਂ ਪ੍ਰਮੁੱਖ ਕਿਰਦਾਰ ਨਰੀਮਨ ਪ੍ਰਿੰਟਰ ਨੂੰ ਮੈਂ ਸਜ਼ਾ ਨਹੀਂ ਦੇ ਪਾ ਰਿਹਾ ਹਾਂ। ਸਾਰਾ ਕੀਤਾ-ਧਰਿਆ ਉਸੇ ਦਾ ਸੀ, ਪਰ ਉਹ ਸਰਕਾਰੀ ਗਵਾਹ ਬਣ ਗਿਆ।"

## ਖੁਫੀਆ ਕਾਂਗਰਸ ਰੇਡੀਓ ਦੀ ਅਣਕਹੀ ਦਾਸਤਾਂ

**ਮਧੂਕਰ ਉਪਾਧਿਆਏ**

'ਭਾਰਤ ਛੱਡੋ' ਅੰਦੋਲਨ ਦੇ ਠੀਕ ਪੰਜ ਦਿਨ ਬਾਅਦ ਮੁੰਬਈ ਦੇ ਗੋਵਾਲਿਆ ਟੈਂਕ ਇਲਾਕੇ 'ਚ ਇਕ ਹੋਰ ਘਟਨਾ ਵਾਪਰੀ। 14 ਅਗਸਤ 1942 ਨੂੰ। ਉਸ ਪ੍ਰਯੋਗ ਨੇ ਭਾਰਤੀ ਆਜ਼ਾਦੀ ਅੰਦੋਲਨ ਨੂੰ ਦੁਨੀਆਂ ਦਾ ਮੋਹਰੀ ਦੇਸ਼ ਬਣਾ ਦਿੱਤਾ। ਉਪਨਿਵੇਸ਼ੀ ਸੱਤਾ ਵਿਰੁੱਧ ਅਜਿਹੇ ਪ੍ਰਯੋਗ 10 ਤੋਂ 20 ਸਾਲ ਬਾਅਦ ਕਿਊਬਾ ਅਤੇ ਦੱਖਣ ਅਫ਼ਰੀਕਾ 'ਚ ਦੁਹਰਾਏ ਗਏ। ਇਹ ਘਟਨਾ ਸੀ ਆਜ਼ਾਦੀ ਦੇ ਅੰਦੋਲਨ 'ਚ ਅਤਿ-ਆਧੁਨਿਕ ਟੈਕਨੋਲਾਜੀ ਵਾਲੀ ਦੂਰਸੰਚਾਰ ਪ੍ਰਣਾਲੀ ਰੇਡੀਓ ਦੀ ਵਰਤੋਂ। ਇਸ ਲਿਹਾਜ਼ ਨਾਲ ਇਹ ਕਾਂਗਰਸੀ ਰੇਡੀਓ ਦੀ 75ਵੀਂ ਵਰ੍ਹੇਗੰਢ ਹੈ। ਕਾਂਗਰਸ ਕਨਵੈਨਸ਼ਨ 'ਚ ਮਹਾਤਮਾ ਗਾਂਧੀ ਦੇ ਸੰਬੋਧਨ ਅਤੇ 'ਕਰੋ ਜਾਂ ਮਰੋ' ਪ੍ਰਸਤਾਵ ਦੇ ਕੁੱਝ ਘੰਟੇ ਬਾਅਦ ਪੁਲਿਸ-ਪ੍ਰਸ਼ਾਸਨ ਨੇ ਅੰਦੋਲਨਕਾਰੀਆਂ ਦੀ ਫੜੋ-ਫੜੀ ਸ਼ੁਰੂ ਕਰ ਦਿੱਤੀ। ਪੂਰੇ ਦੇਸ਼ 'ਚ ਜ਼ਿਲ੍ਹਾ ਅਤੇ ਪੰਚਾਇਤ ਪੱਧਰ ਤਕ ਵੱਖ-ਵੱਖ ਥਾਵਾਂ ਤੋਂ ਹਜ਼ਾਰਾਂ ਦੀ ਗਿਣਤੀ 'ਚ ਗ੍ਰਿਫ਼ਤਾਰੀਆਂ ਹੋਈਆਂ। ਇਸੇ ਦੇ ਨਾਲ ਪ੍ਰਸ਼ਾਸਨ ਨੇ ਅਖਬਾਰਾਂ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾ ਦਿੱਤੀਆਂ।

**ਹਰ ਵਿਅਕਤੀ ਨੇਤਾ ਹੈ**

ਕਾਂਗਰਸ ਨੇਤਾਵਾਂ ਦਾ ਇਕ ਛੋਟਾ ਜਿਹਾ ਸੰਗਠਨ ਗ੍ਰਿਫ਼ਤਾਰੀ ਤੋਂ ਬਚ ਗਿਆ। ਜੈਪ੍ਰਕਾਸ਼ ਨਾਰਾਇਣ, ਹਾਈ ਕਮਿਸ਼ਨਰ ਪਟਵਰਧਨ ਅਤੇ ਰਾਮ ਮਨੋਹਰ ਲੋਹੀਆ ਜਿਹੇ ਨੇਤਾ ਭੂਮੀਗਤ ਹੋ ਗਏ ਅਤੇ ਅੰਦੋਲਨ ਚਲਾਉਂਦੇ ਰਹੇ। ਮਹਾਤਮਾ ਗਾਂਧੀ ਨੇ ਆਪਣੇ ਭਾਸ਼ਣ 'ਚ ਕਹਿ ਦਿੱਤਾ ਸੀ ਕਿ ਅੱਜ ਤੋਂ ਹਰ ਵਿਅਕਤੀ ਆਪਣੇ ਢੰਗ ਨਾਲ ਫੈਸਲਾ ਕਰਨ ਲਈ ਆਜ਼ਾਦ ਹੈ। ਹਰ ਵਿਅਕਤੀ ਨੇਤਾ ਹੈ। ਬਰਤਾਨਵੀ ਹਕੂਮਤ ਨੂੰ ਚਿੰਤਾ ਸੀ ਕਿ ਹਰ ਵਿਅਕਤੀ ਦੀ ਆਜ਼ਾਦੀ ਦਾ ਮਤਲਬ ਅੰਤ 'ਚ ਕੀ ਹੋਵੇਗਾ? ਦੇਸ਼ 'ਚ ਅਰਾਜਕਤਾ ਫੈਲੇਗੀ, ਹਿੰਸਾ ਹੋਵੇਗੀ, ਖ਼ੂਨ-ਖਰਾਬਾ ਹੋਵੇਗਾ। ਉਸ ਤੋਂ ਵੱਡਾ ਡਰ ਅਫਵਾਹਾਂ ਦਾ ਸੀ। ਅਫਵਾਹਾਂ ਕਾਂਗਰਸ ਲਈ ਵੀ ਘਾਤਕ ਹੋ ਸਕਦੀਆਂ ਸਨ। ਸਵਾਲ ਇਹ ਸੀ ਕਿ ਅੰਦੋਲਨ ਅਤੇ ਉਸ ਨਾਲ ਜੁੜੇ ਨੇਤਾਵਾਂ ਦੀਆਂ ਪੁਸ਼ਟ ਖ਼ਬਰਾਂ ਲੋਕਾਂ ਤਕ ਕਿਵੇਂ ਪਹੁੰਚਾਈਆਂ ਜਾਣ?

**ਨੌਜਵਾਨਾਂ ਦਾ ਆਇਡੀਆ**

ਉਸੀ ਸਮੇਂ 9 ਅਗਸਤ 1942 ਦੀ ਸ਼ਾਮ ਮੁੰਬਈ 'ਚ ਕੁਝ ਨੌਜਵਾਨ ਕਾਂਗਰਸ ਸਮਰਥਕਾਂ ਨੇ ਬੈਠਕ ਕੀਤੀ, ਜਿਸ 'ਚ ਰੇਡੀਓ ਟੈਕਨੋਲਾਜੀ ਦੀ ਸਮਝ ਰੱਖਣ ਵਾਲੇ ਲੋਕ ਵੀ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਨਵਾਂ ਅਖਬਾਰ ਕੱਢਣਾ ਇਸ ਦਾ ਹੱਲ ਨਹੀਂ ਹੋ ਸਕਦੀ, ਕਿਉਂਕਿ ਪੁਲਿਸ ਦੀ ਵਿਰੋਧੀ ਕਾਰਵਾਈ ਤੋਂ ਇਲਾਵਾ ਇਸ ਦੀ ਪਹੁੰਚ ਸੀਮਤ ਹੋਵੇਗੀ। ਆਮ ਰਾਏ ਸੀ ਕਿ ਕਾਂਗਰਸ ਦੇ ਜ਼ਿਆਦਾਤਰ ਨੇਤਾ ਭਾਸ਼ਣਾਂ ਰਾਹੀਂ ਲੋਕਾਂ ਨਾਲ ਸਿੱਧੀ ਗੱਲਬਾਤ ਕਰਦੇ ਹਨ, ਇਸ ਲਈ ਉਨ੍ਹਾਂ ਦੀ ਆਵਾਜ਼ ਆਮ ਲੋਕਾਂ ਤਕ ਪਹੁੰਚਾਉਣਾ ਵਧੀਆ ਬਦਲ ਹੋਵੇਗਾ। ਹਾਲਾਂਕਿ ਮਹਾਤਮਾ ਗਾਂਧੀ ਦੀ ਆਵਾਜ਼ ਬਹੁਤ ਚੰਗੀ ਨਹੀਂ ਸੀ। ਸ਼ਬਦਾਂ ਦੀ ਚੋਣ ਅਤੇ ਉਨ੍ਹਾਂ ਪ੍ਰਤੀ ਇਮਾਨਦਾਰੀ ਇੰਨੀ ਪਾਰਦਰਸ਼ੀ ਸੀ ਕਿ ਗੱਲ ਸਿੱਧੇ ਲੋਕਾਂ ਦੇ ਦਿਲਾਂ 'ਚ ਉਤਰ ਜਾਂਦੀ ਸੀ। ਨਹਿਰੂ, ਬੋਸ ਅਤੇ ਪਟੇਲ ਨੇ ਵੀ ਲੋਕਾਂ ਦੇ ਦਿਲਾਂ 'ਤੇ ਰਾਜ ਕਰ ਲਿਆ ਸੀ। ਕਾਂਗਰਸ ਦੇ ਕੁਝ ਨੌਜਵਾਨ ਨੇਤਾ ਜਨਤਾ ਨਾਲ ਸਿੱਧੀ ਗੱਲਬਾਤ ਕਰਦੇ ਸਨ। ਲੋਹੀਆ ਪ੍ਰਭਾਵਸ਼ਾਲੀ ਬੁਲਾਰੇ ਵਜੋਂ ਸਭ ਤੋਂ ਅੱਗੇ ਸਨ। ਪਰ 20 ਤੋਂ 30 ਸਾਲ ਦੀ ਉਮਰ ਦੀ ਉਸ ਨੌਜਵਾਨ ਬ੍ਰਿਗੇਡ ਨੂੰ ਰਸਤਾ ਮਿਲ ਗਿਆ। ਬੈਠਕ 'ਚ ਮੁੱਖ ਤੌਰ 'ਤੇ ਚਾਰ ਲੋਕ ਸਨ - ਬਾਬੂਭਾਈ ਖਾਖੜ, ਵਿਠਲਦਾਸ ਝਵੇਰੀ, ਊਸ਼ਾ ਮਹਿਤਾ ਅਤੇ ਨਰੀਮਨ ਅਬਰਾਬਾਦ ਪ੍ਰਿੰਟਰ।

**ਵਾਇਸ ਆਫ ਫਰੀਡਮ :**

ਸਾਰਿਆਂ ਦੀਆਂ ਨਜ਼ਰਾਂ ਪ੍ਰਿੰਟਰ 'ਤੇ ਸਨ। ਇੰਗਲੈਂਡ ਤੋਂ ਰੇਡੀਓ ਟੈਕਨੋਲਾਜੀ ਸਿੱਖ ਕੇ ਆਇਆ ਪ੍ਰਿੰਟਰ ਟਰਾਂਸਮੀਟਰ ਬਣਾਉਣ ਲਈ ਤਿਆਰ ਹੋ ਗਿਆ। ਪ੍ਰਸਾਰਣ ਦਾ ਕੋਈ ਅਨੁਭਵ ਨਾ ਹੋਣ ਦੇ ਬਾਵਜੂਦ 22 ਸਾਲਾ ਊਸ਼ਾ ਮਹਿਤਾ ਅਤੇ ਇਕ ਹੋਰ ਪ੍ਰਸਾਰਕ ਬਣਨ ਲਈ ਰਾਜ਼ੀ ਹੋ ਗਏ। ਅਤੇ ਕਾਂਗਰਸ ਕਾਰਕੁਨ ਅਜਿਤ ਦੇਸਾਈ ਨੇ ਮਦਦ ਕੀਤੀ। ਰੇਡੀਓ ਸਟੇਸ਼ਨ ਦਾ ਨਾਂ 'ਦੀ ਵਾਇਸ ਆਫ ਫਰੀਡਮ' ਰੱਖਿਆ ਗਿਆ ਅਤੇ ਥੋੜ੍ਹੀ ਹੀਲਾ-ਹਵਾਲੀ ਤੋਂ ਬਾਅਦ ਉਸੇ ਦਿਨ ਪ੍ਰਿੰਟਰ ਨੇ ਗਰਾਜ ਤੋਂ ਨਿਕਲਿਆ ਆਪਣਾ ਪੁਰਾਣਾ ਟਰਾਂਸਮੀਟਰ ਜੋੜ-ਤੋੜ ਕੇ ਵਰਤੋਂ ਲਾਇਕ ਬਣਾਉਣਾ ਸ਼ੁਰੂ ਕਰ ਦਿੱਤਾ।



ਉਸ ਸਮੇਂ ਤਕ ਰੇਡੀਉ ਨਾਲ ਜੁੜੇ ਕੁਝ ਹੋਰ ਤੱਥਾ 'ਤੇ ਨਜ਼ਰ ਪਾਉਣਾ ਦਿਲਚਸਪ ਹੋਵੇਗਾ। ਐਂਪਾਇਰ ਰੇਡੀਓ 'ਤੇ ਖਬਰਾਂ ਦੇ ਪਹਿਲਾਂ ਪ੍ਰਸਾਰਣ ਦੇ ਚਾਰ ਸਾਲ ਬਾਅਦ ਰੇਡੀਓ ਭਾਰਤ ਪੁੱਜ ਗਿਆ। ਇਸੇ ਦਾ ਨਾਂ ਬਦਲ ਕੇ ਬਾਅਦ 'ਚ ਬੀਬੀਸੀ ਹੋ ਗਿਆ। ਪਹਿਲਾਂ ਦੋ ਰੇਡੀਓ ਸਟੇਸ਼ਨ ਮੁੰਬਈ ਅਤੇ ਕਲਕੱਤਾ 'ਚ ਲਗਾਏ ਗਏ ਅਤੇ ਕੁਝ ਥਾਵਾਂ 'ਤੇ ਨਿੱਜੀ ਲੋਕਾਂ ਨੂੰ ਪ੍ਰਸਾਰਣ ਦੇ ਅਧਿਕਾਰ ਦਿੱਤੇ ਗਏ। ਮਦਰਾਸ ਰੇਡੀਓ ਲਾਇਸੈਂਸ 'ਤੇ ਪਹਿਲਾਂ ਹੀ ਚਲ ਰਿਹਾ ਸੀ।

**ਇਹ ਕਾਂਗਰਸ ਰੇਡੀਓ ਹੈ**

ਪ੍ਰਿੰਟਰ ਕੋਲ ਰੇਡੀਓ ਟਰਾਂਸਮੀਟਰ ਲਗਾਉਣ ਦਾ ਲਾਇਸੈਂਸ ਸੀ। ਪਰ ਦੂਜਾ ਵਿਸ਼ਵ ਯੁੱਧ ਸ਼ੁਰੂ ਹੁੰਦੇ ਹੀ ਸਾਰੇ ਨਿੱਜੀ ਲਾਇਸੈਂਸ ਜ਼ਬਤ ਕਰ ਲਏ ਗਏ। ਆਦੇਸ਼ ਸੀ ਕਿ ਸਾਰੇ ਟਰਾਂਸਮੀਟਰ ਨਸ਼ਟ ਕਰ ਦਿੱਤੇ ਜਾਣ ਅਤੇ ਇਨ੍ਹਾਂ ਨੂੰ ਥਾਣੇ 'ਤੇ ਜਮ੍ਹਾਂ ਕਰਵਾ ਦਿੱਤਾ ਜਾਵੇ। ਬਾਬੂਭਾਈ ਨੂੰ ਪਤਾ ਸੀ ਕਿ ਪ੍ਰਿੰਟਰ ਨੇ ਆਪਣਾ ਟਰਾਂਸਮੀਟਰ ਨਸ਼ਟ ਤਾਂ ਕੀਤਾ, ਪਰ ਥਾਣੇ 'ਚ ਜਮ੍ਹਾਂ ਨਹੀਂ ਕੀਤਾ ਹੈ। ਬਾਬੂਭਾਈ ਦੀ ਮਦਦ ਨਾਲ ਨਵੇਂ ਪੁਰਜ਼ੇ ਖਰੀਦੇ ਗਏ ਅਤੇ ਪ੍ਰਿੰਟਰ ਨੇ ਟਰਾਂਸਮੀਟਰ ਚਾਰ ਦਿਨ 'ਚ 13 ਅਗਸਤ ਨੂੰ ਤਿਆਰ ਕਰ ਦਿੱਤਾ। ਉਸੇ ਰਾਤ ਟਰਾਂਸਮੀਟਰ ਨੂੰ ਚੌਪਾਟੀ 'ਚ 'ਸੀ ਵਿਊ ਬਿਲਡਿੰਗ' ਵਿਚ ਕਿਰਾਏ ਦੇ ਘਰ ਤਕ ਲਿਜਾਇਆ ਗਿਆ। 13 ਅਗਸਤ ਦੀ ਰਾਤ ਪ੍ਰਯੋਗਿਕ ਤੌਰ 'ਤੇ ਉਸ ਨੂੰ ਚਲਾਇਆ ਗਿਆ ਅਤੇ 14 ਅਗਸਤ ਨੂੰ ਪ੍ਰਸਾਰਕ ਦੀ ਆਵਾਜ਼ ਗੂੰਜੀ, "ਇਹ ਕਾਂਗਰਸ ਰੇਡੀਓ ਹੈ। 42.34 ਮੀਟਰ ਬੈਂਡਸ 'ਤੇ ਤੁਸੀਂ ਸਾਨੂੰ ਭਾਰਤ 'ਚ ਕਿਸੇ ਥਾਂ ਤੋਂ ਸੁਣ ਰਹੇ ਹੋ।"

**ਰੇਡੀਓ ਦੇ ਮੁਖੀ ਲੋਹੀਆ ਲਈ ਜਵਾਬਦੇਹ**

ਇਹ ਆਵਾਜ਼ ਊਸ਼ਾ ਮਹਿਤਾ ਦੀ ਨਹੀਂ ਸੀ। ਸਰਕਾਰ ਅਤੇ ਅਦਾਲਤੀ ਦਸਤਾਵੇਜ਼ਾਂ 'ਚ ਦਰਜ ਹੈ ਕਿ ਇਹ ਪ੍ਰਸਾਰਣ ਪ੍ਰਿੰਟਰ ਨਾਲ ਆਪਣਾ ਨਾਂ ਪ੍ਰਗਟ ਨਾ ਕਰਨ ਦੀ ਸ਼ਰਤ 'ਤੇ 'ਕਿਸੇ ਪਾਰਸੀ ਔਰਤ' ਨੇ ਕੀਤਾ। ਊਸ਼ਾ ਮਹਿਤਾ ਨੇ ਚਾਰ ਦਿਨ ਬਾਅਦ ਜ਼ਿੰਮੇਵਾਰੀ ਸੰਭਾਲੀ ਅਤੇ ਗ੍ਰਿਫ਼ਤਾਰੀ ਤਕ ਇਸ ਕਾਰਜ ਨੂੰ ਨਿਭਾਇਆ। ਪ੍ਰਸਾਰਣ ਸ਼ੁਰੂ ਹੋਣ 'ਤੇ ਕਾਂਗਰਸ ਦੇ ਕੁਝ ਨੇਤਾਵਾਂ ਨੇ 'ਦੀ ਵਾਇਸ ਆਫ ਫਰੀਡਮ' ਨਾਲ ਸੰਪਰਕ ਕੀਤਾ। ਕੁਝ ਹੀ ਦਿਨ 'ਚ ਉਨ੍ਹਾਂ ਦੀ ਮੁਲਾਕਾਤ ਰਾਮ ਮਨੋਹਰ ਲੋਹੀਆ ਨਾਲ ਹੋਈ। ਲੋਹੀਆ ਨੇ ਉਨ੍ਹਾਂ ਦੀ ਮਦਦ ਕੀਤੀ। ਮਧੂ ਲਿਮਯੇ ਦੇ ਮੁਤਾਬਕ ਬਾਅਦ ਦੇ ਦਿਨਾਂ 'ਚ ਰੇਡੀਓ ਦੇ ਮੁਖੀ ਸਿਰਫ ਲੋਹੀਆ ਪ੍ਰਤੀ ਜਵਾਬਦੇਹ ਸਨ। ਲੋੜੀਂਦਾ ਪੈਸਾ ਉਨ੍ਹਾਂ ਤੋਂ ਹੀ ਮਿਲਦਾ ਸੀ। ਕਾਂਗਰਸੀ ਰੇਡੀਓ ਦਾ ਪ੍ਰਸਾਰਣ ਬਿਲਕੁਲ 80 ਦਿਨ ਚਲਿਆ। ਪੁਲਿਸ ਦੀ ਛਾਪੇਮਾਰੀ ਲਗਾਤਾਰ ਜਾਰੀ ਸੀ ਅਤੇ ਇਨ੍ਹਾਂ 80 ਦਿਨਾਂ 'ਚ ਟਰਾਂਸਮੀਟਰ 6 ਵੱਖ-ਵੱਖ ਥਾਵਾਂ 'ਤੇ ਲੈ ਜਾਣਾ ਪਿਆ। ਪਹਿਲਾਂ ਚੌਪਾਟੀ 'ਚ ਸੀ ਵਿਊ ਬਿਲਡਿੰਗ, ਫਿਰ ਵਾਲਕੇਸ਼ਵਰ ਰੋਡ 'ਤੇ ਰਤਨ ਮਹਿਲ ਅਤੇ ਉਥੋਂ ਅਜਿਤ ਵਿਲਾ ਹੁੰਦੇ ਹੋਏ ਗਿਰਗਾਂਵ ਬੈਂਕ ਰੋਡ 'ਤੇ ਪਾਰੇਖ ਵਾੜੀ।

**ਪ੍ਰਿੰਟਰ ਬਣ ਗਏ ਸਰਕਾਰੀ ਗਵਾਹ**

# ਕਿੰਨੀ ਸਸਤੀ ਹੈ ਕਿਸਾਨਾਂ ਦੀ ਜ਼ਿੰਦਗੀ

***4 ਅਕਤੂਬਰ ਦੇ ਦੈਨਿਕ ਭਾਸਕਰ ਦੀ ਇਹ ਪਹਿਲੀ ਖ਼ਬਰ ਚੀਖ ਕੇ ਦੱਸ ਰਹੀ ਸੀ ਕਿ ਮੰਦਸੌਰ ਦੀ ਘਟਨਾ ਤੋਂ ਬਾਅਦ ਵੀ ਪੁਲਿਸ ਨੇ ਕੁੱਝ ਨਹੀਂ ਸਿੱਖਿਆ। ਅਖ਼ਬਾਰ ਕਹਿ ਰਿਹਾ ਹੈ ਕਿ ਟੀਕਮਗੜ੍ਹ 'ਚ ਕਿਸਾਨਾਂ ਨੂੰ ਭਜਾ-ਭਜਾ ਕੇ ਕੁੱਟਿਆ। ਥਾਣੇ 'ਚ ਬੰਦ ਕਰਕੇ ਕਪੜੇ ਉਤਰਵਾਏ ਅਤੇ 30 ਕਿਸਾਨ ਜ਼ਖ਼ਮੀ ਹੋਏ ਹਨ। ਕਿਸਾਨਾਂ ਦੀ ਗਲਤੀ ਇਹ ਸੀ ਕਿ ਉਹ ਮੰਗ ਪੱਤਰ ਦੇਣ ਲਈ ਜ਼ਿਲ੍ਹਾ ਅਧਿਕਾਰੀ ਨੂੰ ਮਿਲਣਾ ਚਾਹੁੰਦੇ ਸਨ।***

**ਰਵੀਸ਼ ਕੁਮਾਰ**



ਯਵਤਮਾਲ 'ਚ ਇਸ ਸਾਲ ਵੱਡੀ ਮਾਤਰਾ 'ਚ ਨਰਮੇ ਦੀ ਫਸਲ ਬੀਜੀ ਗਈ, ਪਰ ਨਰਮੇ ਨੂੰ ਕੀਟਨਾਸ਼ਕਾਂ ਤੋਂ ਬਚਾਉਣ ਗਏ ਕਈ ਕਿਸਾਨ ਆਪਣੇ ਪਿੰਡ ਵਾਪਸ ਨਹੀਂ ਆ ਸਕੇ। ਸਤੰਬਰ ਦੇ ਪਹਿਲੇ ਹਫਤੇ ਤੋਂ ਹੀ ਕਿਸਾਨਾਂ ਦੀ ਮੌਤ ਦੀ ਖ਼ਬਰ ਆਉਣ ਲੱਗੀ ਸੀ। ਬੀਟੀ ਕਾਟਨ 'ਤੇ ਜਦੋਂ ਕੀੜਿਆਂ ਦਾ ਹਮਲਾ ਹੋਇਆ ਤਾਂ ਬਚਾਉਣ ਲਈ ਕੀਟਨਾਸ਼ਕ ਦੀ ਲੋੜ ਪਈ। ਮਾਸਕ ਅਤੇ ਦਸਤਾਨੇ ਨਾ ਪਾਉਣ ਕਾਰਨ ਸਪਰੇਅ ਦੌਰਾਨ ਜ਼ਹਿਰ ਉਨ੍ਹਾਂ ਦੇ ਸਰੀਰ 'ਚ ਦਾਖ਼ਲ ਹੋ ਗਿਆ। 20 ਕਿਸਾਨ ਵਸੰਤਰਾਉ ਨਾਇਕ ਸਰਕਾਰੀ ਹਸਪਤਾਲ ਦੇ ਆਈ.ਸੀ.ਯੂ. 'ਚ ਦਾਖ਼ਲ ਹੋਏ। ਇਕੱਲੇ ਸਤੰਬਰ ਮਹੀਨੇ 'ਚ 160 ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦਾ ਇਲਾਜ ਸ਼ਰੀਰ 'ਚ ਜ਼ਹਿਰ ਫੈਲਣ ਕਾਰਨ ਹੋਇਆ। ਪਿਛਲੇ ਤਿੰਨ ਮਹੀਨਿਆਂ 'ਚ 300 ਕਿਸਾਨਾਂ ਦਾ ਇਲਾਜ ਹੋਇਆ ਹੈ। ਹੁਣ ਇਹ ਗਿਣਤੀ 700 ਦੱਸੀ ਜਾ ਰਹੀ ਹੈ। ਆਪਣੀ ਫਸਲ ਨੂੰ ਬਚਾਉਣ ਲਈ ਕਿਸਾਨਾਂ ਨੂੰ ਆਪਣੀ ਜਾਨ ਗੁਆਉਣੀ ਪੈ ਰਹੀ ਹੈ।

ਭਾਰਤ ਦੇ ਬੇਰੁਜ਼ਗਾਰਾਂ ਲਈ ਇਕ ਬਹੁਤ ਹੀ ਆਮ ਜਿਹੀ ਗੱਲ ਕਹਿਣਾ ਚਾਹੁੰਦਾ ਹਾਂ। ਪਹਿਲਾਂ ਨੌਜਵਾਨਾਂ ਨੂੰ ਚੰਗੇ ਅਤੇ ਸਥਾਈ ਸਿੱਖਿਅਕਾਂ ਤੋਂ ਵਾਂਝੇ ਕਰ ਕੇ ਉਨ੍ਹਾਂ ਨੂੰ ਬੇਰੁਜ਼ਗਾਰ ਹੋਣ ਲਾਇਕ ਤਿਆਰ ਕੀਤਾ ਜਾਂਦਾ ਹੈ। ਫਿਰ ਜਦੋਂ ਉਹ ਕਾਲਜ ਤੋਂ ਨਿਕਲ ਕੇ ਕਿਸੇ ਤਰ੍ਹਾਂ ਲਾਇਕ ਬਣ ਵੀ ਜਾਂਦੇ ਹਨ ਤਾਂ ਤਮਾਮ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਕਿ ਉਹ ਉਮਰ ਭਰ ਬੇਰੁਜ਼ਗਾਰ ਬਣਿਆ ਰਹੇ। ਨੌਜਵਾਨਾਂ ਦੇ ਨਾਲ-ਨਾਲ ਦੇਸ਼ ਦੇ ਕਿਸਾਨ ਦਾ ਵੀ ਬੁਰਾ ਹਾਲ ਹੈ। ਰਾਜਸਥਾਨ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਦੇ ਯਵਤਮਾਲ 'ਚ ਕਿਸਾਨਾਂ ਨਾਲ ਜੋ ਕੁਝ ਹੋਇਆ, ਉਸ ਦੀ ਗੱਲ ਕਰਨਾ ਚਾਹੁੰਦਾ ਹਾਂ। 2 ਮਹੀਨੇ ਤੋਂ ਇਥੇ ਕੀਟਨਾਸ਼ਕ ਸਪਰੇਅ ਕਰਨ ਕਰਕੇ 19 ਖੇਤ ਮਜ਼ਦੂਰ ਮਰ ਚੁੱਕੇ ਹਨ। 25 ਕਿਸਾਨਾਂ ਦੀਆਂ ਅੱਖਾਂ 'ਤੇ ਬਹੁਤ ਬੁਰਾ ਪ੍ਰਭਾਵ ਪਿਆ ਹੈ। ਲਗਭਗ 700 ਕਿਸਾਨ ਯਵਤਮਾਲ ਦੇ ਹਸਪਤਾਲਾਂ 'ਚ ਦਾਖ਼ਲ ਹਨ ਅਤੇ ਜ਼ਿੰਦਗੀ-ਮੌਤ ਵਿਚਕਾਰ ਸੰਘਰਸ਼ ਕਰ ਰਹੇ ਹਨ।

ਯਵਤਮਾਲ 'ਚ ਇਸ ਸਾਲ ਨਰਮਾ ਵੱਡੇ ਪੱਧਰ 'ਤੇ ਬੀਜਿਆ ਗਿਆ। ਪਰ ਨਰਮੇ ਨੂੰ ਕੀਟਨਾਸ਼ਕਾਂ ਤੋਂ ਬਚਾਉਣ ਗਏ ਕਈ ਕਿਸਾਨ ਆਪਣੇ ਪਿੰਡ ਵਾਪਸ ਨਹੀਂ ਮੁੜੇ। ਸਤੰਬਰ ਦੇ ਪਹਿਲੇ ਹਫਤੇ ਤੋਂ ਹੀ ਕਿਸਾਨਾਂ ਦੀ ਮੌਤ ਦੀ ਖ਼ਬਰ ਆਉਣ ਲੱਗੀ ਸੀ। ਬੀਟੀ ਕਾਟਨ 'ਤੇ ਜਦੋਂ ਕੀੜਿਆਂ ਦਾ ਹਮਲਾ ਹੋਇਆ ਤਾਂ ਬਚਾਉਣ ਲਈ ਕੀਟਨਾਸ਼ਕ ਦੀ ਲੋੜ ਪਈ। ਮਾਸਕ ਅਤੇ ਦਸਤਾਨੇ ਨਾ ਪਾਉਣ ਕਾਰਨ ਸਪਰੇਅ ਦੌਰਾਨ ਜ਼ਹਿਰ ਉਨ੍ਹਾਂ ਦੇ ਸਰੀਰ 'ਚ ਦਾਖ਼ਲ ਹੋ ਗਿਆ। 20 ਕਿਸਾਨ ਵਸੰਤਰਾਉ ਨਾਇਕ ਸਰਕਾਰੀ ਹਸਪਤਾਲ ਦੇ ਆਈ.ਸੀ.ਯੂ. 'ਚ ਦਾਖ਼ਲ ਹੋਏ। ਇਕੱਲੇ ਸਤੰਬਰ ਮਹੀਨੇ 'ਚ 160 ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦਾ ਇਲਾਜ ਸ਼ਰੀਰ 'ਚ ਜ਼ਹਿਰ ਫੈਲਣ ਕਾਰਨ ਹੋਇਆ। ਪਿਛਲੇ ਤਿੰਨ ਮਹੀਨਿਆਂ 'ਚ 300 ਕਿਸਾਨਾਂ ਦਾ ਇਲਾਜ ਹੋਇਆ ਹੈ। ਹੁਣ ਇਹ ਗਿਣਤੀ 700 ਦੱਸੀ ਜਾ ਰਹੀ ਹੈ। ਆਪਣੀ ਫਸਲ ਨੂੰ ਬਚਾਉਣ ਲਈ ਕਿਸਾਨਾਂ ਨੂੰ ਆਪਣੀ ਜਾਨ ਗੁਆਉਣੀ ਪੈ ਰਹੀ ਹੈ।

ਹੁਣ ਮਹਾਰਾਸ਼ਟਰ ਸਰਕਾਰ ਨੇ ਉੱਚ ਪਧਰੀ ਕਮੇਟੀ ਦਾ ਗਠਨ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਫੈਸਲਾ ਹੋਇਆ ਹੈ ਕਿ ਛਿੜਕਾਅ ਦੌਰਾਨ ਵਰਤੋਂ ਲਈ ਮੁਫ਼ਤ ਦਸਤਾਨੇ ਅਤੇ ਮਾਸਕ ਦਿੱਤੇ ਜਾਣਗੇ ਅਤੇ ਮ੍ਰਿਤਕ ਪਰਿਵਾਰਾਂ ਦੇ ਜੀਆਂ ਨੂੰ ਦੋ ਲੱਖ ਰੁਪਏ ਦਿੱਤੇ ਜਾਣਗੇ। ਸਾਲ 2010 'ਚ ਭਿਵਾਨੀ ਵਿਚ ਇਕ ਅੱਧੇ ਘੰਟੇ ਦੀ ਰਿਪੋਰਟ ਬਣਾਈ ਸੀ ਕਿ ਕਿਉਂ ਕਿਸਾਨਾਂ ਨੂੰ ਕੀਟਨਾਸ਼ਕਾਂ ਬਾਰੇ ਜਾਣਕਾਰੀ ਨਹੀਂ ਹੁੰਦੀ ਅਤੇ ਉਹ ਬਿਨਾਂ ਪੂਰੀ ਸੁਰੱਖਿਆ ਸਪਰੇਅ ਕਰਦੇ ਹਨ।

ਹਾਲਾਂਕਿ ਇਹ ਖੇਤੀ ਮਜ਼ਦੂਰ ਹੁੰਦੇ ਹਨ ਅਤੇ ਦੂਜੇ ਸੂਬਿਆਂ ਤੋਂ ਆਏ ਹੁੰਦੇ ਹਨ ਤਾਂ ਇਨ੍ਹਾਂ ਦੀ ਮੌਤ ਦੀ ਠੀਕ ਤਰੀਕੇ ਨਾਲ ਰਿਪੋਰਟਿੰਗ ਵੀ ਨਹੀਂ ਹੁੰਦੀ ਅਤੇ ਨਾ ਹੀ ਅੰਕੜੇ ਰੱਖੇ ਜਾਂਦੇ ਹਨ। ਨਹੀਂ ਤਾਂ ਪਤਾ ਲੱਗ ਜਾਂਦਾ ਕਿ ਕੀਟਨਾਸ਼ਕਾਂ ਦੇ ਛਿੜਕਾਅ ਨਾਲ ਕਿੰਨੇ ਕਿਸਾਨਾਂ ਦੀ ਮੌਤ ਹੁੰਦੀ ਹੈ। ਭਿਵਾਨੀ ਦੇ ਹਸਪਤਾਲਾਂ ਦੇ ਬਾਹਰ ਲਿਖਿਆ ਹੁੰਦਾ ਸੀ ਕਿ ਸਾਡੇ ਇਥੇ ਸਪਰੇਅ ਦੇ ਮਰੀਜ਼ਾਂ ਦਾ ਇਲਾਜ ਹੁੰਦਾ ਹੈ।

ਬੁੱਧਵਾਰ ਨੂੰ ਜਦੋਂ ਸੂਬੇ ਦੇ ਖੇਤੀ ਮੰਤਰੀ ਯਵਤਮਾਲ ਗਏ ਤਾਂ ਕਿਸਾਨਾਂ ਨੇ ਇਸੇ ਸਪਰੇਅ ਮਸ਼ੀਨ ਨਾਲ ਉਨ੍ਹਾਂ ਉੱਪਰ ਸੰਕੇਤਕ ਛਿੜਕਾਅ ਕੀਤਾ ਅਤੇ ਆਪਣੀ ਨਾਰਾਜ਼ਗੀ ਪ੍ਰਗਟਾਈ। ਵੱਖ-ਵੱਖ ਮੀਡੀਆ ਰਿਪੋਰਟਾਂ ਅਨੁਸਾਰ ਹਸਪਤਾਲ 'ਚ ਦਾਖ਼ਲ ਕਿਸਾਨਾਂ ਦੀ ਗਿਣਤੀ ਵੱਖ ਹੈ। ਕੋਈ 300 ਲਿਖ ਰਿਹਾ ਹੈ, ਕੋਈ 400 ਅਤੇ ਕੋਈ 700 ਲਿਖ ਰਿਹਾ ਹੈ।

ਹਸਪਤਾਲਾਂ 'ਚ ਕਿਸਾਨਾਂ ਦੀ ਭੀੜ ਹੈ। ਜਿਨ੍ਹਾਂ ਨੂੰ ਖੇਤਾਂ 'ਚ ਹੋਣਾ ਚਾਹੀਦਾ ਸੀ, ਉਹ ਇਥੇ ਜ਼ਿੰਦਗੀ ਨਾਲ ਲੜ ਰਹੇ ਹਨ। ਘਟਨਾ ਵਾਪਰਦੀ ਰਹੀ, ਪਰ ਕਿਸੇ ਨੇ ਅਲਾਰਮ ਬਟਨ ਨਹੀਂ ਦਬਾਇਆ। ਕਿਹਾ ਜਾ ਰਿਹਾ ਹੈ ਕਿ ਖੇਤੀ ਵਿਭਾਗ ਅਤੇ ਕੀਟਨਾਸ਼ਕ ਕੰਪਨੀਆਂ ਨੇ ਕਿਸਾਨਾਂ ਨੂੰ ਸਹੀ ਤਰੀਕੇ ਨਾਲ ਜਾਗਰੂਕ ਨਹੀਂ ਕੀਤਾ। ਉਂਜ ਵੀ ਇਨ੍ਹਾਂ ਵਿਰੁੱਧ ਕੁਝ ਨਹੀਂ ਹੋਣਾ। ਕੀ ਕਦੇ ਵੱਡੀਆਂ ਕੰਪਨੀਆਂ ਨੂੰ ਸਜ਼ਾ ਹੁੰਦੀ ਹੈ। ਕਿਸਾਨ ਸੰਗਠਨ ਤਾਂ ਕਿਸਾਨਾਂ ਲਈ 10 ਲੱਖ ਰੁਪਏ ਮੁਆਵਜ਼ਾ ਮੰਗ ਰਹੇ ਹਨ, ਮਿਲਿਆ 2 ਲੱਖ ਰੁਪਏ।

ਕਿਸਾਨਾਂ ਦੀ ਪ੍ਰੇਸ਼ਾਨੀ 'ਤੇ ਨਜ਼ਰ ਰੱਖਣ ਲਈ ਮਹਾਰਾਸ਼ਟਰ ਸਰਕਾਰ ਨੇ 'ਵਸੰਤਰਾਉ ਨਾਇਕ ਸ਼ੇਤਕਾਰੀ ਸਵਾਵਲੰਬਨ ਮਿਸ਼ਨ' ਬਣਾਇਆ ਹੈ। ਇਸ ਟਾਸਕ ਫੋਰਸ ਦੇ ਮੈਂਬਰ ਕਿਸ਼ੋਰ ਤਿਵਾਰੀ ਨੇ ਮਹੀਨਾ ਪਹਿਲਾਂ ਚਿਤਾਵਨੀ ਦੇ ਦਿੱਤੀ ਸੀ ਕਿ ਬੀਟੀ ਕਾਟਨ ਹੁਣ ਕੀਟਨਾਸ਼ਕਾਂ ਦੇ ਹਮਲੇ ਤੋਂ ਮੁਕਤ ਨਹੀਂ ਰਿਹਾ। ਲਿਹਾਜ਼ਾ ਵੱਡੇ ਪੱਧਰ 'ਤੇ ਕੀਟਨਾਸ਼ਕਾਂ ਦੀ ਵਰਤੋਂ ਹੋਣ ਦਾ ਖ਼ਤਰਾ ਹੈ।

ਰਾਜਸਥਾਨ ਦੇ ਸੀਕਰ 'ਚ ਕਿਸਾਨਾਂ ਨੇ ਕਈ ਦਿਨਾਂ ਤਕ ਅਹਿੰਸਕ ਪ੍ਰਦਰਸ਼ਨ ਕੀਤਾ, ਜਿਸ 'ਚ ਜ਼ਿਲ੍ਹੇ ਦੇ ਵਪਾਰੀ ਤੋਂ ਲੈ ਕੇ ਦੂਜੇ ਲੋਕਾਂ ਨੇ ਵੀ ਕਿਸਾਨਾਂ ਦਾ ਸਾਥ ਦਿੱਤਾ। ਸੀਕਰ ਦਾ ਅੰਦੋਲਨ ਕਰਜ਼ ਮਾਫ਼ੀ ਦੇ ਵਾਅਦੇ ਨਾਲ ਖਤਮ ਹੋ ਗਿਆ। ਹੁਣ ਕਿਸਾਨਾਂ ਦਾ ਇਕ ਹੋਰ ਅੰਦੋਲਨ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚ ਰਿਹਾ ਹੈ। ਚੰਗੀ ਗੱਲ ਹੈ ਕਿ ਜੈਪੁਰ 'ਚ ਵੀ ਕਿਸਾਨ ਅਹਿੰਸਕ ਅਤੇ ਰਚਨਾਤਮਕ ਤਰੀਕੇ ਨਾਲ ਆਪਣਾ ਵਿਰੋਧ ਪ੍ਰਗਟ ਕਰ ਰਹੇ ਹਨ। ਕਿਸਾਨਾਂ ਦੀ ਦੁਨੀਆ 'ਚ ਬਹੁਤ ਕੁੱਝ ਹੋ ਰਿਹਾ ਹੈ, ਜਿਸ ਨੂੰ ਅਸੀਂ ਦਿੱਲੀ 'ਚ ਬੈਠ ਕੇ ਨਹੀਂ ਸਮਝ ਪਾ ਰਹੇ ਹਾਂ। ਉਨ੍ਹਾਂ ਦੀ ਪ੍ਰੇਸ਼ਾਨੀ ਵੱਖ-ਵੱਖ ਤਰੀਕਿਆਂ ਨਾਲ ਬਾਹਰ ਨਿਕਲ ਰਹੀ ਹੈ। ਸਰਕਾਰ ਨੂੰ ਵੀ ਕਿਸਾਨਾਂ ਦੀ ਬੇਚੈਨੀ ਸਮਝਣੀ ਚਾਹੀਦੀ ਹੈ ਅਤੇ ਗੱਲਬਾਤ ਕਰਨੀ ਚਾਹੀਦੀ ਹੈ। ਕਿਸਾਨ ਆਪਣੀ ਆਵਾਜ਼ ਸੁਣਾਉਣ ਲਈ ਕੀ ਕੁਝ ਨਹੀਂ ਕਰ ਰਹੇ। ਚੰਗਾ ਹੋਵੇਗਾ ਕਿ ਸੁਣਨਾ ਸ਼ੁਰੂ ਕਰ ਦੇਈਏ ਕਿ ਉਹ ਕੀ ਕਹਿ ਰਹੇ ਹਨ।

ਜੈਪੁਰ 'ਚ ਕਿਸਾਨ ਜ਼ਮੀਨ 'ਚ ਟੋਏ ਪੁੱਟ ਕੇ ਖੜ੍ਹੇ ਹੋ ਗਏ ਹਨ। ਕਿਸ ਨੇ ਸੋਚਿਆ ਸੀ ਕਿ ਗਾਂਧੀ ਦੀ ਅਹਿੰਸਾ ਦੇਸ਼ ਦੀ ਜਨਤਾ ਨੂੰ ਆਈ.ਟੀ. ਸੈੱਲ 'ਤੇ ਨਿਰਭਰ ਰਾਜਨੀਤਕ ਪਾਰਟੀਆਂ ਨਾਲੋਂ ਵੀ ਵੱਧ ਰਚਨਾਤਮਕ ਬਣਾ ਦੇਵੇਗੀ। ਇਸ ਅੰਦੋਲਨ ਦਾ ਨਾਂ ਹੈ ਸਮਾਧੀ ਸੱਤਿਆਗ੍ਰਹਿ। ਜਲ ਸਮਾਧੀ ਤੋਂ ਬਾਅਦ ਜ਼ਮੀਨ ਸਮਾਧੀ। ਦੋ ਅਕਤੂਬਰ ਤੋਂ ਇਹ ਅੰਦੋਲਨ ਚਲ ਰਿਹਾ ਹੈ। ਔਰਤਾਂ ਵੀ ਇਸ 'ਚ ਸ਼ਾਮਲ ਹਨ। ਇਨ੍ਹਾਂ ਕਿਸਾਨਾਂ ਦੀ 1150 ਬੀਘਾ ਜ਼ਮੀਨ ਜੈਪੁਰ ਵਿਕਾਸ ਅਥਾਰਟੀ ਨੇ ਸਾਲ 2010 'ਚ ਲੈ ਲਈ ਸੀ। ਉਸੇ ਸਾਲ ਤੋਂ ਇਹ ਕਿਸਾਨ ਜ਼ਮੀਨ ਦੀ ਕੀਮਤ ਲੈਣ ਲਈ ਪ੍ਰਦਰਸ਼ਨ ਕਰ ਰਹੇ ਹਨ। ਅੱਜ ਤਕ ਕੀਮਤ ਨਹੀਂ ਮਿਲੀ ਹੈ। 2000 ਕਿਸਾਨਾਂ ਦੀ ਜ਼ਮੀਨ ਚਲੀ ਗਈ।

4 ਅਕਤੂਬਰ ਦੇ ਦੈਨਿਕ ਭਾਸਕਰ ਦੀ ਇਹ ਪਹਿਲੀ ਖ਼ਬਰ ਚੀਖ ਕੇ ਦੱਸ ਰਹੀ ਸੀ ਕਿ ਮੰਦਸੌਰ ਦੀ ਘਟਨਾ ਤੋਂ ਬਾਅਦ ਵੀ ਪੁਲਿਸ ਨੇ ਕੁੱਝ ਨਹੀਂ ਸਿੱਖਿਆ। ਅਖ਼ਬਾਰ ਕਹਿ ਰਿਹਾ ਹੈ ਕਿ ਟੀਕਮਗੜ੍ਹ 'ਚ ਕਿਸਾਨਾਂ ਨੂੰ ਭਜਾ-ਭਜਾ ਕੇ ਕੁੱਟਿਆ। ਥਾਣੇ 'ਚ ਬੰਦ ਕਰਕੇ ਕਪੜੇ ਉਤਰਵਾਏ ਅਤੇ 30 ਕਿਸਾਨ ਜ਼ਖ਼ਮੀ ਹੋਏ ਹਨ। ਕਿਸਾਨਾਂ ਦੀ ਗਲਤੀ ਇਹ ਸੀ ਕਿ ਉਹ ਮੰਗ ਪੱਤਰ ਦੇਣ ਲਈ ਜ਼ਿਲ੍ਹਾ ਅਧਿਕਾਰੀ ਨੂੰ ਮਿਲਣਾ ਚਾਹੁੰਦੇ ਸਨ।

ਕਿਤੇ ਕਿਸਾਨ ਜ਼ਹਿਰ ਨਾਲ ਮਰ ਰਿਹਾ ਹੈ ਅਤੇ ਕਿਤੇ ਭਜਾ-ਭਜਾ ਕੇ ਕੁੱਟਿਆ ਜਾ ਰਿਹਾ ਹੈ। ਕਿਸਾਨਾਂ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਥਾਣੇ 'ਚ ਬਿਨਾਂ ਕਪੜਿਆਂ ਦੇ ਕਈ ਘੰਟੇ ਬਿਠਾਇਆ ਗਿਆ। ਸੂਬੇ ਦੇ ਗ੍ਰਹਿ ਮੰਤਰੀ ਨੇ ਜਾਂਚ ਦੇ ਆਦੇਸ਼ ਦਿੱਤੇ ਹਨ। ਟੀਕਮਗੜ੍ਹ ਦੇ ਕਲੈਕਟਰ ਦਾ ਕਹਿਣਾ ਹੈ ਕਿ ਇਕ ਵੀ ਕਿਸਾਨ ਜ਼ਖ਼ਮੀ ਨਹੀਂ ਹੋਇਆ ਹੈ। ਜੇ ਉਨ੍ਹਾਂ ਦੇ ਕਪੜੇ ਉਤਰਵਾਏ ਗਏ ਹਨ ਤਾਂ ਜਾਂਚ ਹੋਵੇਗੀ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਕਿਸਾਨ ਅਤੇ ਕਾਂਗਰਸ ਕਾਰਕੁਨਾਂ ਵੱਲੋਂ ਪੱਥਰਬਾਜ਼ੀ ਹੋਈ, ਜਿਸ ਕਾਰਨ ਲਾਠੀਚਾਰਜ ਹੋਇਆ। ਇਹ ਪੱਥਰਬਾਜ਼ੀ ਵਾਲਾ ਉਦਾਹਰਣ ਬੀਐਚਯੂ ਸਮੇਂ ਵੀ ਉਥੇ ਦੇ ਵਾਈਸ ਚਾਂਸਲਰ ਨੇ ਦਿੱਤਾ ਸੀ, ਜਿਨ੍ਹਾਂ ਨੂੰ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ।

ਇਸ ਅੰਦੋਲਨ ਦੀ ਅਗਵਾਈ ਕਾਂਗਰਸ ਨੇਤਾ ਅਜੈ ਸਿੰਘ ਕਰ ਰਹੇ ਸਨ। ਕਾਂਗਰਸ ਦੀ ਅਪੀਲ 'ਤੇ ਹੀ ਕਿਸਾਨਾਂ ਨੇ ਅੰਦੋਲਨ ਕੀਤਾ ਸੀ। ਕਾਂਗਰਸ ਟੀਕਮਗੜ੍ਹ ਨੂੰ ਸੋਕਾ ਗ੍ਰਸਤ ਐਲਾਨਣ ਦੀ ਮੰਗ ਕਰ ਰਹੀ ਹੈ। ਮੁੱਖ ਮੰਤਰੀ ਸ਼ਿਵਰਾਜ ਸਿੰਘ ਨੇ ਕਿਹਾ ਹੈ ਕਿ ਉਹ ਹਿੰਸਕ ਪ੍ਰਦਰਸ਼ਨ ਬਰਦਾਸ਼ਤ ਨਹੀਂ ਕਰਨਗੇ। ਕਾਂਗਰਸ 'ਤੇ ਅਸਥਿਰਤਾ ਪੈਦਾ ਕਰਨ ਦਾ ਦੋਸ਼ ਲਗਾਇਆ ਹੈ। ਕਿਸਾਨਾਂ ਦੀ ਮੰਗ ਹੈ ਕਿ ਟੀਕਮਗੜ੍ਹ ਨੂੰ ਸੋਕਾਗ੍ਰਸਤ ਜ਼ਿਲ੍ਹਾ ਐਲਾਨਿਆ ਜਾਵੇ। ਕਲੈਕਟਰ ਨੇ ਕਾਂਗਰਸ ਨੇਤਾਵਾਂ ਤੋਂ ਮੰਗ ਪੱਤਰ ਲੈ ਲਿਆ ਸੀ। ਸੂਬੇ ਦੇ ਮੰਤਰੀ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਨਹੀਂ ਕੁੱਟਿਆ ਗਿਆ, ਕਾਂਗਰਸੀਆਂ ਨੂੰ ਕੁੱਟਿਆ ਗਿਆ ਹੈ। ਇਹ ਕਾਂਗਰਸੀਆਂ ਦੀ ਚਾਲ ਹੈ। ਅਨੁਰਾਗ ਦਵਾਰੀ ਨੇ ਸੂਬੇ ਦੇ ਗ੍ਰਹਿ ਮੰਤਰੀ ਅਤੇ ਕਾਂਗਰਸ ਨੇਤਾ ਨਾਲ ਵੀ ਗੱਲ ਕੀਤੀ ਹੈ।

# ਕੀ ਸਿਰ਼ਫ ਪੈਸਾ ਵਸੂਲਣਾ ਹੀ ਸਰਕਾਰ ਦਾ ਕੰਮ ਹੈ ?

**ਭ੍ਰਿਸ਼ਟਾਚਾਰ ਨਾਲ ਲੜਾਈ ਬਹੁਤ ਵਧੀਆ ਨਾਅਰਾ ਸੀ। ਇਸ ਨੇ ਭਾਜਪਾ ਨੂੰ ਪਿਛਲੀਆਂ ਚੋਣਾਂ 'ਚ ਜ਼ਬਰਦਸਤ ਜਿੱਤ ਦਿਵਾਈ, ਪਰ ਹੁਣ ਇਹ ਘਿਸਿਆ-ਪਿਟਿਆ ਜੁਮਲਾ ਲੱਗਦਾ ਹੈ। ਸਰਕਾਰ ਕੁਝ ਜ਼ਿਆਦਾ ਹੀ ਕਰ ਰਹੀ ਸੀ ਅਤੇ ਨੋਟਬੰਦੀ ਤੇ ਜੀਐਸਟੀ ਤੋਂ ਬਾਅਦ ਉਸ ਦੇ ਛਾਪੇਮਾਰੀ ਜਿਹੇ ਤੌਰ-ਤਰੀਕਿਆਂ ਤੋਂ ਛੋਟੇ ਅਤੇ ਮੱਧਮ ਵਰਗੀ ਲੋਕ ਪ੍ਰੇਸ਼ਾਨ ਹੋਏ ਹਨ। ਉਨ੍ਹਾਂ ਦੀ ਜ਼ਿੰਦਗੀ 'ਚ ਉਥਲ-ਪੁਥਲ ਮਚ ਗਈ। ਕਾਰੋਬਾਰ 'ਤੇ ਬੁਰੀ ਮਾਰ ਪਈ। ਉਨ੍ਹਾਂ ਦੇ ਕਰਮਚਾਰੀ ਹੁਣ ਬੇਰੁਜ਼ਗਾਰ ਹਨ। ਛੇਤੀ ਹੀ ਉਹ ਵੀ ਹੋ ਜਾਣਗੇ।**

**ਪ੍ਰੀਤੀਸ਼ ਨੰਦੀ**

ਇਕ ਗੱਲ ਬਿਲਕੁਲ ਸਪਸ਼ਟ ਹੈ, ਕੱਟੜ ਭਾਜਪਾ ਸਮਰੱਥਕ ਵੀ ਜਾਣ ਲੈਣ। ਉਹ ਇਹ ਕਿ ਇਸ ਸਰਕਾਰ 'ਤੇ ਘੱਟ ਰਹੇ ਮੁਨਾਫ਼ੇ ਦਾ ਨਿਯਮ ਲਾਗੂ ਹੋਣ ਲੱਗਾ ਹੈ। ਤੁਸੀਂ ਕੁੱਝ ਵੀ ਕਹੋ, ਅਰਥਵਿਵਸਥਾ 'ਚ ਗੜਬੜ ਤਾਂ ਹੈ ਅਤੇ ਅਜਿਹੀ ਸੰਭਾਵਨਾ ਨਹੀਂ ਹੈ ਕਿ ਥੋੜ੍ਹੇ ਸਮੇਂ 'ਚ ਇਹ ਚਤਮਕਾਰਕੀ ਤਰੀਕੇ ਨਾਲ ਖੁਦ ਨੂੰ ਸੁਧਾਰ ਲਵੇ। ਸੱਚ ਇਹ ਵੀ ਹੈ ਕਿ ਸਰਕਾਰ 'ਚ ਕੋਈ ਵੀ ਅਜਿਹਾ ਨਹੀਂ ਹੈ, ਜੋ ਜਾਣਦਾ ਹੋਵੇ ਕਿ ਇਸ ਨੂੰ ਕਿਵੇਂ ਠੀਕ ਕੀਤਾ ਜਾ ਸਕਦਾ ਹੈ। ਇੱਥੋਂ ਤਕ ਕਿ ਪ੍ਰਧਾਨ ਮੰਤਰੀ ਵੀ ਇਹ ਸਵੀਕਾਰ ਕਰਦੇ ਹਨ। ਨਵੀਂ ਆਰਥਿਕ ਸਲਾਹਕਾਰ ਪ੍ਰੀਸ਼ਦ ਦਾ ਐਲਾਨ ਹੀ ਇਕ ਅਰਥ 'ਚ ਇਸ ਗੱਲ ਦੀ ਗਵਾਹੀ ਹੈ ਕਿ ਸੁਧਾਰ ਦਾ ਕੰਮ ਤੁਰੰਤ ਕਰਨਾ ਹੋਵੇਗਾ। ਕੀ ਵਿਵੇਕ ਦੇਵਰਾਏ ਇਸ ਦੇ ਕਾਬਿਲ ਹਨ, ਇਹ ਸਾਨੂੰ ਆਉਣ ਵਾਲੇ ਮਹੀਨਿਆਂ 'ਚ ਪਤਾ ਲੱਗ ਹੀ ਜਾਵੇਗਾ। ਪਰ ਪ੍ਰੀਸ਼ਦ ਨੂੰ ਫਿਰ ਤੋਂ ਕਾਇਮ ਕਰਨਾ ਹੀ ਸਾਬਤ ਕਰਦਾ ਹੈ ਕਿ ਪ੍ਰਧਾਨ ਮੰਤਰੀ ਇਸ ਸੱਚ ਦੀ ਅਣਦੇਖੀ ਨਹੀਂ ਕਰਨਾ ਚਾਹੁੰਦੇ।

ਹੁਣ ਤਕ ਇਹ ਕਈ ਵਾਅਦਿਆਂ ਵਾਲੀ ਸਰਕਾਰ ਰਹੀ ਹੈ। ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ 'ਚ ਇਹ ਸਰਕਾਰ ਉਮੀਦਾਂ ਦੀ ਕਸੌਟੀ 'ਤੇ ਬਿਲਕੁਲ ਫੇਲ ਰਹੀ ਹੈ। ਕਾਰਨ ਸ਼ਾਇਦ ਇਹੀ ਹੈ ਕਿ ਸਕਰਾਰ ਇਕੱਠੀਆਂ ਬਹੁਤ ਸਾਰੀਆਂ ਚੀਜ਼ਾਂ ਕਰਨਾ ਚਾਹੁੰਦੀ ਹੈ ਅਤੇ ਉਸ ਕੋਲ ਅਜਿਹਾ ਕਰਨ ਦੀ ਯੋਗਤਾ ਤੇ ਮੁਹਾਰਤ ਬਹੁਤ ਘੱਟ ਹੈ। ਉਨ੍ਹਾਂ ਦੇ ਭਰੋਸੇ 'ਤੇ ਅਸੀਂ ਬਹੁਤ ਚੰਗੇ ਦਿਨਾਂ ਦਾ ਸੁਪਨਾ ਵੇਖ ਰਹੇ ਸੀ, ਹੁਣ ਇਸ ਤੱਥ ਨਾਲ ਤਾਲਮੇਲ ਬਿਠਾ ਰਹੇ ਹਾਂ ਕਿ ਜੋ ਸਾਹਮਣੇ ਹੈ ਉਹ ਤਾਂ ਮਾੜੇ ਹਾਲਾਤ ਦੀ ਪੂਰੀ ਲੜੀ ਹੈ। ਚੰਗਾ ਇਰਾਦਾ ਨਾਕਾਮੀ ਦਾ ਕੋਈ ਬਹਾਨਾ ਨਹੀਂ ਹੁੰਦਾ। ਵਿਦੇਸ਼ਾਂ ਤੋਂ ਆਏ ਮਾਹਰ ਹੁਣ ਚੁਪਚਾਪ ਆਪਣਾ ਬੋਰੀਆ-ਬਿਸਤਰ ਸਮੇਟ ਕੇ ਉਥੇ ਵਾਪਸ ਜਾ ਰਹੇ ਹਨ। ਰਘੁਰਾਮ ਰਾਜਨ ਆਪਣੇ ਪੜ੍ਹਾਈ ਦੇ ਖੇਤਰ 'ਚ ਵਾਪਸ ਚਲੇ ਗਏ ਹਨ ਅਤੇ ਕਿਤਾਬਾਂ ਲਿਖ ਰਹੇ ਹਨ। ਅਰਵਿੰਦ ਪਨਗੜੀਆ ਆਪਣੇ ਮੈਂਟਰ ਜਗਦੀਸ਼ ਭਗਵਤੀ ਕੋਲ ਕੋਲੰਬੀਆ ਚਲੇ ਗਏ ਹਨ ਅਤੇ ਛੇਤੀ ਹੀ ਹੋਣਹਾਰ ਨੌਜਵਾਨਾਂ ਨੂੰ ਭਾਸ਼ਣ ਦੇ ਰਹੇ ਹੋਣਗੇ ਕਿ ਦੱਖਣਪੰਥੀ ਭਾਰਤ ਨੂੰ ਜੀ.ਡੀ.ਪੀ. ਵਧਾਉਣ ਲਈ ਕੀ ਕਰਨਾ ਚਾਹੀਦਾ ਹੈ। ਅਰਵਿੰਦ ਸੁਬਰਾਮਨੀਅਮ ਨੂੰ ਇਕ ਸਾਲ ਦਾ ਐਕਸਟੈਂਸ਼ਨ ਮਿਲਿਆ ਹੈ, ਪਰ ਹੋਰਾਂ ਵਾਂਗ ਉਨ੍ਹਾਂ ਨੂੰ ਵੀ ਲੰਮੇ ਕਾਰਜਕਾਲ ਦੀ ਉਮੀਦ ਰਹੀ ਹੋਵੇਗੀ ਤੇ ਉਹ ਜ਼ਰੂਰ ਨਿਰਾਸ਼ ਹੋਏ ਹੋਣਗੇ। ਉਹ ਵੀ ਸ਼ਾਇਦ ਛੇਤੀ ਹੀ ਵਾਸ਼ਿੰਗਟਨ ਡੀ.ਸੀ. ਦੇ ਥਿੰਕ ਟੈਂਕ 'ਚ ਵਾਪਸ ਚਲੇ ਜਾਣਗੇ।

ਇਸ ਦੌਰਾਨ ਦੇਸੀ ਖੁਸ਼ ਹੈ ਕਿ ਉਨ੍ਹਾਂ ਕੋਲ ਕੰਮ ਵਾਪਸ ਆ ਰਿਹਾ ਹੈ। ਨੀਤੀ ਕਮਿਸ਼ਨ ਦੇ ਨਵੇਂ ਮੁਖੀ ਨੇ ਐਲਾਨ ਵੀ ਕਰ ਦਿੱਤਾ ਹੈ ਕਿ ਭਾਰਤੀ ਅਰਥਵਿਵਸਥਾ ਉਨ੍ਹਾਂ ਲੋਕਾਂ ਦੀ ਸਲਾਹ ਤੋਂ ਬਿਨਾਂ ਚੰਗੀ ਹੋਵੇਗੀ, ਜਿਨ੍ਹਾਂ ਦਾ ਇਥੇ ਕੁੱਝ ਦਾਅ 'ਤੇ ਨਹੀਂ ਲੱਗਿਆ ਸੀ। ਸ਼ਾਇਦ ਉਹ ਸਹੀ ਹਨ। ਪਰ ਅਸਲੀ ਸਮੱਸਿਆ ਤਾਂ ਇਹ ਹੈ ਕਿ ਸਰਕਾਰ 'ਚ ਅੱਜ ਜ਼ਿਆਦਾ ਲੋਕ ਨਹੀਂ ਹਨ, ਜੋ ਵਿੱਤੀ ਸਿਹਤ ਦੇ ਮਾਮਲੇ ਸਮਝਦੇ ਹੋਣ। ਅੰਕੜਿਆਂ ਦੀ ਗੱਲ ਹੈ ਤਾਂ ਹਾਂ ਉਹ ਬਹੁਤ ਪਸੰਦ ਹਨ ਅਤੇ ਉਨ੍ਹਾਂ ਨਾਲ ਖਿਲਵਾੜ ਦਾ ਲੁਤਫ ਲੈਂਦੇ ਹਨ। ਕਈ ਵਾਰ ਕੋਈ ਪੁਆਇੰਟ ਸਕੋਰ ਕਰਨ ਲਈ ਉਨ੍ਹਾਂ ਦੀ ਆਪਣੇ ਹਿਸਾਬ ਨਾਲ ਵਰਤੋਂ ਵੀ ਕਰ ਲੈਂਦੇ ਹਨ। ਪਰ ਅੰਕੜੇ ਆਪਣੇ ਆਪ 'ਚ ਹੀ ਸਾਡੀ ਜ਼ਿੰਦਗੀ ਨਹੀਂ ਬਦਲ ਸਕਦੇ। ਨਾ ਉਹ ਅਮੂਰਤ ਮੈਕ੍ਰੋ-ਇਕੋਨਾਮਿਕ ਮਾਡਲ ਜਿਨ੍ਹਾਂ ਦੀ ਕਸਮ ਖਾਣਾ ਵਿਦਵਾਨਾਂ ਨੂੰ ਬਹੁਤ ਪਸੰਦ ਹੈ। ਇਸ ਲਈ ਹੋ ਸਕਦਾ ਹੈ ਕਿ ਪੁਰਾਣੀ ਕਿਸਮ ਦੀ ਰਾਜਨੀਤੀ ਵੱਲ ਲਿਆਉਣ ਦਾ ਇਹ ਸਹੀ ਸਮਾਂ ਹੋਵੇ। ਰਾਜਨੀਤੀ 'ਚ ਭਾਵੇਂ ਜੋ ਕਮੀਆਂ ਹੋਣ, ਪਰ ਇਹੀ ਸਾਨੂੰ ਉਸ ਚੱਕਰਵਿਊ 'ਚੋਂ ਬਾਹਰ ਆਉਣ ਦਾ ਰਸਤਾ ਲੱਭਣ 'ਚ ਮਦਦਗਾਹ ਹੋ ਸਕਦੀ ਹੈ, ਜਿਸ 'ਚ ਅਸੀਂ ਖੁਦ ਨੂੰ ਪਾ ਰਹੇ ਹਾਂ। ਮੈਨੂੰ ਲੱਗਦਾ ਹੈ ਕਿ ਇਸ ਸਰਕਾਰ ਦੇ ਨਾਲ ਸਮੱਸਿਆ ਇਸ ਦੀ ਲਾਲਸਾ ਹੈ। ਇਹ ਭ੍ਰਿਸ਼ਟਾਚਾਰ ਨੂੰ ਖ਼ਤਮ ਕਰ ਦੇਣਾ ਚਾਹੁੰਦੀ ਹੈ, ਸਾਰੇ ਪੱਧਰ 'ਤੇ ਪੂਰਾ ਭ੍ਰਿਸ਼ਟਾਚਾਰ। ਸਰਕਾਰ ਨੂੰ ਇਹ ਅਹਿਸਾਸ ਹੋਣ 'ਚ ਤਿੰਨ ਸਾਲ ਗਏ ਕਿ ਅਜਿਹੇ ਵਾਅਦੇ ਪੂਰੇ ਕਰਨਾ ਮੁਸ਼ਕਲ ਹੈ। ਅਸੀਂ ਆਪਣਾ ਸਾਰਾ ਸਮਾਂ ਅਤੇ ਸ਼ਕਤੀ ਕਿਸੇ ਸੁਪਨੇ ਦਾ ਪਿੱਛਾ ਕਰਨ 'ਚ ਬੇਕਾਰ ਨਹੀਂ ਕਰ ਸਕਦੇ। ਇਸ ਵਿਵਸਥਾ 'ਚ ਭ੍ਰਿਸ਼ਟਾਚਾਰ ਬਹੁਤ ਡੂੰਘਾਈ ਤਕ ਜੜ੍ਹ ਜਮਾਈ ਬੈਠਾ ਹੈ ਅਤੇ ਇਸ ਨਾਲ ਲੜਦੇ ਰਹਿਣ ਨਾਲ ਤੁਸੀਂ ਹੀ ਹਾਰ ਜਾਉਗੇ। ਬਾਕੀ ਸਾਰੇ ਕੰਮ ਅਧੂਰੇ ਰਹਿ ਜਾਣਗੇ। ਸਮਾਂ ਅੱਗੇ ਵਧਣ ਦਾ ਹੈ। ਇਸ ਤੋਂ ਵੀ ਜ਼ਰੂਰੀ ਕੰਮ ਹਨ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਰੁੱਕ ਨਹੀਂ ਰਹੀਆਂ ਹਨ।

ਬਾਕੀ ਸਫ਼ਾ 32 'ਤੇ

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲ.ਫਜ਼ਾਂ ਨੂੰ ਵੀ ਫੜਦੇ ਹਾਂ।**



ਰਜਿੰਦਰ ਕੌਰ
.ਫੋਨ: 98889-02339, 84271-12339

(ਭਾਗ- 23)

## ਸਵੇਰੇ ਉਥੇ ਹੀ

ਛੋਟੇ ਸ਼ਿਮਲੇ – ਇੱਥੇ ਕਮੇਟੀ ਸਕੂਲ ਵਿਚ ਹੀ ਪੜ੍ਹਦੀ ਹਾਂ ਮੈਂ।

ਇੱਥੇ ਬਜ਼ਾਰ ਵਿਚ ਇਕ 'ਕਾਕੂ' ਹਲਵਾਈ ਦੀ ਦੁਕਾਨ ਹੈ ਬਹੁਤ ਮਸ਼ਹੂਰ – ਦੁਕਾਨ ਕੋਲੋਂ ਪਿੱਛੇ ਵੱਲ ਹੇਠਾਂ ਨੂੰ ਇਕ ਤੰਗ ਜਿਹਾ ਰਸਤਾ ਜਾਂਦਾ ਹੈ – ਮੂਹਰੇ ਮਸੀਤ ਹੈ ਤੇ ਥੋੜ੍ਹਾ ਹੇਠਾਂ ਜਾ ਸਾਡਾ ਪ੍ਰਾਇਮਰੀ ਸਕੂਲ ਹੈ ਛੋਟੀ ਜਿਹੀ ਬਿਲਡਿੰਗ ਵਿਚ।

ਕਾਕੂ ਦੀ ਦੁਕਾਨ 'ਤੇ ਭਾਪਾ ਜੀ ਦਾ ਖਾਤਾ ਚਲਦਾ ਹੈ – ਅਸੀਂ 'ਨਾਓਂ' ਲਿਖਾ ਕੇ ਕੁਝ ਵੀ ਲੈ ਆਉਂਦੇ ਹਾਂ, ਖ਼ਾਸ ਕਰਕੇ ਸਕੂਲ ਪੜ੍ਹਦੇ, ਅੱਧੀ ਛੁੱਟੀ ਵੇਲੇ ਵੀ ਪਰ ਕਦੇ ਕਦੇ ਜਦ ਤੇਜਾ ਤਾਇਆ ਜੀ ਆਉਂਦੇ ਉਹ ਸਾਨੂੰ ਇੱਥੇ ਦੁਕਾਨ 'ਤੇ ਲਿਆ ਦੁੱਧ ਜਲੇਬੀਆਂ ਵੀ ਖੁਆਂਦੇ। ਹੁਣ ਜਦ ਵੀ ਉਹ ਆਉਂਦੇ ਮੈਂ ਉਨ੍ਹਾਂ ਦੇ ਪਿੱਛੇ ਪੈ ਜਾਂਦੀ ਹਾਂ, "ਚਲੋ ਤਾਇਆ ਜੀ ਤੁਹਾਨੂੰ 'ਕਾਕੂ-ਕਾਨ (ਦੁਕਾਨ) ਤੋਂ ਦੁੱਧ ਪਿਆ ਕੇ ਲਿਆਵਾਂ।"

ਅਜੇ ਪਹਿਲੀ – ਦੂਜੀ ਵਿਚ ਹੀ ਪੜ੍ਹਦੀ ਹਾਂ – ਛੁੱਟੀ ਮਗਰੋਂ ਅੱਜ ਮੈਨੂੰ ਦਰੀ 'ਤੇ ਪਈ ਇਕ ਗੋਲ ਡੱਬੀ ਲੱਭਦੀ ਹੈ – ਇਹ ਲਾਲ ਰੰਗ ਦੀ ਟਾਈਪ ਦੇ ਫੀਤੇ ਵਾਲੀ ਖਾਲੀ ਡੱਬੀ ਹੈ, ਜਿਸ 'ਤੇ ਮੋਟਾ ਸਾਰਾ ਕਾਲੇ ਰੰਗ ਵਿਚ ਅੰਗਰੇਜ਼ੀ ਦਾ 'ਕੇ' ਅੱਖਰ ਛਪਿਆ ਹੋਇਆ ਹੈ – ਇਸ ਵਿਚ ਚੌਕੀ-ਰੰਗਾਂ ਦੇ ਟੁਕੜੇ ਪਏ ਹਨ। ਮੈਂ ਡੱਬੀ ਚੁੱਕ ਘਰ ਲੈ ਆਉਂਦੀ ਹਾਂ।

ਘਰ ਆ, ਭਾਪਾ ਜੀ ਦੇ ਪੁੱਛਣ 'ਤੇ ਦਸਦੀ ਹਾਂ, "ਇਹ ਡੱਬੀ ਮੈਨੂੰ ਮੰਦਰ ਵਾਲੀ ਚੜ੍ਹਾਈ ਤੋਂ ਲੱਭੀ ਹੈ – ਉੱਥੇ ਕਿਸੇ ਦੀ ਡਿੱਗ ਪਈ ਸੀ।"

ਪਤਾ ਨਹੀਂ ਭਾਪਾ ਜੀ ਨੂੰ ਕਿਵੇਂ ਪਤਾ ਲੱਗ ਜਾਂਦਾ ਹੈ ਕਿ ਮੈਂ ਝੂਠ ਬੋਲ ਰਹੀ ਹਾਂ।

'ਤਾਅੜ' ਥੱਪੜ ਜੜਦੇ ਹਨ – ਮੂੰਹ 'ਤੇ।

"ਝੂਠ ਬੋਲ ਰਹੀ ਹੈਂ – ਸੱਚ ਦੱਸ ਕਿੱਥੋਂ ਲਈ ਹੈ – ਕੀਹਦੀ ਚੋਰੀ ਕੀਤੀ ਹੈ ?"

"ਨਹੀਂ ਮੈਂ ਚੋਰੀ ਨਹੀਂ ਕੀਤੀ, ਮੈਨੂੰ ਲੱਭੀ ਹੈ।" ਭਾਪਾ ਜੀ ਪੁੱਛਦੇ ਜਾਂਦੇ ਹਨ ਤੇ ਮੈਂ ਇੱਕੋ 'ਰਟ' ਲਾਈ ਹੋਈ ਹੈ, "ਚੜ੍ਹਾਈ ਤੋਂ ਆਉਂਦੇ ਆਉਂਦੇ ਲੱਭੀ ਹੈ।"

"ਚਲ ਦੱਸ ਕਿੱਥੇ ਪਈ ਸੀ।" ਭਾਪਾ ਜੀ ਡੱਬੀ ਫੜ ਮੂਹਰੇ ਤੋਰ ਲੈਂਦੇ ਹਨ।

'ਚੜ੍ਹਾਈ' 'ਤੇ ਪੁੱਜ ਜਾਂਦੇ ਹਾਂ। ਜੋ ਹੁਣ ਐਸ ਪਾਸਿਓਂ 'ਉਤਰਾਈ' ਬਣੀ ਹੋਈ ਹੈ। ਇਕ ਥਾਂ ਖਲੋ ਐਵੇਂ ਹੀ ਆਖ ਦਿੰਦੀ ਹਾਂ, 'ਇੱਥੇ ਪਈ ਸੀ।" ਭਾਪਾ ਜੀ ਉੱਥੇ ਡੱਬੀ ਸੁੱਟਦੇ ਹਨ – ਉਹ ਤਾਂ ਰੁੜਕੀ ਰੁੜਕੀ ਹੇਠਾਂ ਚਲੀ ਜਾਂਦੀ ਹੈ – ਦੂਰ ਜਾ ਰੁਕਦੀ ਹੈ ਕਿਤੇ।

ਉਹ ਡੱਬੀ ਚੁੱਕ ਵਾਪਸ ਆ ਝਿੜਕਦੇ ਹਨ, "ਡੱਬੀ ਇੱਥੇ ਨਹੀਂ ਡਿੱਗੀ – ਇੱਥੇ ਡਿੱਗੀ ਹੁੰਦੀ ਤਾਂ ਇਸੇ ਤਰ੍ਹਾਂ ਹੇਠਾਂ ਰੁੜ ਜਾਣੀ ਸੀ ਤੇ ਹੇਠਾਂ 'ਨਾਲੇ ਵਿਚ ਵੀ ਜਾ ਸਕਦੀ ਸੀ।"

ਮੈਂ ਡੈਂਬਰਿਆਂ ਵਾਂਗ ਵੇਖ ਰਹੀ ਹਾਂ ਉਨ੍ਹਾਂ ਦੇ ਮੂੰਹ ਵੱਲ, "ਸੱਚ ਦੱਸ ਕਿੱਥੋਂ ਲਈ ਹੈ ?"

ਹੁਣ ਮੈਂ ਡਰਦੀ ਡਰਦੀ ਸਾਰੀ ਗੱਲ ਸੱਚੋ ਸੱਚ ਦੱਸ ਦਿੰਦੀ ਹਾਂ।

"ਸਵੇਰੇ ਉੱਥੇ ਹੀ ਜਾ ਕੇ ਰੱਖ ਦਈਂ ਜਿੱਥੋਂ ਚੁੱਕੀ ਹੈ।" ਥੋੜ੍ਹਾ ਪਿਆਰ ਨਾਲ ਕਹਿੰਦੇ ਹਨ, ਭਾਪਾ ਜੀ।

ਮੈਂ ਨਮੋਸ਼ੀ ਵਿਚ ਡੁੱਬੀ ਘਰ ਆ ਜਾਂਦੀ ਹਾਂ। ਸਾਰੀ ਰਾਤ ਚੱਜ ਨਾਲ ਨੀਂਦ ਨਹੀਂ ਆਉਂਦੀ। ਸਵੇਰੇ ਸਵੇਰੇ ਸਕੂਲ ਖੁੱਲ੍ਹਣ ਤੋਂ ਪਹਿਲਾਂ ਹੀ ਸਕੂਲ ਪੁੱਜ ਜਾਂਦੀ ਹਾਂ। 'ਆਇਆ' ਦੇ ਆਉਣ ਤੋਂ ਪਹਿਲਾਂ ਹੀ – ਕਿੰਨਾ ਚਿਰ ਹੋ ਗਿਆ – ਆਇਆ ਹੀ ਨਹੀਂ ਆ ਰਹੀ ਅੱਜ ਤਾਂ – ਸਮਾਂ ਬਹੁਤ ਲੰਮਾ ਲੱਗ ਰਿਹਾ ਹੈ – ਖ਼ਬਰੇ ਅੱਜ ਸਕੂਲ ਕਿਉਂ ਨਹੀਂ ਖੁਲ੍ਹ ਰਿਹਾ – ਸੋਚੀ ਜਾ ਰਹੀ ਹਾਂ ਤੇ ਕਾਹਲੀ ਵੀ ਪਈ ਜਾ ਰਹੀ ਹਾਂ।

ਆਇਆ ਆਉਂਦੀ ਹੈ, ਸਕੂਲ ਖੋਲ੍ਹਦੀ ਹੈ ਤੇ ਮੈਂ ਅਛੋਪਲੇ ਜਿਹੇ ਉੱਥੇ ਹੀ 'ਡੱਬੀ' ਰੱਖ ਦਿੰਦੀ ਹਾਂ ਜਿੱਥੋਂ ਕੱਲ੍ਹ ਜਾਂਦੀ ਵਾਰ ਚੁੱਕੀ ਸੀ।

## "ਆਈ ਸੀ" --- ਚੰਦਰ

ਸ਼ਿਮਲੇ ਅਸੀਂ ਸਰਕਾਰੀ ਕੁਆਟਰਾਂ ਵਿਚ ਰਹਿੰਦੇ ਹਾਂ।

ਸਾਡਾ ਘਰ – ਕੁਆਟਰ ਨੰਬਰ 2 ਬਲਾਕ ਨੰਬਰ 5 ਹੈ।

2 ਘਰ ਛੱਡ ਕੇ ਪੰਜ ਨੰਬਰ ਵਿਚ ਰਹਿੰਦੀਆਂ ਹਨ – ਜਨਕ ਤੇ ਬਿਮਲਾ ਮੇਰੀਆਂ ਸਹੇਲੀਆਂ। ਇਹ ਦੋਵੇਂ ਭੈਣਾਂ ਹੀ ਹਨ ਬਸ – ਪਰ ਮੈਥੋਂ ਬਹੁਤ ਵੱਡੀਆਂ। ਵੱਡੀਆਂ ਤਾਂ ਊਸ਼ਾ ਤੇ ਚੰਦਰ ਵੀ ਹਨ, ਉਨ੍ਹਾਂ ਦਾ ਘਰ ਸਾਡੀ ਉੱਪਰ ਵਾਲੀ ਮੰਜ਼ਲ 'ਤੇ ਹੈ – ਚੰਦਰ ਮੇਰੀ ਜਮਾਤਣ ਹੈ ਜਦੋਂ ਕਿ ਊਸ਼ਾ 2 ਜਮਾਤਾਂ ਮੂਹਰੇ – ਜਨਕ ਇਕ ਜਮਾਤ ਮੂਹਰੇ ਤੇ ਬਿਮਲਾ ਪਿੰਡ ਵਿਚ ਹੀ ਪੰਜ ਜਮਾਤਾਂ ਪੜ੍ਹ ਕੇ ਹਟ ਗਈ ਹੋਈ ਹੈ।

ਸਾਡੇ ਘਰ ਦੇ ਖੱਬੇ ਹੱਥ ਵਾਲੇ ਕੁਆਟਰ ਨੰਬਰ ਇਕ ਵਿਚ (ਸੰਤਾਲੀ ਤੋਂ ਪਹਿਲਾਂ) ਕੋਈ ਮੁਸਲਿਮ ਪਰਿਵਾਰ ਹੈ। ਇਨ੍ਹਾਂ ਦਾ ਕੋਈ ਬੱਚਾ ਨਹੀਂ ਹੈ ਪਰ ਇਹ ਮੁਸਲਮਾਨ ਔਰਤ, ਗੁਆਂਢਣ ਹੋਣ ਦੇ ਨਾਤੇ, ਆਉਣ ਜਾਣ ਬਹੁਤ ਹੈ ਸਾਡੇ ਘਰ। ਮੈਂ ਸਾਰਾ ਕੰਮ ਖੱਬੇ ਹੱਥ ਨਾਲ ਕਰਦੀ ਹਾਂ – ਜਮਾਂਦਰੂ 'ਖੱਬਚੂ' ਤੇ ਇਹ ਔਰਤ ਮੇਰੇ ਖੱਬੇ ਹੱਥ 'ਤੇ ਮਾਰ ਮਾਰ ਮੈਨੂੰ ਹਰ ਕੰਮ ਸੱਜੇ ਹੱਥ ਨਾਲ ਕਰਨਾ ਸਿਖਾਉਂਦੀ ਹੈ। ਅੱਜ ਜਦ ਮੈਂ ਲਿਖਦੀ ਹਾਂ ਸੱਜੇ ਹੱਥ ਨਾਲ ਤਾਂ ਇਹ ਇਸੇ ਔਰਤ ਦੀ ਦੇਣ ਹੈ – ਨਹੀਂ ਤਾਂ ਹੋਰ ਬਹੁਤਿਆਂ ਕੰਮਾਂ ਵਾਂਗ ਖ਼ਬਰੇ ਮੈਂ ਲਿਖਣ ਦਾ ਕੰਮ ਵੀ ਖੱਬੇ ਹੱਥ ਨਾਲ ਹੀ ਕਰਦੀ ਹੁੰਦੀ। ਹੁਣ ਇਹ ਘਰ ਅਕਸਰ ਬੰਦ ਹੀ ਰਹਿੰਦਾ ਹੈ। ਕਿਸੇ 'ਪਹਾੜੀਏ' ਨੂੰ ਮਿਲਿਆ ਹੋਇਆ ਹੈ ਜੋ ਆਮ ਤੌਰ 'ਤੇ ਆਪਣੇ ਪਿੰਡ ਹੀ ਰਹਿੰਦਾ ਹੈ।

ਉਂਜ ਸਾਡੇ ਸਾਹਮਣੇ ਘਰਾਂ ਵਿਚ 2 ਕੁੜੀਆਂ ਹੋਰ ਹਨ। ਦੋਵੇਂ ਗੁੱਡੀਆਂ – ਦੋਵੇਂ ਮੈਥੋਂ ਛੋਟੀਆਂ – ਸਿੰਦਰ ਮੋਹਣ ਹੋਰਾਂ ਦੀਆਂ ਹਾਨਣਾਂ। ਇਕ ਛੋਟੀ ਗੁੱਡੀ ਹੈ ਇਕ 'ਚੱਕ ਵਾਲੀ'। ਛੋਟੀ ਗੁੱਡੀ ਬਹੁਤ ਸ਼ਰਮਾਕਲ ਤੇ ਸਾਊ ਹੈ ਪਰ 'ਚੱਕ ਵਾਲੀ' – ਜਦੋਂ ਖੇਡਣ ਆਉਂਦੀ ਜਾਂ ਖੇਡਦੀ ਹੁੰਦੀ, ਮਾੜਾ ਜਿਹਾ ਗੁੱਸਾ ਆਇਆ ਨੀ ਜਿਹੜਾ ਮੂਹਰੇ ਆ ਗਿਆ ਦੰਦੀ ਵੱਢ ਕੇ ਭੱਜ ਜਾਂਦੀ ਹੈ – ਸਾਰੇ ਇਸ ਤੋਂ ਡਰਦੇ ਹਨ। ਨਿਆਣੇ ਤਾਂ ਦੇਖਦੇ ਸਾਰ ਹੀ ਕਹਿ ਉੱਠਦੇ ਹਨ, "ਆ ਗਈ 'ਚੱਕ ਵਾਲੀ' ਗੁੱਡੀ।"

ਦੂਸਰੇ ਪਾਸੇ ਸਾਡੇ ਨਾਲ ਦੇ ਘਰ ਵਿਚ ਰਹਿੰਦੇ ਹਨ – ਗਿਆਨੀ ਅਰਜਨ ਸਿੰਘ – ਚਿੱਟਾ ਬੰਦ ਗਲੇ ਦਾ ਕੁੜਤਾ, ਚਿੱਟਾ ਚੂੜੀਦਾਰ ਪਜਾਮਾ ਖੱਦਰ ਦਾ ਤੇ ਪਤਲੇ ਖੱਦਰ ਦਾ ਹੀ ਚਿੱਟਾ ਸਾਫਾ ਬੰਨਦੇ ਹਨ। 'ਸੁਖਮਨੀ ਸਾਹਿਬ' ਸਣੇ ਪੰਜਾਂ ਬਾਣੀਆਂ ਦਾ ਪਾਠ ਕਰਦੇ ਹਨ ਸਵੇਰੇ – ਸਾਝਰੇ ਉੱਠ ਕੇ ਉੱਚੀ ਅਵਾਜ਼ ਵਿਚ। ਇਨ੍ਹਾਂ ਦੇ ਤਿੰਨ ਮੁੰਡੇ ਹੀ ਹਨ – ਸਭ ਤੋਂ ਵੱਡਾ ਜੀਤਾ ਤੇ ਦੋ ਛੋਟੇ – ਨਾਂ ਪਤਾ ਨਹੀਂ ਹਨ ਹੁਣ। 'ਜੀਤਾ' ਬਹੁਤ ਨੇਕ ਸੁਭਾਅ ਦਾ ਹੈ। ਗਲੀ ਮੁਹੱਲੇ ਵਿਚ ਕਿਸੀ ਦਾ ਵੀ ਕੋਈ ਕੰਮ – ਜੋ ਕੋਈ ਕਹਿੰਦਾ ਹੈ, ਕਰ ਦਿੰਦਾ ਹੈ – ਘਰ ਦਾ, ਬਾਜ਼ਾਰ ਦਾ। ਸਾਥੋਂ ਬਹੁਤ ਵੱਡਾ ਹੈ। ਮੈਂ ਤੇ ਕਦੀ ਕਦੀ ਉਹਦੇ ਕੋਲੋਂ ਸੁਆਲ ਪੁੱਛਣ ਵੀ ਚਲੀ ਜਾਂਦੀ ਹਾਂ ਪਰ ਉਹਦੀ ਬੀਬੀ ਨੂੰ ਇਹ ਚੰਗਾ ਨਹੀਂ ਲਗਦਾ ਹੈ ਕਿ ਕੋਈ ਆ ਕੇ ਜੀਤੇ ਦਾ ਸਮਾਂ ਬਰਬਾਦ ਕਰੇ। ਪਰ ਜੀਤਾ ਇੰਜ ਨਹੀਂ ਸਮਝਦਾ। ਉਹ ਕਹਿੰਦਾ ਹੈ ਦੂਜੇ ਨੂੰ ਕੁਝ ਸਮਝਾਉਣ ਵੇਲੇ ਜਾਂ ਦੱਸਣ ਵੇਲੇ ਉਸ ਦੇ ਕੰਮ ਦੀ ਵੀ ਤਾਂ 'ਪਕਿਆਈ' ਹੋ ਜਾਂਦੀ ਹੈ। ਉਂਜ ਇਸ ਦੇ ਭਾਈ ਤੇ ਜੀਤਾ ਘੱਟ ਹੀ ਬਹਾਰ ਆ ਬੱਚਿਆਂ ਨਾਲ ਖੇਡਦੇ ਜਾਂ ਉੱਠਦੇ ਬੈਠਦੇ ਹਨ। ਪਤਾ ਨਹੀਂ ਕਿਉਂ। ਪਰ ਅਸੀਂ ਨਿਆਣੇ ਤਾਂ ਇਹੋ ਸਮਝਦੇ ਹਾਂ ਵਿਚਾਰਿਆਂ ਦੀ ਬੀਬੀ ਹੀ ਨਹੀਂ ਉਨ੍ਹਾਂ ਨੂੰ ਖੇਡਣ ਦਿੰਦੀ। ਹੋਰ ਤਰ੍ਹਾਂ ਦਾ ਸੁਭਾਅ ਲਗਦਾ ਹੈ ਸਾਨੂੰ ਉਸ ਦਾ। ਉਹ ਆਪ ਵੀ ਤਾਂ ਆਮ ਤੀਵੀਆਂ ਨਾਲ ਘੱਟ ਹੀ ਉੱਠਦੀ ਬੈਠਦੀ ਹੈ।

ਸਾਡੇ ਘਰ ਦੇ ਖੱਬੇ ਪਾਸਿਓਂ ਉਪਰ ਸੈਕਟਰੀਏਟ ਨੂੰ ਪੌੜੀਆਂ ਚੜ੍ਹਦੀਆਂ ਹਨ – ਉੱਘੜ ਦੁੱਗੜੀਆਂ – ਪੱਥਰ ਦੀਆਂ ਕੱਚੀਆਂ। ਇੱਧਰ ਇਕ ਘਰ ਹੈ ਇਕੱਲਾ ਜਿਹਾ – ਇੰਦਰ ਸਿੰਘ 'ਹਵਾਲਦਾਰ' ਦਾ। ਭਾਪਾ ਜੀ ਦੇ ਜੋਟੀਦਾਰ – ਉਨ੍ਹਾਂ ਦਾ ਇਕੋ ਪੁੱਤਰ ਹੈ 'ਜਿੰਦਰ' ਉਰਫ਼ ਰਾਜਿੰਦਰ ਸਿੰਘ – ਸਾਡਾ ਹਾਣੀ। ਉਹ ਸਾਡੇ ਨਾਲ ਖੇਡਦਾ ਹੈ ਖ਼ਾਸ ਕਰ ਜਦੋਂ ਅਸੀਂ ਘਰਾਂ ਪਿੱਛੇ ਪਹਾੜੀਆਂ, ਟੈਂਕੀਆਂ ਉਹਲੇ ਲੁੱਕਣ ਮੀਟੀ "ਆਈ-ਸੀ" ਖੇਡਦੇ ਹਾਂ। ਜਿੰਦਰ ਦੀ ਬੀਬੀ ਵੀ ਬੀਜੀ ਦੀ ਚੰਗੀ ਸਹੇਲੀ ਹੈ।

ਸਾਡੇ ਘਰਾਂ ਵਿਚਕਾਰ ਇਕ ਚੌੜੀ ਜੇਹੀ ਗਲੀ ਹੈ ਜਿੱਥੇ ਅਸੀਂ, ਰੱਸੀ-ਟੱਪਣ, ਸ਼ਟਾਪੂ, ਘੋੜੀ-



ਟੱਪਣ, ਕੋਕਲਾ ਛਪਾਕੀ ਖੇਡਦੇ ਹਾਂ – "ਘਰ-ਘਰ" ਜਾਂ ਗੀਟੇ ਤਾਂ ਅਸੀਂ ਕੁੜੀਆਂ ਉਪਰ ਚੰਦਰ ਹੋਰਾਂ ਦੇ ਵਰਾਂਡੇ ਦੀ ਇਕ ਨੁੱਕਰ – ਲੱਕੜੀ ਦੇ ਜੰਗਲੇ ਵਾਲੀ ਜੋ ਬਹੁਤ ਮਹਿਫੂਜ਼ ਹੈ – ਇਥੇ ਬੈਠ ਕੇ ਲੁੱਕ ਕੇ ਖੇਡਦੀਆਂ ਹਾਂ – ਘੰਟਿਆਂ ਬੱਧੀ।

ਉਂਜ ਜਦੋਂ ਰੋਜ਼ ਰਾਤ ਨੂੰ ਰੋਟੀ ਖਾ ਮੁਹੱਲੇ ਦੀਆਂ ਤੀਵੀਆਂ ਮਰਦ ਇਕੱਠੇ ਹੋ ਸੈਰ ਕਰਨ ਜਾਂਦੇ ਹਨ – ਕਦੀ ਵੱਡੇ ਸ਼ਿਮਲੇ ਵੱਲ, ਕਦੀ ਸੰਜੌਲੀ ਵੱਲ, ਕਾਫ਼ਲਾ ਜਿਹਾ ਬਣਾ ਤਾਂ ਅਸੀਂ ਨਿਆਣੇ ਨੱਠ ਨੱਠ ਉਨ੍ਹਾਂ ਦੇ ਮੂਹਰੇ ਮੂਹਰੇ ਖੇਡਦੇ, "ਆਈ-ਸੀ"। ਪਹਾੜੀਆਂ ਦੀਆਂ ਕੁੰਦਰਾਂ ਵਿਚ ਕੋਠੀਆਂ ਵਿਚ ਲੁੱਕ ਲੁੱਕ ਕੇ – ਸਾਨੂੰ ਵੱਡਿਆਂ ਦੀਆਂ ਗੱਲਾਂ ਨਾਲ ਉਨ੍ਹਾਂ ਦੀ ਸੈਰ ਨਾਲ ਕੋਈ ਸਰੋਕਾਰ ਨਾ ਹੁੰਦਾ। ਹੁਣ ਰੋਜ਼ ਖੇਡ ਖੇਡ ਕੇ ਤਾਂ ਛੁਪਣ ਵਾਲੀਆਂ ਥਾਵਾਂ ਵੀ ਸਾਡੀਆਂ ਜਾਣੀਆਂ ਪਹਿਚਾਣੀਆਂ ਹੋ ਗਈਆਂ ਹਨ।

"ਆਈ-ਸੀ" ਖੇਡਣ ਵਾਲਾ ਇਕ ਬੱਚਾ ਜੋ ਵਾਰੀ ਦਿੰਦਾ ਹੈ ਅੱਖਾਂ ਬੰਦ ਕਰ ਲੈਂਦਾ ਹੈ ਤੇ ਬਾਕੀ ਸਾਰੇ ਲੁਕ ਜਾਂਦੇ ਹਨ। ਹੁਣ ਉਹ ਜਿਸ ਨੂੰ ਵੇਖ ਲੈਂਦਾ ਹੈ ਜਾਂ ਲੱਭ ਲੈਂਦਾ ਹੈ ਤਾਂ ਉੱਚੀ ਉੱਚੀ ਬੋਲਦਾ ਹੈ "ਆਈ-ਸੀ"....ਚੰਦਰ... ਆਈ-ਸੀ...ਮੋਹਨ। ਆਈ-ਸੀ..." ਹੁਣ ਉਸ ਦੀ ਵਾਰੀ ਆਉਂਦੀ ਹੈ ਜੋ ਪਕੜਿਆ ਜਾਂਦਾ ਹੈ ਜਾਂ ਦਿਸ ਜਾਂਦਾ ਹੈ। ਉਸ ਦੀ ਆਵਾਜ਼ ਸੁਣ ਸਾਰੇ ਲੁਕੀਆਂ ਥਾਵਾਂ ਤੋਂ ਬਾਹਰ ਆ ਜਾਂਦੇ ਤੇ ਅਗਲੇ ਦੀ ਵਾਰੀ ਆ ਜਾਂਦੀ ਜੋ ਸਭ ਤੋਂ ਪਹਿਲਾਂ ਦਿੱਖ ਜਾਂਦਾ ਜਾਂ ਪਕੜਿਆ ਜਾਂਦਾ।

ਇਕ ਦਿਨ ਆਪਣੇ ਹੀ ਘਰ ਮੂਹਰੇ ਅਸੀਂ ਸਾਰੀਆਂ ਕੁੜੀਆਂ ਰੋਜ਼ ਵਾਂਗ 'ਸ਼ਟਾਪੂ' ਖੇਡ ਰਹੀਆਂ ਹਾਂ। ਸੱਚ ਮੈਂ ਦੱਸਣਾ ਭੁੱਲ ਗਈ, ਬੀਜੀ ਇਨ੍ਹੀਂ ਦਿਨੀਂ ਪਿੰਡ ਹਨ – ਛੋਟਾ ਭਰਾ ਹੋਇਆ ਹੈ – 'ਅਵਤਾਰ'। ਇੱਥੇ ਸਿੰਦਰ ਮੋਹਣ ਤੇ ਮੈਂ ਹੀ ਭਾਪਾ ਜੀ ਨਾਲ ਰਹਿ ਰਹੇ ਹਾਂ।

ਅੱਜ ਭਾਪਾ ਜੀ ਨੇ ਰਾਤ ਦੀ ਰੋਟੀ ਛੇਤੀ ਖਾ, ਮੁੜ ਦਫਤਰ ਜਾਣਾ ਹੈ ਰਾਤ ਨੂੰ (ਮਨਿਸਟਰ ਨਾਲ ਕੰਮ ਕਰਦੇ ਹਨ) ਖ਼ਬਰੇ ਕੋਈ ਕੰਮ ਹੋਵੇਗਾ। ਮੈਨੂੰ ਰੋਟੀ ਦੇਣ ਲਈ ਕਹਿੰਦੇ ਹਨ। ਮੈਂ ਰੋਟੀ ਪਾ ਬਾਹਰ ਆ ਜਾਂਦੀ ਹਾਂ ਆਪਣੀ 'ਵਾਰੀ' ਲੈਣ ਲਈ। ਉਹ ਫੇਰ ਕੁਝ ਮੰਗਦੇ ਹਨ। ਮੈਂ ਦੇ ਕੇ ਫੇਰ ਬਾਹਰ। ਖ਼ਬਰਨੀ ਕਿੰਨੀ ਵਾਰੀ ਹੁੰਦਾ ਹੈ ਇੰਜ। ਬਸ ਫੇਰ ਕੀ, ਫੇਰ ਪਤਾ ਨਹੀਂ ਅੰਦਰ ਕੀ ਭੂਚਾਲ ਆ ਜਾਂਦਾ ਹੈ – ਅਚਾਨਕ। ਮੈਂ ਨੱਠ ਕੇ ਅੰਦਰ ਜਾਂਦੀ ਹਾਂ – ਭਾਪਾ ਜੀ ਨੇ ਲੱਤ ਮਾਰ ਅੰਗੀਠੀ ਫੇਰ ਪਾਣੀ ਦੀ ਬਾਲਟੀ ਸਭ ਉਲਟ ਪੁਲਟ ਕੀਤੇ ਹੋਏ ਹਨ – ਭੱਖਦੀ ਅੰਗੀਠੀ, ਡੁਲ੍ਹਿਆ ਪਾਣੀ – ਰੋਟੀਆਂ, ਦਾਲ-ਸਭ ਜਲ ਥੱਲ, ਧੂਆਂਧਾਰ – ਅੰਦਰ ਵੜਦੇ ਸਾਰ, ਥਾਹ-ਥੱਪੜ, ਥਾਹ-ਧਮੁੱਕ "ਮੱਥਾ ਸੜੀ ਰੋਟੀ ਵੀ ਆਰਾਮ ਨਾਲ ਨਹੀਂ ਖੁਆ ਸਕਦੀ" – ਭਾਪਾ ਜੀ ਰੋਟੀ ਖਾ ਜਾਂ ਵਿਚ ਛੱਡ ਦਫਤਰ ਚਲੇ ਜਾਂਦੇ ਹਨ –

ਅੱਜ ਭਾਪਾ ਜੀ ਨੂੰ ਕੀ ਹੋ ਗਿਆ ਹੈ। ਬੀਜੀ ਦੀ ਗ਼ੈਰ ਹਾਜ਼ਰੀ ਵਿਚ ਪਹਿਲੀ ਵਾਰ ਭਾਣਾ ਵਰਤਦਾ ਹੈ ਇਹ – ਉਂਜ 'ਮੱਥਾ ਸੜੀ' ਤੋਂ ਵੱਧ ਤਾਂ ਭਾਪਾ ਜੀ ਕਦੇ ਕੁਝ ਕਹਿੰਦੇ ਹੀ ਨਹੀਂ ਤੇ ਅੱਜ –

ਮੋਹਣ ਸੁਰਿੰਦਰ ਮਾੜਾ ਜਿਹਾ ਦਰਵਾਜ਼ਾ ਖੋਲ੍ਹ – ਦੇਖ – ਬਾਹਰ ਦੀ ਬਾਹਰ ਹੀ ਮੁੜ ਜਾਂਦੇ ਹਨ।

ਰੋਈ ਵੀ ਜਾਂਦੀ ਹਾਂ ਡੁਸਕੀ ਵੀ ਤੇ ਜਲਥਲ ਹੋਇਆ ਸਾਮਾਨ ਵੀ ਸਾਂਭਦੀ ਹਾਂ ਸਾਰਾ। ਸਭ ਭਿਜਭਿਜਾ ਜਾਂਦਾ ਹੈ, ਖਾਣ ਲਈ ਕੁਝ ਬਚਦਾ ਹੈ ਜਾਂ ਨਹੀਂ, ਪਰ ਮੈਂ ਅੱਜ ਰੋਟੀ ਵੀ ਨਹੀਂ ਖਾਂਦੀ ਹਾਂ। ਅੰਦਰ ਆ ਸਭ ਕੁਝ ਦੇਖ ਮੋਹਣ ਕਹਿੰਦਾ ਹੈ, "ਸ਼ੁਕਰ ਹੈ ਅਸੀਂ ਤਾਂ ਰੋਟੀ ਖਾ ਲਈ ਸੀ।" ਉਂਜ ਮੈਂ ਇਨ੍ਹਾਂ ਦੋਹਾਂ ਨੂੰ ਪਹਿਲਾਂ ਰੋਟੀ ਖੁਆ ਦਿੰਦੀ ਹਾਂ ਤੇ ਆਪ ਭਾਪਾ ਜੀ ਤੋਂ ਬਾਅਦ ਖਾਂਦੀ ਹਾਂ, ਹਮੇਸ਼ਾਂ ਹੀ – ਖ਼ਬਰੇ ਇਹ ਮੱਤ ਮੈਨੂੰ ਕੀਹਨੇ ਦਿੱਤੀ ਹੈ ਜਾਂ ਆ ਗਈ ਹੋਵੇ ਆਪੇ ਹੀ ਕਿਤੇ ਬੀਜੀ ਨੂੰ ਦੇਖ ਦੇਖ – ਪਤਾ ਨਹੀਂ।

ਸਭ ਭਾਂਡਾ ਟੀਂਡਾ ਸਾਂਭ ਬੈਠ ਜਾਂਦੇ ਹਾਂ ਅਸੀਂ ਪੜ੍ਹਨ – ਦੀਵਾ ਬਾਲ ਕੇ। ਉਂਜ ਪੜ੍ਹਨ ਵੇਲੇ ਅਸੀਂ ਲੈਂਪ ਬਾਲਦੇ ਹਾਂ – ਗੋਲ, ਪਤਲੀ, ਲੰਮੀ, ਚਿਮਨੀ ਵਾਲਾ।

"ਲੈਂਪ ਬਾਲ ਲੈਣਾ ਸੀ" ਸਾਨੂੰ ਦੀਵੇ ਦੀ ਲੋਅ ਵਿਚ ਪੜ੍ਹਦਿਆਂ ਦੇਖ ਵਾਪਸ ਆ ਭਾਪਾ ਜੀ ਕਹਿੰਦੇ ਹਨ ਪਰ ਹੁਣ ਮੈਂ ਕੁਝ ਨਹੀਂ ਬੋਲਦੀ ਹਾਂ। ਮੇਰਾ ਫੇਰ ਰੋਣਾ ਨਿਕਲ ਜਾਂਦਾ ਹੈ। ਡਰੀ ਹੋਈ ਹਾਂ ਤੇ ਭੁੱਖੀ ਵੀ।

ਭਾਪਾ ਜੀ ਆਉਂਦੇ ਹਨ, ਕੁਝ ਨਹੀਂ ਪੁੱਛਦੇ, ਬਸ ਸੌਂ ਜਾਂਦੇ ਹਨ ਤੇ ਹਰਖ ਦੀ ਮਾਰੀ ਮੈਂ ਵੀ। ਨੀਂਦ ਨਹੀਂ ਆਉਂਦੀ ਹੈ। ਬੀਜੀ ਨੂੰ ਬਹੁਤ ਯਾਦ ਕਰਦੀ ਹਾਂ ਤੇ ਕਦੇ ਭਾਪਾ ਜੀ ਬਾਰੇ ਸੋਚਦੀ ਹਾਂ। ਅੱਜ ਭਾਪਾ ਜੀ ਨੂੰ ਕੀ ਹੋ ਗਿਆ। ਉਂਜ ਤਾਂ ਉਹ ਹਰ ਵੇਲੇ 'ਪੁੱਤ-ਪੁੱਤ' ਕਹਿੰਦੇ ਰਹਿੰਦੇ ਹਨ। ਐਡਾ ਲਾਡ ਕਰਦੇ ਹਨ ਤੇ ਜਦ ਖੁਸ਼ ਹੁੰਦੇ ਸਿਰ 'ਤੇ ਚੁੱਕ ਲੈਂਦੇ ਹਨ ਸਾਨੂੰ ਸਾਰੇ ਭੈਣ ਭਰਾਵਾਂ ਨੂੰ। ਜੋ ਮਰਜ਼ੀ ਖਾਣ ਨੂੰ ਕਹੋ, ਲਿਆ ਦਿੰਦੇ ਹਨ, ਬਣਾ ਦਿੰਦੇ ਹਨ, – ਕਦੀ ਕਦੀ – ਮੱਕੀ ਦਾ ਆਟਾ ਗੁੰਨ, ਚਕਲੇ ਤੇ ਪੋਣਾ ਧਰ – ਮੱਕੀ ਦੀ ਰੋਟੀ ਥੱਪ, ਬਾਟੀ ਨਾਲ ਗੋਲ ਗੋਲ ਕੱਟ ਬਣਾ, ਘੀ ਸ਼ੱਕਰ ਪਾ ਚੂਰੀ ਵੀ ਬਣਾ ਦਿੰਦੇ ਹਨ। ਬੀਜੀ ਦੇ ਪਿੱਛੋਂ ਤਾਂ ਸਾਡੀਆਂ ਮੌਜਾਂ ਹੀ ਮੌਜਾਂ ਤੇ ਅੱਜ ਇਹ ਵੀ ਨਹੀਂ ਪੁੱਛਿਆ ਕਿ ਮੈਂ ਰੋਟੀ ਖਾਧੀ ਹੈ ਜਾਂ ਨਹੀਂ। ਸੋਚ ਸੋਚ ਰੋਈ ਜਾਂਦੀ ਹਾਂ – ਬਿਸਤਰੇ ਵਿਚ ਮੂੰਹ ਵਾੜ ਵਾੜ।

ਫੇਰ ਇਕ ਦਿਨ ਮੈਂ ਆਪਣੇ ਘਰ ਦੇ ਬਾਹਰ, ਗਲੀ ਵਿਚ ਮੰਜੀ 'ਤੇ ਬੈਠੀ ਕੱਦੂ ਛਿਲ ਰਹੀ ਹਾਂ – ਮੋਟਾ ਪੱਕਾ ਪੀਲਾ ਕੱਦੂ। ਬਹੁਤ ਸਖ਼ਤ ਹੈ – ਹੁੱਡਗਢੋਲਿਆ ਵਿਚੋਂ ਤਾਂ ਮੇਰੇ ਕੋਲੋਂ ਸੰਵਾਰ ਕੇ ਛਿੱਲਿਆ ਹੀ ਨਹੀਂ ਜਾ ਰਿਹਾ। ਕੀ ਦੇਖਦੀ ਹਾਂ ਸਾਹਮਣਿਓਂ ਰਤਨ ਮਾਮਾ ਜੀ ਨਾਲ ਬੀਜੀ ਤੁਰੇ ਆਉਂਦੇ ਹਨ। ਫੇਰ ਕੀ ਥਾਂਏ ਕੱਦੂ ਸੁੱਟ, ਛੜੱਪਾ ਮਾਰ ਬੀਜੀ ਨੂੰ ਨੱਠ ਕੇ ਜੱਫੀ ਪਾ ਲੈਂਦੀ ਹਾਂ, "ਮੈਥੋਂ ਨਹੀਂ ਛਿਲਿਆ ਜਾ ਰਿਹਾ ਐਡਾ ਮੋਟਾ ਛਿਲਕਾ।" "ਰੱਖ ਦੇ ਕੋਈ ਨੀ।" ਬੀਜੀ ਕੀ ਮੈਨੂੰ ਤਾਂ ਰੱਬ ਬੋਹੜਿਆ ਹੋਵੇ ਜਿਵੇਂ – ਐਸ ਘੜੀ।

ਫੇਰ ਓਦਣ ਵਾਲੀ ਸਾਰੀ ਰਾਮ ਕਹਾਣੀ ਬੀਜੀ ਨੂੰ ਸੁਣਾਉਂਦੀ ਹਾਂ – ਉਸ ਵੇਲੇ ਉਸੇ ਘੜੀ, ਜਿਵੇਂ ਮੈਂ ਤਾਂ ਭਰੀ ਪੀਤੀ ਬੈਠੀ ਇਹੋ ਉਡੀਕਦੀ ਹੋਵਾਂ। ਬੀਜੀ ਭਾਪਾ ਜੀ ਨਾਲ ਨਿੱਕਾ ਨਿੱਕਾ ਗੁੱਸਾ ਝਾੜਦੇ ਹਨ – "ਐਡਾ ਥੋੜ੍ਹਾ ਨਿਆਣੀਂ ਬਣਾ ਦਿੰਦੀ, ਤੁਸੀਂ ਆਪ ਪਾ ਕੇ ਖਾਹ ਲਿਆ ਕਰਦੇ।"

ਹੁਣ ਮੈਂ ਅੰਦਰੋ-ਅੰਦਰ ਬਹੁਤ ਖੁਸ਼ ਹੁੰਦੀ ਹਾਂ ਜਿਵੇਂ ਓਦਣ ਦੀ ਸਾਰੀ ਪੀੜ ਤੋਂ ਮੁਕਤ ਹੋ ਗਈ ਹੋਵਾਂ। ਉਂਜ ਮੈਂ ਜੋ ਵੀ ਸਿੱਖਦੀ – ਨਿਰੀਆਂ ਗਲ਼ਤੀਆਂ ਕਰ ਕਰ।

ਪਹਿਲਾਂ ਵੀ ਇਕ ਦਿਨ ਇਸੇ ਤਰ੍ਹਾਂ ਹੋਇਆ ਸੀ – ਭਾਪਾ ਜੀ ਨੇ ਮਸ਼ੋਵਰੇ ਜਾਣਾ ਸੀ ਮਨਿਸਟਰ ਦੀ ਕੋਠੀ – ਜਲਦੀ ਰੋਟੀ ਖਾ – ਕਹਿਣ ਲੱਗੇ, "ਦਾਲ ਬਣਾ ਲਈ – ਮਾਂਹ ਦੀ", ਫੇਰ ਕਹਿਣ ਲੱਗੇ, "ਨਹੀਂ –ਮਸਰੀ ਦੀ।"

ਮੈਂ ਅੰਗੀਠੀ ਬਾਲ, ਦਾਲ ਰੱਖ ਦਿੰਦੀ ਹਾਂ, ਮਸਰੀ ਨਹੀਂ – ਮਾਂਹ ਦੀ। ਦੋਵੇਂ ਦਾਲਾਂ ਦੀ ਗੱਲ ਜੁ ਹੋਈ ਹੈ – ਜੋ ਪਹਿਲਾਂ ਹੱਥ ਲੱਗੀ – ਉਹੋ ਚਾੜ੍ਹ ਦਿੰਦੀ ਹਾਂ। ਭਾਪਾ ਜੀ ਆ ਰੋਟੀ ਮੰਗਦੇ ਹਨ। ਦਾਲ ਦੇ ਦਾਣੇ ਤਾਂ ਅਜੇ ਪਾਣੀ ਵਿਚ ਮੱਛੀਆਂ ਵਾਂਗ ਤੈਰਦੇ ਫਿਰਦੇ ਹਨ – "ਬਣੀ ਨਹੀਂ ਦਾਲ ?" "ਨਹੀਂ।' ਭਾਪਾ ਜੀ ਢੱਕਣ ਚੁੱਕ ਵੇਖਦੇ ਹਨ। ਮੈਂ ਤੇ 'ਮਸਰੀ' ਬਣਾਉਣ ਨੂੰ ਕਿਹਾ ਸੀ ਪਰ ਮੈਂ ਕਹਿ ਰਹੀ ਹਾਂ –"ਦੋਹੇ ਦਾਲਾਂ ਦੀ ਗੱਲ ਹੋਈ ਮੈਂ ਇਹੋ ਰੱਖ ਦਿੱਤੀ ਹੈ" ਫੇਰ ਕਿਤੇ ਬਹੁਤ ਮੁਸ਼ਕਿਲ ਨਾਲ ਭਾਪਾ ਜੀ ਮੈਨੂੰ ਸਮਝਾਉਣ ਵਿਚ ਸਫਲ ਹੁੰਦੇ ਹਨ ਕਿ ਜੇ ਪਹਿਲੀ ਗੱਲ ਕੱਟ ਕੇ ਦੂਜੀ ਬਾਅਦ ਵਿਚ ਕਹੀ ਜਾਵੇ, ਉਹੋ ਪੱਕੀ ਹੁੰਦੀ ਹੈ। ਜਿਵੇਂ ਉਨ੍ਹਾਂ ਮਾਂਹ ਦੀ ਦਾਲ ਨੂੰ ਨਾਂਹ ਕਰਕੇ ਮਸਰੀ ਦੀ ਕਹੀ ਸੀ –ਕਿਉਂ – ਪਤਾ ਨਹੀਂ – ਕੱਟਣ ਦਾ ਕਾਰਨ ਵੀ ਪਤਾ ਨਹੀਂ ਹੈ। ਇਹ ਤਾਂ ਭਾਪਾ ਜੀ ਹੀ ਜਾਣਦੇ ਹਨ ਕਿ 'ਮਾਂਹ' ਦੇਰ ਨਾਲ ਰਿੱਝਣਗੇ ਤੇ ਮਸਰੀ ਜਲਦੀ। ਮੈਂ ਨਹੀਂ ਜਾਣਦੀ ਹਾਂ। ਉਨ੍ਹਾਂ ਦੇ ਸਮਝਾਉਣ 'ਤੇ ਕਹਾਣੀ ਸਮਝ ਆਈ ਹੈ, ਪਹਿਲਾਂ ਤੇ ਪਿੱਛੋਂ ਵਾਲੀ। ਇਸ ਤਰ੍ਹਾਂ ਅਨੇਕਾਂ ਵਾਰ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਫੇਲ੍ਹ ਹੋ ਹੋ ਕੇ ਪਾਸ ਹੁੰਦੀ ਹਾਂ ਮੈਂ ਤੇ ਅੱਜ ਵੀ – ਇਹੋ ਸਿਲਸਿਲਾ ਜਾਰੀ ਹੈ।

*(ਬਾਕੀ ਅਗਲੇ ਹ.ਫਤੇ)*

## 'ਪਾਪਾ ਦੀ ਪਰੀ' ਪੰਚਕੂਲਾ ਪੁਲੀਸ ਨੂੰ ਬਠਿੰਡਾ ਦੀ ਬਸਤੀ 'ਚ ਘੁੰਮਾਉਂਦੀ ਰਹੀ

**ਬਠਿੰਡਾ/ਬਿਊਰੋ ਨਿਊਜ਼ :**

'ਪਾਪਾ ਦੀ ਪਰੀ' ਹਨੀਪ੍ਰੀਤ ਇੰਸਾਂ ਨੇ 'ਬਠਿੰਡਾ ਟਿਕਾਣੇ' ਦਾ ਗੇੜਾ ਲਵਾ ਕੇ ਪੰਚਕੂਲਾ ਪੁਲੀਸ ਦੀਆਂ ਅੱਖਾਂ ਵਿੱਚ ਧੂੜ ਪਾ ਦਿੱਤੀ। ਪੰਚਕੂਲਾ ਪੁਲੀਸ ਨੂੰ ਪੂਰੀ ਛਾਣਬੀਣ ਮਗਰੋਂ 'ਬਠਿੰਡਾ ਟਿਕਾਣਾ' ਹਜ਼ਮ ਨਹੀਂ ਹੋਇਆ। ਪੰਚਕੂਲਾ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਮੁਕੇਸ਼ ਕੁਮਾਰ ਦੀ ਅਗਵਾਈ ਵਿੱਚ ਹਨੀਪ੍ਰੀਤ ਅਤੇ ਉਸ ਦੀ ਸਾਥਣ ਸੁਖਦੀਪ ਕੌਰ ਨੂੰ ਲੈ ਕੇ ਬਠਿੰਡਾ ਪੁੱਜੀ। ਪੁਲੀਸ ਟੀਮ ਨੇ ਇੱਥੇ ਗਣੇਸ਼ਾ ਬਸਤੀ ਵਿੱਚ ਸੁਖਦੀਪ ਕੌਰ ਦੇ ਘਰ ਨੂੰ ਜਦੋਂ ਛਾਣਿਆ ਤਾਂ ਉਦੋਂ ਜਾਪਿਆ ਕਿ ਹਨੀਪ੍ਰੀਤ ਨੇ ਪੁਲੀਸ ਨੂੰ ਬੇਵਕੂਫ ਬਣਾ ਦਿੱਤਾ ਹੈ। ਵੇਰਵਿਆਂ ਅਨੁਸਾਰ ਪੰਚਕੂਲਾ ਪੁਲੀਸ ਕੋਲ ਹਨੀਪ੍ਰੀਤ ਨੇ ਖੁਲਾਸਾ ਕੀਤਾ ਕਿ ਉਸ ਨੇ 25 ਦਿਨ ਬਠਿੰਡਾ ਦੀ ਗਣੇਸ਼ਾ ਬਸਤੀ ਵਿੱਚ ਬਿਤਾਏ, ਜਦੋਂ ਕਿ ਪੁਲੀਸ ਨੂੰ ਇਸ ਵਿੱਚ ਭੋਰਾ ਸੱਚ ਨਜ਼ਰ ਨਾ ਆਇਆ। ਟੀਮ ਨੇ ਪਹਿਲਾਂ ਥਾਣਾ ਸਦਰ ਰਾਮਪੁਰਾ ਵਿੱਚ ਇੰਦਰਾਜ ਪਾਇਆ ਅਤੇ ਉਸ ਮਗਰੋਂ ਬਠਿੰਡਾ ਵਿੱਚ ਕਰੀਬ ਇਕ ਘੰਟਾ ਗਣੇਸ਼ਾ ਬਸਤੀ ਵਾਲੇ ਘਰ ਦੀ ਤਲਾਸ਼ੀ ਲਈ। ਪੁਲੀਸ ਟੀਮ ਨੂੰ ਘਰ ਵਿਚੋਂ ਕੁਝ ਵੀ ਇਤਰਾਜ਼ਯੋਗ ਨਹੀਂ ਮਿਲਿਆ ਅਤੇ ਪੁਲੀਸ ਨੇ ਪੂਰੀ ਕਾਰਵਾਈ ਦੀ ਵੀਡੀਓਗਰਾਫੀ ਕੀਤੀ।

ਬਠਿੰਡਾ ਪੁਲੀਸ ਨੇ ਗਣੇਸ਼ਾ ਬਸਤੀ ਕੋਲ ਪੁਲੀਸ ਤਾਇਨਾਤ ਕੀਤੀ ਹੋਈ ਸੀ। ਅਹਿਮ ਸੂਤਰਾਂ ਅਨੁਸਾਰ ਪੰਚਕੂਲਾ ਪੁਲੀਸ ਦਾ ਸ਼ੱਕ ਉਦੋਂ ਵਧ ਗਿਆ, ਜਦੋਂ ਦੇਖਿਆ ਕਿ ਇਸ ਘਰ ਦੇ ਕਿਸੇ ਵੀ ਕਮਰੇ ਵਿੱਚ ਕੋਈ ਪੱਖਾ ਅਤੇ ਬੱਲਬ ਨਹੀਂ ਸੀ। ਇੱਥੋਂ ਤੱਕ ਕਿ ਕਿਸੇ ਕਮਰੇ ਵਿੱਚ ਕੋਈ ਬੈੱਡ ਵੀ ਨਹੀਂ ਸਨ। ਜਦੋਂ ਪੁਲੀਸ ਨੇ ਬਾਥਰੂਮ ਚੈੱਕ ਕੀਤੇ ਤਾਂ ਉਥੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਰਸੋਈ ਵੇਖਣ ਤੋਂ ਪਤਾ ਚੱਲਿਆ ਕਿ ਕਾਫ਼ੀ ਸਮੇਂ ਤੋਂ ਇਸ ਦੀ ਵਰਤੋਂ ਨਹੀਂ ਹੋਈ। ਪੁਲੀਸ ਟੀਮ ਨੇ ਜਦੋਂ ਪੁੱਛਿਆ ਕਿ ਘਰ ਦੇ ਹਾਲਾਤ ਤੋਂ ਜਾਪਦਾ ਹੈ ਕਿ ਇੱਥੇ ਕਦੇ ਕੋਈ ਰਿਹਾ ਹੀ ਨਹੀਂ ਅਤੇ ਰਸੋਈ ਵਰਤੀ ਹੀ ਨਹੀਂ ਗਈ ਤਾਂ ਹਨੀਪ੍ਰੀਤ ਤੇ ਸੁਖਦੀਪ ਕੌਰ ਨੇ ਇਕੋ ਸੁਰ ਵਿੱਚ ਜਵਾਬ ਦਿੱਤਾ ਕਿ ਉਨ੍ਹਾਂ ਨੂੰ ਰੋਟੀ ਪਾਣੀ ਬੱਲੂਆਣਾ ਤੋਂ ਆਉਂਦਾ ਰਿਹਾ ਹੈ। ਜਦੋਂ ਪੱਖਾ ਨਾ ਹੋਣ ਦੀ ਗੱਲ ਪੁੱਛੀ ਤਾਂ ਹਨੀਪ੍ਰੀਤ ਨੇ ਟੇਬਲਫੈਨ ਵਰਤਣ ਦੀ ਗੱਲ ਆਖੀ। ਗਣੇਸ਼ਾ ਬਸਤੀ ਦੇ ਇਸ ਘਰ ਨੂੰ ਤਾਲਾ ਲੱਗਿਆ ਹੋਇਆ ਸੀ। ਸੁਖਦੀਪ ਕੌਰ ਵੱਲੋਂ ਇਜਾਜ਼ਤ ਦੇਣ ਮਗਰੋਂ ਪੁਲੀਸ ਨੇ ਤਾਲਾ ਤੋੜਿਆ ਅਤੇ ਗੁਆਂਢੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਹ ਘਰ ਇਕਬਾਲ ਸਿੰਘ ਦਾ ਹੈ, ਜੋ ਸੁਖਦੀਪ ਕੌਰ ਦਾ ਪਤੀ ਹੈ। ਸੂਤਰ ਦੱਸਦੇ ਹਨ ਕਿ ਸਿੱਟ ਇੰਚਾਰਜ ਮੁਕੇਸ਼ ਕੁਮਾਰ ਨੇ ਘਰ ਦੇ ਸਾਰੇ ਹਾਲਾਤ ਨੂੰ ਰਿਕਾਰਡ ਕਰ ਲਿਆ ਅਤੇ ਇਹ ਵੀ ਆਖਿਆ ਕਿ ਇੱਥੇ ਠਹਿਰਨ ਵਾਲੀ ਗੱਲ ਵਿੱਚ ਦਮ ਨਹੀਂ ਹੈ। ਕਿਸੇ ਵੀ ਅਧਿਕਾਰੀ ਨੇ ਮੀਡੀਆ ਨਾਲ ਗੱਲ ਨਹੀਂ ਕੀਤੀ। ਪੁਲੀਸ ਟੀਮ ਨੇ ਸਾਰਾ ਘਰ ਛਾਣ ਦਿੱਤਾ। ਦੁਪਹਿਰ ਮਗਰੋਂ ਟੀਮ ਵਾਪਸ ਰਵਾਨਾ ਹੋ ਗਈ। ਪੰਚਕੂਲਾ ਪੁਲੀਸ ਦੀ ਟੀਮ ਬੱਲੂਆਣਾ ਵਿੱਚ ਨਹੀਂ ਗਈ, ਜਦੋਂ ਕਿ ਸਾਰਾ ਮੀਡੀਆ ਬੱਲੂਆਣਾ ਪੁੱਜਿਆ ਹੋਇਆ ਸੀ।

# ਗੁਰਮੀਤ ਰਾਮ ਰਹੀਮ ਦੀ ਦਾੜ੍ਹੀ ਤੇ ਸਿਰ ਦੇ ਵਾਲਾਂ ਤੋਂ ਕਾਲਾ ਰੰਗ ਉਤਰਨ ਲੱਗਾ

**ਚੰਡੀਗੜ੍ਹ/ਬਿਊਰੋ ਨਿਊਜ਼:**

ਗੁਰਮੀਤ ਰਾਮ ਰਹੀਮ ਦੀ ਦਾੜ੍ਹੀ ਤੇ ਸਿਰ ਦੇ ਵਾਲਾਂ ਤੋਂ ਕਾਲਾ ਰੰਗ ਉਤਰਨ ਕਾਰਨ ਵਾਲ ਚਿੱਟੇ ਹੋਣੇ ਸ਼ੁਰੂ ਹੋ ਗਏ ਹਨ ਤੇ ਉਸ ਦਾ ਭਾਰ ਵੀ ਛੇ ਕਿੱਲੋ ਘੱਟ ਗਿਆ ਹੈ। ਗੁਰਮੀਤ ਰਾਮ ਰਹੀਮ ਸ਼ੂਗਰ ਦੇ ਨਾਲ-ਨਾਲ ਬਲੱਡ ਪ੍ਰੈਸ਼ਰ ਦਾ ਵੀ ਮਰੀਜ਼ ਹੈ ਤੇ ਉਸ ਨੂੰ ਨਾ ਸਿਰਫ਼ ਇਸ ਲਈ ਰੋਜ਼ਾਨਾ ਦਵਾਈ ਲੈਣੀ ਪੈਂਦੀ ਹੈ ਸਗੋਂ ਸਵੇਰੇ ਛੇਤੀ ਉੱਠ ਕੇ ਕਿਆਰੀਆਂ ਨੂੰ ਠੀਕ ਕਰਨ, ਪਾਣੀ ਲਗਾਉਣ ਤੇ ਘਾਹ-ਬੂਟੀ ਕੱਢਣ ਦਾ ਕੰਮ ਵੀ ਕਰਨਾ ਪੈ ਰਿਹਾ ਹੈ। ਗੁਰਮੀਤ ਰਾਮ ਰਹੀਮ ਜਿੱਥੇ ਫਿਲਮਾਂ ਵਿਚ ਕੰਮ ਕਰਨ ਕਾਰਨ ਆਪਣੇ-ਆਪ ਨੂੰ ਨੌਜਵਾਨ ਦਿਖਾਉਣ ਲਈ ਅਭਿਨੇਤਾਵਾਂ ਵਾਂਗ ਮੂੰਹ ਨੂੰ ਅਪਲਿਫ਼ਟ (ਜਿਸ ਨਾਲ ਮੂੰਹ ਦੀ ਚਮੜੀ 'ਤੇ ਖਿਚਾਅ ਆ ਜਾਂਦਾ ਹੈ) ਕਰਵਾਇਆ ਕਰਦਾ ਸੀ, ਤੇ ਹੁਣ ਤੱਕ ਸਿਰ ਤੇ ਦਾੜ੍ਹੀ-ਮੁੱਛਾਂ 'ਤੇ ਕਾਲਾ ਰੰਗ ਵੀ ਲਗਾਇਆ ਕਰਦਾ ਸੀ। ਹੁਣ ਪਿਛਲੇ ਛੇ ਹਫ਼ਤਿਆਂ ਤੋਂ ਕਾਲਾ ਰੰਗ ਨਾ ਲੱਗਣ ਕਾਰਨ ਉਸ ਦੇ ਸਿਰ, ਦਾੜ੍ਹੀ-ਮੁੱਛਾਂ ਦੇ ਵਾਲ ਚਿੱਟੇ ਹੋਣੇ ਸ਼ੁਰੂ ਹੋ ਗਏ ਹਨ। ਸੂਤਰਾਂ ਅਨੁਸਾਰ ਗੁਰਮੀਤ ਰਾਮ ਰਹੀਮ ਜੇਲ੍ਹ ਵਿਚ ਵਾਲਾਂ ਨੂੰ ਰੰਗਣ ਦੀ ਵਿਵਸਥਾ ਚਾਹੁੰਦਾ ਸੀ, ਪਰ ਜੇਲ੍ਹ ਵਿਚ ਇਸ ਤਰ੍ਹਾਂ ਦਾ ਕੋਈ ਇੰਤਜ਼ਾਮ ਨਾ ਹੋਣ ਕਾਰਨ ਹੁਣ ਉਸ ਨੂੰ ਬਿਨਾਂ ਰੰਗ ਕੀਤਿਆਂ ਹੀ ਰਹਿਣਾ ਪੈ ਰਿਹਾ ਹੈ। ਉਸ ਨੂੰ ਜਿਹੜਾ ਜੇਲ੍ਹ ਵਿਚ ਸਬਜ਼ੀਆਂ ਬੀਜਣ ਦਾ ਕੰਮ ਦਿੱਤਾ ਗਿਆ ਹੈ, ਉਸ ਕੰਮ ਨੂੰ ਲੈ ਕੇ ਵੀ ਉਸ ਨੂੰ ਪ੍ਰੇਸ਼ਾਨੀ ਹੋ ਰਹੀ ਹੈ। ਇਕ ਤਾਂ ਲਗਾਤਾਰ ਲੱਕ ਵਿਚ ਦਰਦ ਰਹਿਣ ਦੀ ਵਜ੍ਹਾ ਨਾਲ ਉਹ ਜ਼ਿਆਦਾ ਦੇਰ ਤੱਕ ਬੈਠ ਕੇ ਕੰਮ ਨਹੀਂ ਕਰ ਸਕਦਾ।

ਦੂਜੇ ਪਾਸੇ ਨੌਜਵਾਨ ਦਿੱਖਣ ਦੇ ਚੱਕਰ ਵਿਚ ਉਸ ਨੇ ਮੂੰਹ ਦੀ ਚਮੜੀ ਨੂੰ ਅਪਲਿਫ਼ਟ ਕਰਵਾਇਆ ਹੋਇਆ ਹੈ, ਜਿਸ ਕਰ ਕੇ ਉਸ ਨੂੰ ਧੁੱਪ ਵਿਚ ਕੰਮ ਕਰਨ ਲੱਗਿਆਂ ਪ੍ਰੇਸ਼ਾਨੀ ਹੁੰਦੀ ਹੈ। ਇਸ ਲਈ ਉਹ ਸਵੇਰੇ ਛੇਤੀ ਉੱਠ ਕੇ ਕੰਮ ਕਰਦਾ ਹੈ ਤੇ ਬਾਅਦ ਵਿਚ ਰੋਟੀ ਖਾ ਕੇ ਪੇਸ਼ੀ ਲਈ ਵੀਡੀਓ ਕਾਨਫ਼ਰੰਸਿੰਗ ਲਈ ਚਲਾ ਜਾਂਦਾ ਹੈ। ਉਹ ਬਾਕੀ ਕੈਦੀਆਂ ਵਾਂਗ ਕੰਟੀਨ ਵਿਚੋਂ ਹਰ ਮਹੀਨੇ ਛੇ ਹਜ਼ਾਰ ਰੁਪਏ ਦਾ ਰਾਸ਼ਨ ਖ਼ਰੀਦਦਾ ਹੈ। ਕੰਟੀਨ ਵਿਚ ਉਸ ਨੂੰ ਅੰਗੂਠਾ ਲਗਾ ਕੇ ਰਾਸ਼ਨ ਦਿੱਤਾ ਜਾਂਦਾ ਹੈ। ਉਹ ਕੰਟੀਨ ਵਿਚੋਂ ਸਵੇਰੇ ਸ਼ਾਮ ਦੁੱਧ ਤੇ ਦਹੀਂ ਤੇ ਫ਼ਲ ਖ਼ਰੀਦਦਾ ਹੈ। ਅਜੇ ਤੱਕ ਗੁਰਮੀਤ



ਰਾਮ ਰਹੀਮ ਦੀ ਸੁਰੱਖਿਆ ਨੂੰ ਲੈ ਕੇ ਵੀ ਕੋਈ ਢਿੱਲ ਨਹੀਂ ਵਰਤੀ ਜਾ ਰਹੀ ਤੇ ਨਿਯਮਤ ਰੂਪ ਵਿਚ ਉਸ ਦੀ ਡਾਕਟਰੀ ਜਾਂਚ ਵੀ ਕਰਵਾਈ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਆਪਣੀ ਬੈਰਕ ਵਿਚ ਸਵੇਰੇ-ਸ਼ਾਮ ਸੈਰ ਕਰਦਾ ਹੈ, ਜਿਸ ਦੀ ਵਜ੍ਹਾ ਨਾਲ ਉਸ ਦਾ ਛੇ ਕਿੱਲੋ ਭਾਰ ਘੱਟ ਗਿਆ ਹੈ। ਦੱਸਿਆ ਜਾਂਦਾ ਹੈ ਕਿ ਉਸ ਦੇ ਵਕੀਲ ਗੁਰਦਾਸ ਸਿੰਘ ਸਲਵਾਰਾ ਤੇ ਵਕੀਲ ਗਰਗ ਨਰਵਾਨਾ ਬੀਤੇ ਦਿਨ ਗੁਰਮੀਤ ਰਾਮ ਰਹੀਮ ਨੂੰ ਜੇਲ੍ਹ ਵਿਚ ਮਿਲਣ ਤੇ ਕੇਸਾਂ ਬਾਰੇ ਵਿਚਾਰ ਕਰਨ ਆਏ ਸਨ। ਵਕੀਲ ਗੁਰਦਾਸ ਸਿੰਘ ਸਲਵਾਰਾ ਗੁਰਮੀਤ ਰਾਮ ਰਹੀਮ ਦੇ ਸਕੇ ਸਾਲੇ ਦਾ ਪੁੱਤਰ ਹੈ। ਪਹਿਲਾਂ ਵੀ ਵਕੀਲ ਸਲਵਾਰਾ ਗੁਰਮੀਤ ਰਾਮ ਰਹੀਮ ਦੇ ਕੰਟੀਨ ਖਾਤੇ ਵਿਚ ਛੇ ਹਜ਼ਾਰ ਰੁਪਏ ਜਮ੍ਹਾਂ ਕਰਵਾ ਕੇ ਗਿਆ ਸੀ। ਦੱਸਿਆ ਜਾਂਦਾ ਹੈ ਕਿ ਪਹਿਲੇ ਪੈਸੇ ਜਮ੍ਹਾਂ ਕਰਵਾਏ ਨੂੰ ਇਕ ਮਹੀਨਾ ਹੋ ਜਾਣ ਕਾਰਨ ਉਹ ਦੁਬਾਰਾ ਪੈਸੇ ਜਮ੍ਹਾਂ ਕਰਵਾਉਣ ਆਇਆ ਸੀ। ਇਸ ਸਮੇਂ ਗੁਰਮੀਤ ਰਾਮ ਰਹੀਮ ਖ਼ਿਲਾਫ਼ ਰਣਜੀਤ ਸਿੰਘ ਹੱਤਿਆ ਕਾਂਡ ਦੀ ਸੁਣਵਾਈ ਜਿੱਥੇ ਆਖ਼ਰੀ ਦੌਰ 'ਤੇ ਹੈ ਉੱਥਰ ਛਤਰਪਤੀ ਹੱਤਿਆ ਕਾਂਡ ਦੀ ਸੁਣਵਾਈ ਵੀ ਇਸੇ ਮਹੀਨੇ ਨਿਯਮਿਤ ਰੂਪ ਨਾਲ ਸ਼ੁਰੂ ਹੋਣ ਵਾਲੀ ਹੈ। ਦੂਜੇ ਪਾਸੇ ਹਨੀਪ੍ਰੀਤ ਦੇ ਫੜੇ ਜਾਣ 'ਤੇ ਹੋਰਾਂ ਸਾਰਿਆਂ ਮਾਮਲਿਆਂ ਦੀ ਜਾਣਕਾਰੀ ਵੀ ਗੁਰਮੀਤ ਰਾਮ ਰਹੀਮ ਨੂੰ ਆਪਣੇ ਵਕੀਲਾਂ ਰਾਹੀਂ ਮਿਲ ਗਈ ਹੋਵੇਗੀ। ਸਮਝਿਆ ਜਾਂਦਾ ਹੈ ਕਿ ਇਸੇ ਕਾਰਨ ਗੁਰਮੀਤ ਰਾਮ ਰਹੀਮ ਦੀ ਸਿਹਤ ਵਿਗੜ ਗਈ ਸੀ। ਪੰਚਕੂਲਾ ਵਿਚ ਵਾਪਰੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਐਸ.ਆਈ.ਟੀ. ਦੁਆਰਾ ਪਿਛਲੇ ਹਫਤੇ ਗ੍ਰਿਫਤਾਰ ਕੀਤੇ ਗਏ ਗੁਰਮੀਤ ਰਾਮ ਰਹੀਮ ਦੇ ਡਰਾਈਵਰ ਤੇ ਪੀ.ਏ. ਰਾਕੇਸ਼ ਕੁਮਾਰ ਤੋਂ ਪੁਲੀਸ ਨੂੰ ਕਾਫੀ ਹੈਰਾਨੀਜਨਕ ਜਾਣਕਾਰੀ ਮਿਲੀ ਹੈ। ਡੇਰੇ ਦੇ ਜਿਹੜੇ ਸਾਧੂਆਂ ਨੂੰ ਨਪੁੰਸਕ ਬਣਾਇਆ ਗਿਆ ਸੀ, ਉਨ੍ਹਾਂ ਵਿਚ ਰਾਕੇਸ਼ ਕੁਮਾਰ ਵੀ ਸ਼ਾਮਲ ਹੈ। ਇਹ ਖੁਲਾਸਾ ਰਾਕੇਸ਼ ਕੁਮਾਰ ਦੀ ਡਾਕਟਰੀ ਜਾਂਚ ਤੋਂ ਬਾਅਦ ਸਾਹਮਣੇ ਆਇਆ ਤੇ ਪੁਲੀਸ ਨੇ ਸਿਵਲ ਸਰਜਨ ਨੂੰ ਇਸ ਬਾਰੇ ਵਿਸਥਾਰਤ ਮੈਡੀਕਲ ਰਿਪੋਰਟ ਦੇਣ ਲਈ ਕਿਹਾ ਹੈ।

## ਮਾਡਲ ਮਰੀਨਾ ਨੇ ਲਾਏ ਦੋਸ਼- ਰਾਮ ਰਹੀਮ ਫ਼ਿਲਮਾਂ ਦੇ ਬਹਾਨੇ ਕਰਦਾ ਸੀ ਇਤਰਾਜ਼ਯੋਗ ਹਰਕਤਾਂ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ 'ਤੇ ਦੋ ਸਾਧਵੀਆਂ ਨਾਲ ਜਬਰ ਜਨਾਹ ਦੇ ਦੋਸ਼ ਸਾਬਿਤ ਹੋਣ ਅਤੇ 20 ਸਾਲ ਦੀ ਸਜ਼ਾ ਹੋਣ ਤੋਂ ਬਾਅਦ ਲਗਾਤਾਰ ਕਈ ਖ਼ੁਲਾਸੇ ਹੋ ਰਹੇ ਹਨ। ਹੁਣ ਉਸ 'ਤੇ ਮਾਡਲ ਤੇ ਅਦਾਕਾਰਾ ਮਰੀਨਾ ਕੁਵਰ ਨੇ ਦੋਸ਼ ਲਗਾਉਂਦਿਆ ਕਿਹਾ ਕਿ ਉਹ ਉਸ ਨੂੰ ਫ਼ਿਲਮ ਵਿਚ ਰੋਲ ਦਿਵਾਉਣ ਤੇ ਮੀਟਿੰਗ ਦੇ ਬਹਾਨੇ ਆਪਣੀ ਗੁਫ਼ਾ ਵਿਚ ਲੈ ਜਾਂਦਾ ਸੀ ਅਤੇ ਉਸ ਨਾਲ ਗਲਤ ਹਰਕਤਾਂ ਕਰਦਾ ਸੀ। ਉਸ ਨੇ ਦੱਸਿਆ ਕਿ ਰਾਮ ਰਹੀਮ ਨੇ ਉਸ ਨੂੰ ਪੈਸੇ ਤੇ ਹੋਰ ਚੀਜ਼ਾਂ ਦੀ ਚਿੰਤਾ ਨਾ ਕਰਨ ਦੀ ਗੱਲ ਆਖੀ। ਮਰੀਨਾ ਨੇ ਕਿਹਾ ਕਿ ਰਾਮ ਰਹੀਮ ਨਸ਼ਾ ਵੀ ਕਰਦਾ ਸੀ ਤੇ ਉਸ ਨੂੰ ਇਸ ਦੀ ਆਦਤ ਸੀ। ਉਸ ਨੇ ਦੱਸਿਆ ਰਾਮ ਰਹੀਮ ਤੋਂ ਤੰਗ ਹੋ ਕੇ ਉਸ ਨੇ 6 ਮਹੀਨੇ ਪਹਿਲਾਂ ਇਕ ਟਵੀਟ ਕੀਤਾ ਸੀ ਪਰ ਡਰਾਉਣ-ਧਮਕਾਉਣ ਤੋਂ ਬਾਅਦ ਉਸ ਨੂੰ ਉਹ ਡਲੀਟ ਕਰਨਾ ਪਿਆ ਸੀ। ਗੁਰਮੀਤ ਰਾਮ ਰਹੀਮ ਦੇ ਜੇਲ੍ਹ ਵਿਚ ਜਾਣ ਤੋਂ ਬਾਅਦ ਮਰੀਨਾ ਤੇ ਉਸ ਦੇ ਪੁਰਸ਼ ਮਿੱਤਰ ਨੇ ਇਹ ਸਾਰੇ ਦੋਸ਼ ਲਗਾਏ ਹਨ।



## ਰਾਮ ਰਹੀਮ ਨੇ ਮੰਗੀ ਸਜ਼ਾ ਮੁਆਫ਼ੀ, ਸਾਧਵੀਆਂ ਨੇ ਉਮਰ ਕੈਦ

ਸਫ਼ਾ ਇਕ ਦੀ ਬਾਕੀ

ਪੁੱਛਿਆ ਹੈ ਕਿ ਆਖ਼ਰ ਸਜ਼ਾ ਵਿਚ ਵਾਧਾ ਕਿਉਂ ਨਾ ਕੀਤਾ ਜਾਵੇ। ਹਾਈਕੋਰਟ ਨੇ ਇਨ੍ਹਾਂ ਅਪੀਲਾਂ ਵਿਚ ਨੋਟਿਸ ਜਾਰੀ ਕਰਦਿਆਂ ਮਾਮਲੇ ਸੁਣਵਾਈ ਲਈ ਐਡਮਿਟ ਕਰ ਲਏ ਹਨ, ਯਾਨੀ ਇਨ੍ਹਾਂ ਰਿਵੀਜ਼ਨ ਪਟੀਸ਼ਨਾਂ (ਅਪੀਲਾਂ) ਆਮ ਮਾਮਲਿਆਂ ਵਾਂਗ ਸੁਣਵਾਈ ਲਈ ਆਉਣਗੀਆਂ। ਪੰਚਕੂਲਾ ਅਦਾਲਤ ਦੇ ਫ਼ੈਸਲੇ ਨੂੰ ਚੁਣੌਤੀ ਦਿੰਦਿਆਂ ਰਾਮ ਰਹੀਮ ਨੇ ਕਿਹਾ ਸੀ ਕਿ ਉਸ ਦਾ ਪੱਖ ਨਹੀਂ ਵਿਚਾਰਿਆ ਗਿਆ ਤੇ ਸਿਰਫ਼ ਪੀੜਤਾਂ ਦੇ ਬਿਆਨਾਂ ਅਤੇ ਅਫ਼ਵਾਹਾਂ ਨੂੰ ਆਧਾਰ ਬਣਾ ਕੇ ਦਾਖ਼ਲ ਕੀਤੇ ਦੋਸ਼ ਪੱਤਰ 'ਤੇ ਹੀ ਸਜ਼ਾ ਦੇ ਦਿੱਤੀ ਗਈ। ਜ਼ਿਕਰਯੋਗ ਹੈ ਕਿ ਪੰਚਕੂਲਾ ਸੀ.ਬੀ.ਆਈ. ਅਦਾਲਤ ਨੇ ਦੋਵੇਂ ਸਾਧਵੀਆਂ ਨਾਲ ਜਬਰ-ਜਨਾਹ ਦੇ ਮਾਮਲਿਆਂ ਵਿਚ ਵੱਖ-ਵੱਖ 10-10 ਸਾਲ ਦੀ ਕੈਦ ਅਤੇ 15-15 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਸੀ। 10 ਸਾਲ ਦੀ ਇਕ ਕੈਦ ਖ਼ਤਮ ਹੋਣ ਉਪਰੰਤ ਦੂਜੀ 10 ਸਾਲ ਦੀ ਕੈਦ ਸ਼ੁਰੂ ਹੋਣੀ ਹੈ ਤੇ ਇਸ ਤਰ੍ਹਾਂ ਨਾਲ ਰਾਮ ਰਹੀਮ ਨੂੰ ਕੁੱਲ ਮਿਲਾ ਕੇ 20 ਸਾਲ ਦੀ ਕੈਦ ਹੋਈ ਹੈ। ਦੂਜੇ ਪਾਸੇ ਸਾਧਵੀਆਂ ਨੇ ਆਪਣੀਆਂ ਅਪੀਲਾਂ ਵਿਚ ਕਿਹਾ ਸੀ ਕਿ ਰਾਮ ਰਹੀਮ ਨੇ ਭਰੋਸੇਯੋਗਤਾ ਤੋੜੀ ਅਤੇ ਉਸ ਨੂੰ ਪਿਤਾ ਜੀ ਕਿਹਾ ਜਾਂਦਾ ਸੀ ਤੇ ਸਾਧਵੀਆਂ ਮਾਨਸਿਕ ਤੇ ਜਿਸਮਾਨੀ ਤੌਰ 'ਤੇ ਉਸ ਦੇ ਕਬਜ਼ੇ ਵਿਚ ਸਨ ਤੇ ਇਸ ਦਾ ਨਾਜਾਇਜ਼ ਫ਼ਾਇਦਾ ਚੁੱਕਦਿਆਂ ਉਨ੍ਹਾਂ ਨਾਲ (ਸਾਧਵੀਆਂ ਨਾਲ) ਜਬਰ ਜਨਾਹ ਕੀਤਾ ਗਿਆ। ਇਨ੍ਹਾਂ ਤੱਥਾਂ ਦਾ ਹਵਾਲਾ ਦਿੰਦਿਆਂ ਸਾਧਵੀਆਂ ਨੇ ਪੰਚਕੂਲਾ ਅਦਾਲਤ ਦੇ ਫ਼ੈਸਲੇ 'ਤੇ ਮੁੜ ਵਿਚਾਰ ਕਰ ਕੇ ਰਾਮ ਰਹੀਮ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੀ ਮੰਗ ਕੀਤੀ ਸੀ।

### ਡੇਰਾ ਸਾਧ ਬੋਲਿਆ-ਮੈਂ ਸੰਸਾਰ ਤਿਆਗਿਆ, ਮੁਆਵਜ਼ਾ ਦੇਣ ਦੀ ਹਾਲਤ ਵਿਚ ਨਹੀਂ

ਗੁਰਮੀਤ ਰਾਮ ਰਹੀਮ ਨੇ ਹਾਈ ਕੋਰਟ ਨੂੰ ਕਿਹਾ ਸੀ ਕਿ ਉਹ 'ਸੰਸਾਰ ਤਿਆਗ ਚੁੱਕਾ' ਹੈ ਅਤੇ ਬਲਾਤਕਾਰ ਪੀੜਤਾਂ ਨੂੰ 30 ਲੱਖ ਰੁਪਏ ਮੁਆਵਜ਼ਾ ਦੇਣ ਦੀ ਹਾਲਤ ਵਿੱਚ ਨਹੀਂ ਹੈ। ਰਾਮ ਰਹੀਮ ਨੇ ਸਜ਼ਾ ਖ਼ਿਲਾਫ਼ ਜਦੋਂ ਕਿ ਬਲਾਤਕਾਰ ਪੀੜਤਾਂ ਵੱਲੋਂ ਡੇਰਾ ਮੁਖੀ ਦੀ ਸਜ਼ਾ ਵਧਾਏ ਜਾਣ ਲਈ ਡਿਵੀਜ਼ਨ ਬੈਂਚ ਅੱਗੇ ਅਪੀਲਾਂ ਪਾਈਆਂ ਹਨ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਸੁਧੀਰ ਮਿੱਤਲ ਦੇ ਬੈਂਚ ਨੇ ਦੋਵੇਂ ਅਪੀਲਾਂ ਸਵੀਕਾਰ ਕਰਦਿਆਂ ਜਾਂਚ ਏਜੰਸੀ ਸੀਬੀਆਈ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

ਡੇਰਾ ਮੁਖੀ ਦੇ ਵਕੀਲ ਐਸ ਕੇ ਗਰਗ ਨਰਵਾਣਾ ਨੇ ਕਿਹਾ ਕਿ ਡੇਰੇ ਦੀਆਂ ਜਾਇਦਾਦਾਂ 'ਜ਼ਬਤ' ਕੀਤੀਆਂ ਜਾ ਚੁੱਕੀਆਂ ਹਨ ਅਤੇ ਉਹ ਮੁਆਵਜ਼ਾ ਨਹੀਂ ਦੇ ਸਕਦਾ। ਇਸ 'ਤੇ ਬੈਂਚ ਨੇ ਕਿਹਾ ਕਿ ਹੇਠਲੀ ਅਦਾਲਤ ਦੇ ਹੁਕਮਾਂ ਮੁਤਾਬਕ ਇਹ ਰਾਸ਼ੀ ਦੇਣੀ ਪਵੇਗੀ ਪਰ ਉਹ ਕਾਨੂੰਨੀ ਪ੍ਰਕਿਰਿਆ ਤਹਿਤ ਚਾਰਾਜੋਈ ਕਰ ਸਕਦੇ ਹਨ। ਬੈਂਚ ਨੇ ਰਾਮ ਰਹੀਮ ਨੂੰ ਹੇਠਲੀ ਅਦਾਲਤ ਰਾਹੀਂ ਕੌਮੀ ਬੈਂਕ ਵਿੱਚ 'ਐਫਡੀਆਰ' ਰਾਹੀਂ ਜੁਰਮਾਨਾ ਰਾਸ਼ੀ ਜਮ੍ਹਾਂ ਕਰਾਉਣ ਦਾ ਹੁਕਮ ਦਿੱਤਾ ਹੈ। ਇਸ ਲਈ ਬੈਂਚ ਨੇ ਦੋ ਮਹੀਨਿਆਂ ਦਾ ਸਮਾਂ ਦਿੱਤਾ ਹੈ। ਅਦਾਲਤ ਦੇ ਫ਼ੈਸਲੇ ਬਾਅਦ ਇਹ ਰਾਸ਼ੀ ਵਿਆਜ ਸਮੇਤ ਕੇਸ ਜਿੱਤਣ ਵਾਲੀ ਇਕ ਪਾਰਟੀ ਨੂੰ ਮਿਲ ਜਾਵੇਗੀ।

### ਹਨੀਪ੍ਰੀਤ ਦੇ ਪੁਲੀਸ ਰਿਮਾਂਡ 'ਚ 3 ਦਿਨ ਦਾ ਵਾਧਾ

ਜਿੱਥੋਂ ਉਨ੍ਹਾਂ ਨੂੰ ਫਿਰ ਤੋਂ 3 ਦਿਨਾ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ। ਜ਼ਿਕਰਯੋਗ ਹੈ ਕਿ 25 ਅਗਸਤ ਨੂੰ ਪੰਚਕੂਲਾ ਸਥਿਤ ਹਰਿਆਣਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵਲੋਂ ਗੁਰਮੀਤ ਰਾਮ ਰਹੀਮ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਪੰਚਕੂਲਾ ਅੰਦਰ ਦੰਗੇ ਭੜਕ ਗਏ ਸਨ, ਜਿਸ ਦੌਰਾਨ ਸਰਕਾਰੀ ਤੇ ਗੈਰ-ਸਰਕਾਰੀ ਸੰਪਤੀ ਦਾ ਨੁਕਸਾਨ ਹੋਣ ਦੇ ਨਾਲ-ਨਾਲ 35 ਵਿਅਕਤੀਆਂ ਦੀ ਜਾਨ ਚਲੀ ਗਈ ਸੀ, ਜਦਕਿ ਕਰੀਬ 200 ਵਿਅਕਤੀ ਜ਼ਖ਼ਮੀ ਹੋ ਗਏ ਸਨ। 25 ਅਗਸਤ ਨੂੰ ਦੰਗੇ ਕਰਵਾਉਣ ਤੇ ਹੁੱਲੜਬਾਜ਼ਾਂ ਨੂੰ ਪੈਸੇ ਮੁਹੱਈਆ ਕਰਵਾਉਣ ਦੇ ਦੋਸ਼ ਹੇਠ ਪੁਲੀਸ ਵਲੋਂ ਹਨੀਪ੍ਰੀਤ ਸਮੇਤ 6 ਮੁਲਜ਼ਮਾਂ ਖ਼ਿਲਾਫ਼ ਦੇਸ਼-ਧ੍ਰੋਹ ਦਾ ਮਾਮਲਾ ਦਰਜ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਸੁਰਿੰਦਰ ਧੀਮਾਨ ਇੰਸਾਂ ਨੂੰ ਪੁਲੀਸ ਵਲੋਂ ਕਾਫੀ ਸਮਾਂ ਪਹਿਲਾਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਜਦਕਿ ਹਨੀਪ੍ਰੀਤ ਨੂੰ ਉਸ ਦੀ ਇਕ ਸਹਿਯੋਗੀ ਸੁਖਦੀਪ ਨਾਲ 39 ਦਿਨਾਂ ਬਾਅਦ 3 ਅਕਤੂਬਰ ਨੂੰ ਜ਼ੀਰਕਪੁਰ-ਪਟਿਆਲਾ ਮਾਰਗ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ 4 ਅਕਤੂਬਰ ਨੂੰ ਪੁਲੀਸ ਵਲੋਂ ਹਨੀਪ੍ਰੀਤ ਤੇ ਸੁਖਦੀਪ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ, ਜਿੱਥੋਂ ਉਨ੍ਹਾਂ ਦੋਵਾਂ ਨੂੰ 6 ਦਿਨਾ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਸੀ। ਭਾਵੇਂ ਪਿਛਲੇ ਰਿਮਾਂਡ ਦੌਰਾਨ ਪੁਲੀਸ ਹਨੀਪ੍ਰੀਤ ਤੋਂ ਕੋਈ ਅਹਿਮ ਜਾਣਕਾਰੀ ਲੈਣ ਵਿਚ ਅਸਫ਼ਲ ਰਹੀ ਸੀ, ਪਰ ਇਸ ਵਾਰ ਹਾਸਲ ਕੀਤੇ 3 ਦਿਨਾ ਪੁਲੀਸ ਰਿਮਾਂਡ ਦੌਰਾਨ ਪੁਲੀਸ ਦੀ ਇਹੀ ਕੋਸ਼ਿਸ਼ ਰਹੇਗੀ ਕਿ ਹਨੀਪ੍ਰੀਤ ਤੋਂ ਵੱਧ ਤੋਂ ਵੱਧ ਜਾਣਕਾਰੀ ਇਕੱਤਰ ਕੀਤੀ ਜਾ ਸਕੇ। ਹਾਲਾਂਕਿ ਪੁਲੀਸ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਹੁਣ ਤਕ ਜਾਂਚ ਵਿਚ ਹਨੀਪ੍ਰੀਤ ਦੇ ਨਿਸ਼ਚਿਤ ਤੌਰ 'ਤੇ ਪੰਚਕੂਲਾ ਦੰਗਿਆਂ ਵਿਚ ਸ਼ਾਮਲ ਹੋਣ ਦੀ ਗੱਲ ਸਾਹਮਣੇ ਆਈ ਹੈ। ਇਸ ਤੋਂ ਬਾਅਦ ਪੁਲੀਸ ਨੇ ਆਪਣੀ ਜਾਂਚ ਦਾ ਪੈਂਤਰਾ ਬਦਲਿਆ ਤੇ ਹਨੀਪ੍ਰੀਤ ਤੇ ਸੁਖਦੀਪ ਕੌਰ ਤੋਂ ਪੁੱਛਗਿੱਛ ਕੀਤੀ। ਸੂਤਰਾਂ ਅਨੁਸਾਰ ਹਨੀਪ੍ਰੀਤ ਤਾਂ ਨਹੀਂ ਟੁੱਟੀ, ਪਰ ਸੁਖਦੀਪ ਕੌਰ ਨੇ ਜ਼ਰੂਰ ਕੁਝ ਐਸੀਆਂ ਜਾਣਕਾਰੀਆਂ ਦਿੱਤੀਆਂ ਜਿਸ ਨਾਲ ਕੇਸ ਨੂੰ ਨਵੀਂ ਦਿੱਖ ਮਿਲੀ। ਪੁਲੀਸ ਨੇ ਬੀਤੇ ਦਿਨ ਵੀ ਹਨੀਪ੍ਰੀਤ ਤੇ ਰਾਕੇਸ਼ ਅਰੋੜਾ ਨੂੰ ਆਹਮਣੇ-ਸਾਹਮਣੇ ਬੈਠਾਇਆ ਤੇ ਸਵਾਲ ਕੀਤੇ। ਸੂਤਰਾਂ ਮੁਤਾਬਕ ਇਸ ਦੌਰਾਨ ਦੋਵਾਂ ਤੋਂ ਕਰੀਬ 400 ਸਵਾਲ ਕੀਤੇ ਗਏ ਤੇ ਇਨ੍ਹਾਂ ਵਿਚੋਂ ਹਨੀਪ੍ਰੀਤ ਨੇ 85 ਸਵਾਲਾਂ ਦੇ ਸਹੀ ਜਵਾਬ ਦਿੱਤੇ। ਕਈ ਸਵਾਲਾਂ ਵਿਚ ਹਨੀਪ੍ਰੀਤ ਨੇ ਤਾਂ ਚੁੱਪੀ ਸਾਧੀ ਰੱਖੀ ਤੇ ਕਈਆਂ ਵਿਚ ਤਾਂ ਉਹ ਬਿਆਨ ਬਦਲਦੀ ਦਿਖੀ।

### ਹਨੀਪ੍ਰੀਤ ਦੇ ਲੈਪਟੌਪ ਵਿੱਚ 'ਬੰਦ' ਹੈ ਹਿੰਸਾ ਦੀ ਸਾਜ਼ਿਸ਼ :

ਪੰਚਕੂਲਾ ਪੁਲੀਸ ਨੇ ਦਾਅਵਾ ਕੀਤਾ ਹੈ 25 ਅਗਸਤ ਨੂੰ ਡੇਰਾ ਸਿਰਸਾ ਮੁਖੀ ਨੂੰ ਸਜ਼ਾ ਸੁਣਾਏ ਜਾਣ ਵਾਲੇ ਦਿਨ ਵਾਪਰੀ ਹਿੰਸਾ ਦੀ ਸਾਰੀ ਯੋਜਨਾ ਹਨੀਪ੍ਰੀਤ ਦੇ ਲੈਪਟੌਪ ਵਿਚ ਬੰਦ ਹੈ।

ਪੁਲੀਸ ਸੂਤਰਾਂ ਨੇ ਦੱਸਿਆ ਕਿ ਪੁਲੀਸ ਨੂੰ ਯਕੀਨ ਹੈ ਕਿ ਹਨੀਪ੍ਰੀਤ ਦਾ ਲੈਪਟੌਪ ਇਸ ਸਮੇਂ ਸਿਰਸਾ ਦੇ ਡੇਰਾ ਸੱਚਾ ਸੌਦਾ ਵਿਚ ਹੈ ਤੇ ਇਸ ਦੀ ਬਰਾਮਦਗੀ ਲਈ ਪੁਲੀਸ ਹਨੀਪ੍ਰੀਤ ਦੇ ਤਿੰਨ ਦਿਨ ਦੇ ਰਿਮਾਂਡ ਦੌਰਾਨ ਉਸ ਨੂੰ ਸਿਰਸਾ ਲਿਜਾਣ ਦੀ ਯੋਜਨਾ ਬਣਾ ਰਹੀ ਹੈ। ਪੁਲੀਸ ਦਾ ਮੰਨਣਾ ਹੈ ਕਿ ਇਸ ਲੈਪਟੌਪ ਬਾਰੇ ਹਨੀਪ੍ਰੀਤ ਤੋਂ ਇਲਾਵਾ ਕਿਸੇ ਹੋਰ ਨੂੰ ਕੋਈ ਜਾਣਕਾਰੀ ਨਹੀਂ ਹੈ।

ਸੂਤਰਾਂ ਅਨੁਸਾਰ ਪੰਚਕੂਲਾ ਹਿੰਸਾ ਦੀ ਹਨੀਪ੍ਰੀਤ ਦੇ ਮੋਬਾਈਲ ਤੋਂ ਇੱਕ ਵੀਡੀਓ ਬਣਾ ਕੇ ਵਾਇਰਲ ਵੀ ਕੀਤੀ ਗਈ ਸੀ ਤੇ ਪੁਲੀਸ ਉੱਤਰ ਪ੍ਰਦੇਸ਼ ਦੇ ਬਿਜਨੌਰ ਵਿਚ ਰਹਿੰਦੇ ਹਨੀਪ੍ਰੀਤ ਦੇ ਰਿਸ਼ਤੇਦਾਰ ਤੋਂ ਮੋਬਾਈਲ ਬਰਾਮਦ ਕਰਨ ਦੀ ਯੋਜਨਾ ਬਣਾ ਰਹੀ ਹੈ।

### ਵਿਪਾਸਨਾ ਨਹੀਂ ਪਹੁੰਚੀ ਪੰਚਕੂਲਾ :

25 ਅਗਸਤ ਨੂੰ ਪੰਚਕੂਲਾ ਵਿਖੇ ਹੋਏ ਦੰਗਿਆਂ ਦੇ ਮਾਮਲੇ ਦੇ ਸਬੰਧ ਵਿਚ ਪੁਲੀਸ ਵਲੋਂ ਡੇਰਾ ਸਿਰਸਾ ਦੀ ਚੇਅਰਪਰਸਨ ਵਿਪਾਸਨਾ ਨੂੰ ਪੰਚਕੂਲਾ ਪਹੁੰਚਣ ਲਈ ਸੰਮਨ ਭੇਜੇ ਗਏ ਸਨ, ਪਰ ਉਹ ਪੰਚਕੂਲਾ ਨਹੀਂ ਪਹੁੰਚੀ। ਪ੍ਰਾਪਤ ਜਾਣਕਾਰੀ ਅਨੁਸਾਰ ਵਿਪਾਸਨਾ ਨੇ ਸਿਹਤ ਠੀਕ ਨਾ ਹੋਣ ਦਾ ਕਾਰਨ ਦੱਸਦਿਆਂ ਪੰਚਕੂਲਾ ਆਉਣ ਤੋਂ ਇਨਕਾਰ ਕਰ ਦਿੱਤਾ ਹੈ। ਇਸੇ ਦੌਰਾਨ ਪੰਚਕੂਲਾ ਹਿੰਸਾ ਲਈ ਇਕ ਕਰੋੜ ਰੁਪਏ ਤੋਂ ਜ਼ਿਆਦਾ ਰਕਮ ਭੇਜਣ ਦੇ ਮਾਮਲੇ ਨੂੰ ਐਸ.ਆਈ.ਟੀ. ਨੇ ਪੁਖ਼ਤਾ ਕਰ ਲਿਆ ਹੈ, ਜਿਸ ਵਿਚ ਚਮਕੌਰ ਸਿੰਘ ਜ਼ਰੀਏ ਪੰਚਕੂਲਾ ਵਿਚ ਇਕ ਕਰੋੜ ਰੁਪਏ ਤੋਂ ਜ਼ਿਆਦਾ ਰਕਮ ਦੇਣ ਦੀ ਗੱਲ ਸਾਹਮਣੇ ਆਈ ਹੈ। ਸੂਤਰਾਂ ਦੀ ਮੰਨੀਏ ਤਾਂ ਇਸ ਸਵਾਲ ਨੂੰ ਗੋਲਮੋਲ ਤਰੀਕੇ ਨਾਲ ਹਨੀਪ੍ਰੀਤ ਨੇ ਵੀ ਮੰਨ ਲਿਆ ਹੈ, ਜਦਕਿ ਦੂਜੇ ਹੋਰਾਂ ਦੋਸ਼ਾਂ ਤੋਂ ਪੁਲੀਸ ਨੂੰ ਸਿੱਧੇ ਤੌਰ 'ਤੇ ਪੂਰੀ ਜਾਣਕਾਰੀ ਪਹਿਲੇ ਮਿਲ ਚੁੱਕੀ ਸੀ।

### ਰਾਕੇਸ਼ ਅਰੋੜਾ ਨੂੰ ਜੇਲ੍ਹ ਭੇਜਿਆ :

ਪੰਚਕੂਲਾ : ਹਨੀਪ੍ਰੀਤ ਦੇ ਡਰਾਈਵਰ ਰਾਕੇਸ਼ ਅਰੋੜਾ ਨੂੰ ਪੰਚਕੂਲਾ ਸਥਿਤ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਅਦਾਲਤ ਨੇ ਰਾਕੇਸ਼ ਨੂੰ 15 ਦਿਨ ਦੀ ਨਿਆਇਕ ਹਿਰਾਸਤ ਵਿਚ ਭੇਜਣ ਦੇ ਹੁਕਮ ਸੁਣਾਏ। ਰਾਕੇਸ਼ ਨੇ ਹੀ ਹਨੀਪ੍ਰੀਤ ਨੂੰ ਭਜਾਇਆ ਸੀ ਤੇ ਉਸ ਦੀ ਗੱਡੀ ਵੀ ਚਲਾਈ ਸੀ। ਰਾਕੇਸ਼ ਆਖ਼ਰੀ ਸਮੇਂ ਵੀ ਹਨੀਪ੍ਰੀਤ ਦੇ ਨਾਲ ਹੀ ਸੀ। ਜ਼ਿਕਰਯੋਗ ਹੈ ਕਿ ਰਾਕੇਸ਼ ਅਰੋੜਾ ਨੂੰ ਪਹਿਲਾਂ ਅਦਾਲਤ ਵਲੋਂ 10 ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜਿਆ ਗਿਆ ਸੀ ਅਤੇ ਉਸ ਤੋਂ ਬਾਅਦ ਉਸ ਦੇ ਰਿਮਾਂਡ ਵਿਚ 3 ਦਿਨ ਦਾ ਹੋਰ ਵਾਧਾ ਕੀਤਾ ਗਿਆ ਸੀ।

## Bride WANTED

Suitable match for US Born 40 years old Dentist Doctor Boy. American citizenship holder will be preferred.
Please call (909) 815-2797

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

## ਲੜਕੀ ਦੀ ਲੋੜ

ਅਮਰੀਕਾ 'ਚ ਜਨਮੇ 40 ਸਾਲਾ ਡੈਂਟਿਸਟ ਡਾਕਟਰ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਅਮਰੀਕੀ ਸਿਟੀਜਨ ਨੂੰ ਤਰਜੀਹ ਦਿੱਤੀ ਜਾਵੇਗੀ।
ਸੰਪਰਕ ਕਰੋ 909-815-2797

**Office for Lease in Union City, CA**



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
510-875-3279

**For Classified Contact**
**510.240.5949**


## ਕੈਲੇਫੋਰਨੀਆਂ ਦੇ ਜੰਗਲਾਂ ਨੂੰ ਲੱਗੀ ਭਿਆਨਕ ਅੱਗ ਦੌਰਾਨ 17 ਮੌਤਾਂ

ਸੈਂਟਾਰੋਜ਼ਾ ਅਤੇ ਕੈਲਸਟੋਗਾ ਸਹਿਰਾਂ ਵਿੱਚ ਵੀ ਅੱਗ ਨੇ ਭਾਰੀ ਤਬਾਹੀ ਮਚਾਈ ਹੈ। ਨਾਪਾ ਵੈਲੀ ਅਤੇ ਆਸ ਪਾਸ ਦੇ ਇਲਾਕਿਆਂ ਦੇ ਰਿਹਾਇਸ਼ੀ ਇਲਾਕਿਆਂ ਵਿੱਚ ਵੀ ਲੋਕਾਂ ਨੂੰ ਸਾਹ ਲੈਣਾ ਵੀ ਔਖਾ ਹੋਇਆ ਪਿਆ ਹੈ।
ਇਸ ਘਟਨਾ ਵਿਚ ਆਪਣਾ ਘਰ ਗੁਆਉਣ ਵਾਲੇ ਜੈੱਫ ਓਕਰੈਪਕੀ ਨੇ ਦੱਸਿਆ ਕਿ ਜਦੋਂ ਉਹ ਆਪਣੇ ਬਚਾਅ ਲਈ ਭੱਜ ਰਿਹਾ ਸੀ ਤਾਂ ਉਸ ਨੂੰ ਲੱਗਿਆ ਕਿ ਉਹ ਆਪਣਾ ਘਰ ਆਖਰੀ ਵਾਰ ਦੇਖ ਰਿਹਾ ਹੈ। ਉਸ ਦਾ ਇਹ ਡਰ ਉਦੋਂ ਸੱਚ ਹੋ ਗਿਆ ਜਦੋਂ ਉਸ ਦੇ ਮਿੱਤਰ ਨੇ ਸੜੇ ਹੋਏ ਘਰ ਦੀ ਤਸਵੀਰ ਉਸ ਨੂੰ ਭੇਜੀ। ਉਸ ਨੇ ਦੱਸਿਆ ਕਿ ਉਹ ਘਾਟੀ ਵਿਚ ਰਹਿੰਦੇ ਹਨ, ਜਿੱਥੇ ਸ਼ਾਪਿੰਗ ਮਾਲਾਂ, ਹੋਟਲਾਂ ਤੇ ਸੁਪਰਮਾਰਕਿਟਾਂ ਦੀ ਲੜੀ ਹੈ।
ਕੈਲੇਫੋਰਨੀਆ ਦੇ ਜੰਗਲਾਤ ਤੇ ਅੱਗ ਸੁਰੱਖਿਆ ਵਿਭਾਗ ਦੇ ਨਿਰਦੇਸ਼ਕ ਕੇਨ ਪਿਮਲੌਟ ਨੇ ਦੱਸਿਆ ਕਿ ਇਹ ਅੱਗ ਵਧੇਰੇ ਖਤਰਨਾਕ ਇਸ ਲਈ ਹੋ ਗਈ ਕਿਉਂਕਿ ਇਸ ਦੇ ਨਾਲ ਹੀ 50 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾ ਚੱਲ ਪਈ। ਹਵਾਵਾਂ ਕਾਰਨ ਇਹ ਅੱਗ ਸੈਨ ਫਰਾਂਸਿਸਕੋ ਦੇ ਉੱਤਰ ਵਿਚ ਸਥਿਤ ਇਸ 200 ਮੀਲ ਦੇ ਖੇਤਰ ਵਿਚ ਫੈਲ ਗਈ। ਅਧਿਕਾਰੀਆਂ ਨੇ ਦੱਸਿਆ ਇੱਕੋ ਸਮੇਂ ਇੰਨੇ ਵੱਡੇ ਪੱਧਰ 'ਤੇ ਅੱਗ ਲੱਗਣ ਕਾਰਨ ਸਥਿਤੀ ਕਾਬੂ ਤੋਂ ਬਾਹਰ ਹੋ ਗਈ, ਹਾਲਾਂਕਿ ਅਕਤੂਬਰ ਮਹੀਨਾ ਕੈਲੇਫੋਰੀਆ ਦੇ ਜੰਗਲਾਂ ਦੀ ਅੱਗ ਕਾਰਨ ਸਾਲ ਦਾ ਸਭ ਤੋਂ ਤਬਾਹਕੁਨ ਮਹੀਨਾ ਹੁੰਦਾ ਹੈ। ਇਸ ਅੱਗ ਕਾਰਨ ਹਜ਼ਾਰਾਂ ਘਰ ਸੜ ਗਏ। ਅੱਗ ਕਾਰਨ ਸਭ ਤੋਂ ਵਧ ਨੁਕਸਾਨ ਨਾਪਾ ਤੇ ਸੋਨੋਮਾ ਕਾਉਂਟੀਆਂ ਵਿਚ ਹੋਇਆ ਹੈ ਜਿੱਥੇ ਵਾਈਨ ਬਣਾਉਣ ਵਾਲੀਆਂ ਦਰਜਨਾਂ ਫੈਕਟਰੀਆਂ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹਨ।

## ਟਰੰਪ ਨੇ ਐੱਚ-1ਬੀ ਵੀਜ਼ਾ 'ਚ ਸਖਤੀ ਦਾ ਫੈਸਲਾ ਟਾਲਿਆ

ਪੇਸ਼ੇਵਰਾਂ 'ਤੇ ਹਮਲੇ ਦੇ ਆਪਣੇ ਰੁਖ ਵਿਚ ਟਰੰਪ ਨੇ ਬਦਲਾਅ ਕੀਤਾ ਹੈ। ਰਾਸ਼ਟਰਪਤੀ ਚੋਣਾਂ ਦੌਰਾਨ ਅਮਰੀਕੀ ਲੋਕਾਂ ਦੀ ਨੌਕਰੀ 'ਤੇ ਕਬਜ਼ਾ ਕਰਨ ਵਾਲੇ ਵਿਦੇਸ਼ੀਆਂ ਦੀ ਆਮਦ ਸੀਮਤ ਕਰਨ ਲਈ ਟਰੰਪ ਨੇ ਐੱਚ-1ਬੀ ਵੀਜ਼ਾ ਦੀ ਗਿਣਤੀ ਸੀਮਤ ਕਰਨ ਦਾ ਐਲਾਨ ਕੀਤਾ ਸੀ। ਜ਼ਾਹਰ ਹੈ ਕਿ ਇਸ ਦਾ ਸਭ ਤੋਂ ਜ਼ਿਆਦਾ ਅਸਰ ਭਾਰਤੀਆਂ 'ਤੇ ਪੈਣਾ ਸੀ, ਜੋ ਅਮਰੀਕਾ ਵਿਚ ਆਈ.ਟੀ., ਮੈਡੀਕਲ ਅਤੇ ਆਰਥਿਕ ਸੇਵਾਵਾਂ ਨਾਲ ਜੁੜੀਆਂ ਨੌਕਰੀਆਂ ਦੇ ਦਾਅਵੇਦਾਰ ਹੁੰਦੇ ਹਨ। ਐਤਵਾਰ ਨੂੰ ਵ੍ਹਾਈਟ ਹਾਊਸ ਤੋਂ ਸੰਸਦ ਨੂੰ ਭੇਜੇ ਗਏ ਪ੍ਰਸਤਾਵ ਵਿਚ ਐੱਚ-1ਬੀ ਵੀਜ਼ਾ ਵਿਚ ਕਟੌਤੀ ਜਾਂ ਉਸ ਨੂੰ ਲੈ ਕੇ ਕੋਈ ਸਖਤ ਸ਼ਰਤ ਲਾਉਣ ਦਾ ਬਿੰਦੂ ਨਹੀਂ ਹੈ। ਜਾਣਕਾਰਾਂ ਦਾ ਮੰਨਣਾ ਹੈ ਕਿ ਕੁਆਲਟੀ ਆਧਾਰਤ ਇਮੀਗ੍ਰੇਸ਼ਨ ਨੀਤੀ ਨਾਲ ਵੀ ਖਾਸ ਤੌਰ 'ਤੇ ਆਈ.ਟੀ. ਪੇਸ਼ੇਵਰਾਂ ਨੂੰ ਫਾਇਦਾ ਹੋਵੇਗਾ। ਉੱਚ ਅਹੁਦਿਆਂ ਲਈ ਉਨ੍ਹਾਂ ਨੂੰ ਅਮਰੀਕੀ ਵੀਜ਼ਾ ਮਿਲਣ ਵਿਚ ਆਸਾਨੀ ਹੋਵੇਗੀ। ਪਰ ਗ੍ਰੀਨ ਕਾਰਡ ਸਿਸਟਮ ਵਿਚ ਸੁਧਾਰ ਦਾ ਪ੍ਰਸਤਾਵ ਹੈ। ਸੰਸਦ ਵਿਚ ਜੇਕਰ ਪ੍ਰਸਤਾਵ ਪਾਸ ਹੋ ਗਿਆ ਤਾਂ ਅਮਰੀਕਾ ਵਿਚ ਰਹਿਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਗ੍ਰੀਨ ਕਾਰਡ ਮਿਲਣਾ ਮੁਸ਼ਕਲ ਹੋ ਜਾਵੇਗਾ। ਗ੍ਰੀਨ ਕਾਰਡ ਉਹ ਵਿਵਸਥਾ ਹੈ ਜਿਸ ਵਿਚ ਕੁਝ ਸਾਲ ਰਹਿਣ ਤੋਂ ਬਾਅਦ ਵਿਅਕਤੀ ਨੂੰ ਸ਼ਰਤਾਂ ਨਾਲ ਅਮਰੀਕਾ ਵਿਚ ਪੱਕੇ ਤੌਰ 'ਤੇ ਰਹਿਣ ਦੀ ਸਹੂਲਤ ਮਿਲ ਜਾਂਦੀ ਹੈ। ਸੂਤਰਾਂ ਮੁਤਾਬਕ ਪ੍ਰਸਤਾਵ ਵਿਚ ਰਿਸ਼ਤੇਦਾਰਾਂ ਨੂੰ ਆਪਣੇ ਆਪ ਗ੍ਰੀਨ ਕਾਰਡ ਮਿਲਣ ਦੀ ਸ਼ਰਤ ਸਖਤ ਕੀਤੀ ਗਈ ਹੈ। ਇਸ ਨਾਲ ਪੇਸ਼ੇਵਰਾਂ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਪੱਕੇ ਤੌਰ 'ਤੇ ਨਾਲ ਰੱਖਣ ਵਿਚ ਮੁਸ਼ਕਲ ਆਵੇਗੀ। ਪ੍ਰਸਤਾਵ ਵਿਚ ਛੋਟੀਆਂ ਨੌਕਰੀਆਂ ਲਈ ਵਿਦੇਸ਼ੀ ਲੋਕਾਂ ਨੂੰ ਮੌਕਾ ਦੇਣ ਨਾਲ ਅਮਰੀਕੀ ਹਿੱਤਾ 'ਤੇ ਅਸਰ ਪੈਣ ਦੀ ਗੱਲ ਕਹੀ ਗਈ ਹੈ। ਕਿਹਾ ਗਿਆ ਹੈ ਕਿ ਇਨ੍ਹਾਂ ਨੌਕਰੀਆਂ 'ਤੇ ਵਿਦੇਸ਼ੀ ਘੱਟ ਤਨਖਾਹ 'ਤੇ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ, ਜਿਸ ਨਾਲ ਅਮਰੀਕੀ ਲੋਕਾਂ ਦੇ ਹਿੱਤ ਪ੍ਰਭਾਵਤ ਹੁੰਦੇ ਹਨ। ਅਜਿਹੇ ਵਿਚ ਅਮਰੀਕੀ ਲੋਕਾਂ ਨੂੰ ਨੌਕਰੀ ਮਿਲਦੀ ਨਹੀਂ ਹੈ ਅਤੇ ਜੇ ਮਿਲਦੀ ਹੈ ਤਾਂ ਉਨ੍ਹਾਂ ਨੂੰ ਵੀ ਘੱਟ ਤਨਖਾਹ ਮਿਲਦੀ ਹੈ। ਨਾਜਾਇਜ਼ ਇਮੀਗ੍ਰੇਸ਼ਨ ਦੇ ਸਵਾਲ 'ਤੇ ਟਰੰਪ ਦਾ ਰਵੱਈਆ ਸਖਤ ਹੈ ਅਤੇ ਉਨ੍ਹਾਂ ਨੇ ਮੈਕਸੀਕੋ ਸਰਹੱਦ 'ਤੇ ਕੰਧ ਬਣਾਉਣ ਦੀ ਮੁੜ ਤੋਂ ਚਰਚਾ ਕੀਤੀ ਹੈ।

### ਡੈਮੋਕਰੈਟਿਕ ਆਗੂਆਂ ਵਲੋਂ ਨਿੰਦਾ

ਇਸ ਪ੍ਰਸਤਾਵ ਦੀ ਡੈਮੋਕਰੈਟਿਕ ਆਗੂਆਂ ਨੇ ਨਿੰਦਾ ਕੀਤੀ ਹੈ, ਜਿਨ੍ਹਾਂ ਨੂੰ 'ਡਰੀਮਰਜ਼' (ਜੋ ਨਿੱਕੀ ਉਮਰ 'ਚ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਆਏ ਸਨ) ਨੂੰ ਬਚਾਉਣ ਲਈ ਟਰੰਪ ਨਾਲ ਸਮਝੌਤਾ ਹੋਣ ਦੀ ਉਮੀਦ ਸੀ। ਟਰੰਪ ਨੇ ਪਿਛਲੇ ਮਹੀਨੇ ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ (ਡਾਕਾ) ਪ੍ਰੋਗਰਾਮ, ਜੋ 'ਡਰੀਮਰਜ਼' ਨੂੰ ਦੋ ਸਾਲ ਦਾ ਵਰਕ ਪਰਮਿਟ ਮੁਹੱਈਆ ਕਰਾਉਂਦਾ ਹੈ, ਨੂੰ ਰੱਦ ਕਰਨ ਦਾ ਐਲਾਨ ਕੀਤਾ ਸੀ।
ਬੀਤੇ ਦਿਨ ਕਾਂਗਰਸ ਨੂੰ ਲਿਖੇ ਪੱਤਰ 'ਚ ਟਰੰਪ ਨੇ ਮੰਗ ਕੀਤੀ ਕਿ 'ਡਾਕਾ' ਪ੍ਰੋਗਰਾਮ ਦਾ ਲਾਭ ਲੈਣ ਵਾਲਿਆਂ ਬਾਰੇ ਕੋਈ ਵੀ ਕਾਨੂੰਨ ਬਣਾਉਣ ਸਮੇਂ ਇਨ੍ਹਾਂ ਸਿਧਾਂਤਾ ਨੂੰ ਜ਼ਰੂਰ ਸ਼ਾਮਲ ਕੀਤਾ ਜਾਵੇ। ਉਨ੍ਹਾਂ ਕਿਹਾ, 'ਇਨ੍ਹਾਂ ਸੁਧਾਰਾਂ ਬਗ਼ੈਰ ਗ਼ੈਰਕਾਨੂੰਨੀ ਆਵਾਸ ਅਤੇ ਲੜੀਦਾਰ ਆਵਾਸ (ਰਿਸ਼ਤੇਦਾਰਾਂ ਨੂੰ ਸੱਦਣਾ), ਜੋ ਪੱਖਪਾਤੀ ਤੌਰ 'ਤੇ ਅਮਰੀਕੀ ਵਰਕਰਾਂ ਤੇ ਕਰਦਾਤਾਵਾਂ 'ਤੇ ਬੋਝ ਪਾ ਰਿਹਾ ਹੈ, ਬਿਨਾਂ ਰੁਕੇ ਜਾਰੀ ਰਹੇਗਾ।' ਟਰੰਪ ਨੇ ਇਸ ਕਾਰਜ ਵਾਸਤੇ 10 ਹਜ਼ਾਰ ਵਾਧੂ ਇੰਮੀਗ੍ਰੇਸ਼ਨਜ਼ ਐਂਡ ਕਸਟਮਜ਼ ਐਨਫੋਰਸਮੈਂਟ ਆਫੀਸਰਜ਼, ਇਕ ਹਜ਼ਾਰ ਅਟਾਰਨੀ, 370 ਇੰਮੀਗ੍ਰੇਸ਼ਨ ਜੱਜ ਅਤੇ 300 ਸੰਘੀ ਜਾਂਚਕਾਰ ਲੈਣ ਦੀ ਤਜਵੀਜ਼ ਵੀ ਰੱਖੀ ਹੈ।

## ਉਮੀਦਵਾਰਾਂ ਦੀ ਕਿਸਮਤ ਬੈਲਟ ਬਕਸਿਆਂ ਵਿਚ ਬੰਦ

ਫੌਜ ਦੇ ਇੱਕ ਸਾਬਕਾ ਜਰਨੈਲ ਮੇਜਰ ਜਨਰਲ (ਸੇਵਾਮੁਕਤ) ਸੁਰੇਸ਼ ਖਜੂਰੀਆ ਨੂੰ ਮੈਦਾਨ ਵਿੱਚ ਉਤਾਰਿਆ ਹੈ। ਕੁਲ 11 ਉਮੀਦਵਾਰ ਮੈਦਾਨ ਵਿੱਚ ਹਨ।
ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਅੰਦਰ ਪੈਂਦੇ 9 ਵਿਧਾਨ ਸਭਾ ਹਲਕਿਆਂ ਵਿੱਚ 1781 ਪੋਲਿੰਗ ਬੂਥ ਸਥਾਪਤ ਕੀਤੇ ਗਏ ਸਨ। ਕਰੀਬ 8500 ਪੋਲਿੰਗ ਸਟਾਫ਼ ਤੇ 10500 ਪੁਲੀਸ ਤੇ ਅਰਧ ਸੁਰੱਖਿਆ ਬਲਾਂ ਦੇ ਜਵਾਨ ਤਾਇਨਾਤ ਕੀਤੇ ਗਏ। ਜ਼ਿਲ੍ਹੇ ਵਿੱਚ ਕੁੱਲ 15 ਲੱਖ 17 ਹਜ਼ਾਰ 436 ਵੋਟਰ ਹਨ। ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਵੀਵੀਪੈਟ ਮਸ਼ੀਨਾਂ ਰਾਹੀ ਵੋਟਾਂ ਪਈਆਂ। ਵੋਟਾਂ ਦੀ ਗਿਣਤੀ 15 ਅਕਤੂਬਰ ਨੂੰ ਹੋਵੇਗੀ ਅਤੇ ਉਸ ਦਿਨ ਹੀ ਨਤੀਜਾ ਐਲਾਨਿਆ ਜਾਵੇਗਾ।
ਪੰਜਾਬ ਦੇ ਨਾਲ ਲੱਗਦੇ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੀਆਂ ਹੱਦਾਂ ਨੂੰ ਵੀ ਸੀਲ ਕਰ ਦਿੱਤਾ ਗਿਆ ਅਤੇ ਉੱਥੇ ਸੁਰੱਖਿਆ ਮੁਲਾਜ਼ਮ ਮੁਸਤੈਦ ਕਰ ਦਿੱਤੇ ਗਏ।

## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੁਰਗੱਦੀ ਦਿਵਸ ਨੂੰ ਸਮਰਪਿਤ ਤੀਸਰਾ ਸਾਲਾਨਾ ਮਹਾਨ ਨਗਰ ਕੀਰਤਨ ਕੱਢਿਆ

ਵਿੱਚ ਬੈਠੇ ਸਿੱਖਾਂ ਦੀ ਰਿਹਾਈ ਲਈ ਯਤਨ ਕਰਨ ਦੀ ਅਪੀਲ ਕੀਤੀ। ਕੈਨੇਡਾ ਵਿੱਚ ਜਗਮੀਤ ਸਿੰਘ ਦੇ ਵੱਡੀ ਸਿਆਸੀ ਪਾਰਟੀ ਐਨ ਡੀ ਪੀ ਦੇ ਮੁਖੀ ਚੁਣੇ ਜਾਣ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪੰਜਾਬ ਤੋਂ ਪੁਹੰਚੇ ਪ੍ਰੋਫੈਸਰ ਬਲਜਿੰਦਰ ਸਿੰਘ ਮੋਰਜੰਡ ਨੇ ਸਟੇਜ ਤੋਂ ਸੰਗਤਾਂ ਨੂੰ ਸੰਬੋਧਤ ਹੁੰਦਿਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਰਹਿਮਤਾਂ ਦੀ ਗਲ ਕੀਤੀ ਤੇ ਸਿੱਖ ਪੰਥ ਤੇ ਸਿੱਖਾਂ ਦੀਆਂ ਪ੍ਰਦੇਸਾਂ ਵਿੱਚ ਪੈ ਰਹੀਆਂ ਗੂੰਜਾਂ ਅਤੇ ਤਰੱਕੀਆਂ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਪਰ ਇਸ ਦੇ ਨਾਲ ਹੀ ਉਨਾਂ ਪੰਜਾਬ ਵਿੱਚ ਵਸ ਰਹੇ ਸਿੱਖਾਂ ਦੀ ਹਾਲਤ ਤੇ ਚਿੰਤਾ ਜ਼ਾਹਿਰ ਕੀਤੀ। ਉਨਾਂ ਦੱਸਿਆ ਕਿ ਅਜ ਹਰ ਅਦਾਰੇ ਵਿੱਚ ਆਰ ਐਸ ਐਸ ਦਾ ਕਬਜਾ ਤੇ ਉਨ੍ਹਾਂ ਦੇ ਆਦਮੀ ਫਿਟ ਹੋ ਚੁੱਕੇ ਹਨ। ਜਿਸ ਦੀ ਬਹੁਤਾਤ ਸਿੱਖਾਂ ਨੂੰ ਸਮਝ ਅਤੇ ਪਿਹਚਾਣ ਨਹੀਂ ਹੈ। ਆਰ ਐਸ ਐਸ ਵੱਖ ਵੱਖ ਰੂਪਾਂ ਰਾਹੀਂ ਸਿੱਖਾ 'ਵਿਚ ਵੜ ਚੁਕੀ ਹੈ। ਬਹੁਤ ਸਾਰੇ ਸਾਡੇ ਪੰਥਕ ਬੁਲਾਰੇ ਜੋ ਪ੍ਰਦੇਸ ਆ ਰਹੇ ਹਨ ਉਹ ਵੀ ਜਾਣੇ ਅਣਜਾਣੇ ਵਿੱਚ ਆਰ ਐਸ ਐਸ ਦੇ ਹੱਥਾਂ ਵਿੱਚ ਖੇਡ ਰਹੇ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਜਿਸ ਕਾਲਜ ਵਿੱਚ ਉਹ ਪੜਾਉਂਦੇ ਸਨ ਉਥੇ ਵੀ ਆਰ ਐਸ ਐਸ ਨੇ ਕੰਟਰੋਲ ਕਰ ਲਿਆ ਹੈ ਇਥੇ ਸਾਨੂੰ ਵੱਡੇ ਪੱਧਰ ਤੇ ਸ਼ੰਘਰਸ਼ ਕਰਨਾਂ ਪਿਆ ਤੇ ਸਿਮਰਨਜੀਤ ਸਿੰਘ ਮਾਨ ਨੇ ਸਾਡੇ ਸ਼ੰਘਰਸ਼ ਦੀ ਹਮਾਇਤ ਕੀਤੀ ਸੀ। ਪਰ ਅਖ਼ੀਰ ਵਿੱਚ ਨੌਕਰੀ ਤੋਂ ਕੱਢ ਦਿੱਤਾ ਗਿਆ। ਸ਼ਿਕਾਗੋ ਤੋਂ ਵਿਸ਼ੇਸ਼ ਤੌਰ ਤੇ ਪੁੰਹਚੇ ਇਰਿਵਨਪ੍ਰੀਤ ਸਿੰਘ ਨੇ ਪੈਲਾਟਾਈਨ ਗੁਰੂਘਰ ਵਿੱਚ ਹੋ ਰਹੀ ਨਾਨਕਸ਼ਾਹੀ ਕੈਲੰਡਰ ਦੇ ਸਬੰਧ ਵਿਚ ਹੋ ਰਹੀ ਕਾਨਫਰੰਸ ਸਬੰਧੀ ਜਾਣਕਾਰੀ ਦਿੱਤੀ ਤੇ ਮਿੱਡਵੈਸਟ ਦੇ ਸਮੂਹ ਗੁਰੂਘਰਾਂ ਨੂੰ ਹਾਜਰੀ ਭਰਨ ਦੀ ਬੇਨਤੀ ਕੀਤੀ। ਇਹ ਕਾਨਫਰੰਸ 11 ਤੇ 12 ਨਵੰਬਰ ਨੂੰ ਹੋ ਰਹੀ ਹੈ। ਅਖੀਰ ਵਿਚ ਸਟੇਜ ਸਕੱਤਰ ਸੁਰਿੰਦਰ ਸਿੰਘ ਨੇ ਸਭ ਧੰਨਵਾਦ ਕੀਤਾ।

## ਸਿੱਖ ਵਿਦਵਾਨ ਪ੍ਰੋ. ਪਿਆਰਾ ਸਿੰਘ ਪਦਮ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਥਾਪਤ

ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਨਿਭਾਈ। ਇਸ ਤੋਂ ਪਹਿਲਾਂ ਭਾਈ ਕੰਵਲਦੀਪ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਕੀਤਾ ਤੇ ਭਾਈ ਕੁਲਵਿੰਦਰ ਸਿੰਘ ਨੇ ਅਰਦਾਸ ਕੀਤੀ।
ਇਸ ਮੌਕੇ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਆਪਣੇ ਵਿਰਸੇ ਅਤੇ ਸ਼ਖ਼ਸੀਅਤਾਂ ਦੇ ਜੀਵਨ ਤੋਂ ਸੰਗਤ ਨੂੰ ਜਾਣੂ ਕਰਾਉਣ ਲਈ ਉਨ੍ਹਾਂ ਦੀਆਂ ਤਸਵੀਰਾਂ ਸਮੇਂ-ਸਮੇਂ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਾਈਆਂ ਜਾਂਦੀਆਂ ਹਨ। ਉਨ੍ਹਾਂ ਪ੍ਰੋ. ਪਿਆਰਾ ਸਿੰਘ ਪਦਮ ਦੀ ਤਸਵੀਰ ਅਜਾਇਬ ਘਰ ਵਿਖੇ ਲਾਉਣ ਦੇ ਫ਼ੈਸਲੇ ਲਈ ਪ੍ਰੋ. ਬਡੂੰਗਰ ਦੀ ਸ਼ਲਾਘਾ ਕੀਤੀ। ਪ੍ਰੋ. ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਸਾਹਿਤਕਾਰ ਪ੍ਰੋ. ਪਿਆਰਾ ਸਿੰਘ ਪਦਮ ਦਾ ਜੀਵਨ ਗੁਰਮਤਿ ਨੂੰ ਪ੍ਰਣਾਇਆ ਹੋਇਆ ਸੀ। ਉਨ੍ਹਾਂ ਜਿੱਥੇ ਗੁਰਮਤਿ ਅਨੁਸਾਰ ਸਾਦਾ ਜੀਵਨ ਗੁਜ਼ਾਰਿਆ, ਉਥੇ ਸੰਗਤ ਨੂੰ ਆਪਣੀਆਂ ਲਿਖਤਾਂ ਰਾਹੀਂ ਗੁਰਮਤਿ ਨਾਲ ਜੋੜਿਆ। ਉਨ੍ਹਾਂ ਕਿਹਾ ਕਿ ਪ੍ਰੋ. ਪਦਮ ਵੱਲੋਂ 100 ਦੇ ਕਰੀਬ ਕਿਤਾਬਾਂ ਲਿਖੀਆਂ ਗਈਆਂ ਸਨ। ਪ੍ਰੋ. ਪਦਮ ਦੀਆਂ ਲਿਖਤਾਂ 'ਤੇ ਛੇਤੀ ਹੀ ਇੱਕ ਸੈਮੀਨਾਰ ਖ਼ਾਲਸਾ ਕਾਲਜ, ਪਟਿਆਲਾ ਵਿੱਚ ਕਰਵਾਇਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰੋ. ਪਦਮ ਦੇ ਨਾਂ 'ਤੇ ਕਿਸੇ ਯੋਗ ਥਾਂ ਉਤੇ ਲਾਇਬ੍ਰੇਰੀ ਬਣਾਈ ਜਾਵੇਗੀ। ਇਸ ਮੌਕੇ ਪ੍ਰੋ. ਪਦਮ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਕੀਤਾ ਗਿਆ।

## ਕੀ ਸਿਰਫ਼ ਪੈਸਾ ਵਸੂਲਣਾ ਹੀ ਸਰਕਾਰ ਦਾ ਕੰਮ ਹੈ ?

ਰਿਟਾਇਰਡ ਫ਼ੌਜੀ ਆਪਣੀ ਪੈਨਸ਼ਨ ਤੋਂ ਨਾਖੁਸ਼ ਹਨ। ਨਾਰਾਜ਼ ਫੌਜੀ ਸੋਸ਼ਲ ਮੀਡੀਆ 'ਤੇ ਆਪਣੇ ਕੰਮ ਦੀਆਂ ਮਾੜੀਆਂ ਸਥਿਤੀਆਂ ਵਿਰੁੱਧ ਰੋਸ ਪ੍ਰਗਟਾ ਰਹੇ ਹਨ। ਕਾਰੋਬਾਰੀ ਚਾਹੁੰਦਾ ਹੈ ਕਿ ਵਿਆਜ਼ ਦਰਾਂ ਹੇਠਾਂ ਆਉਣ। ਪੈਨਸ਼ਨਰ ਇਸ ਨੂੰ ਉੱਪਰ ਲਿਆਉਣਾ ਚਾਹੁੰਦੇ ਹਨ। ਹਰ ਕਿਤੇ ਹਿਤਾਂ ਦਾ ਟਕਰਾਅ ਹੈ। ਬਰਾਮਦ ਵਧਾਉਣ ਦੀ ਲੋੜ ਹੈ, ਇਸ ਲਈ ਰੁਪਇਆ ਹੇਠਾਂ ਆਉਣਾ ਚਾਹੀਦਾ ਹੈ। ਭਾਰਤ ਵਰਗ ਸਾਡੇ ਗੁੰਝਲਦਾਰ ਦੇਸ਼ 'ਚ ਆਮ ਸਹਿਮਤੀ ਸਥਾਪਤ ਹੋਣਾ ਬਹੁਤ ਮੁਸ਼ਕਲ ਹੈ।
ਭ੍ਰਿਸ਼ਟਾਚਾਰ ਨਾਲ ਲੜਾਈ ਬਹੁਤ ਵਧੀਆ ਨਾਅਰਾ ਸੀ। ਇਸ ਨੇ ਭਾਜਪਾ ਨੂੰ ਪਿਛਲੀਆਂ ਚੋਣਾਂ 'ਚ ਜ਼ਬਰਦਸਤ ਜਿੱਤ ਦਿਵਾਈ, ਪਰ ਹੁਣ ਇਹ ਘਿਸਿਆ-ਪਿਟਿਆ ਜੁਮਲਾ ਲੱਗਦਾ ਹੈ। ਸਰਕਾਰ ਕੁਝ ਜ਼ਿਆਦਾ ਹੀ ਕਰ ਰਹੀ ਸੀ ਅਤੇ ਨੋਟਬੰਦੀ ਤੇ ਜੀਐਸਟੀ ਤੋਂ ਬਾਅਦ ਉਸ ਦੇ ਛਾਪੇਮਾਰੀ ਜਿਹੇ ਤੌਰ-ਤਰੀਕਿਆਂ ਤੋਂ ਛੋਟੇ ਅਤੇ ਮੱਧਮ ਵਰਗੀ ਲੋਕ ਪ੍ਰੇਸ਼ਾਨ ਹੋਏ ਹਨ। ਉਨ੍ਹਾਂ ਦੀ ਜ਼ਿੰਦਗੀ 'ਚ ਉਥਲ-ਪੁਥਲ ਮਚ ਗਈ। ਕਾਰੋਬਾਰ 'ਤੇ ਬੁਰੀ ਮਾਰ ਪਈ। ਉਨ੍ਹਾਂ ਦੇ ਕਰਮਚਾਰੀ ਹੁਣ ਬੇਰੁਜ਼ਗਾਰ ਹਨ। ਛੇਤੀ ਹੀ ਉਹ ਵੀ ਹੋ ਜਾਣਗੇ।
ਕੀ ਟੈਕਸ ਇਕੱਤਰ ਕਰਨ, ਪੈਸਾ ਵਸੂਲਣਾ ਹੀ ਸਰਕਾਰ ਦਾ ਇੱਕੋ ਇਕ ਕੰਮ ਹੈ ? ਨੋਟਬੰਦੀ, ਜੀਐਸਟੀ, ਡਿਜੀਟਾਈਜੇਸ਼ਨ, ਆਧਾਰ ਸਭ ਕੁਝ ਇਸੇ ਸਵਾਲ ਵੱਲ ਧਿਆਨ ਲਿਜਾਂਦਾ ਹੈ। ਕੀ ਸਰਕਾਰ 'ਤੇ ਪੈਸਾ ਇਕੱਤਰ ਕਰਨ ਦਾ ਜਨੂੰਨ ਇੰਨਾ ਸਵਾਰ ਹੈ ਕਿ ਬਾਕੀ ਸਾਰੇ ਮਸਲੇ ਬੇਕਾਰ ਹੋ ਗਏ ਹਨ ? ਕੀ ਭ੍ਰਿਸ਼ਟਾਚਰ ਵਿਰੁੱਧ ਲੜਾਈ ਸਰਕਾਰ ਦੀ ਝੋਲੀ ਭਰਨ ਦੀ ਸਾਜ਼ਿਸ਼ ਸੀ ? ਕੀ ਅਸੀਂ ਇਸ ਸਾਰੇ ਸੰਕਟ ਤੋਂ ਸਿਰਫ ਇਸ ਲਈ ਗੁਜ਼ਰ ਰਹੇ ਹਾਂ ਕਿ ਸਰਕਾਰ ਨੂੰ ਖਰਚ ਕਰਨ ਲਈ ਅਸੀਂ ਵਾਧੂ ਪਾਕੇਟ ਮਨੀ ਦੇਈਏ ?
ਆਮ ਨਾਗਰਿਕ ਨਿਰਾਸ਼ ਹੈ। ਵਿਦਿਆਰਥੀ ਗੁੱਸੇ 'ਚ ਹੈ। ਹਜ਼ਾਰਾਂ-ਕਰੋੜਾਂ ਦਾ ਕਰਜ਼ਾ ਮਾਫ਼ ਕਰਨ ਤੋਂ ਬਾਅਦ ਵੀ ਕਿਸਾਨ ਨਾਰਾਜ਼ ਬੈਠਾ ਹੈ। ਘੱਟਗਿਣਤੀ ਕੱਟੜਵਾਦੀ ਗੁਟਾਂ ਤੋਂ ਡਰਿਆ ਹੋਇਆ ਹੈ। ਛੋਟੇ ਵਪਾਰੀ, ਕਾਰੋਬਾਰੀ ਉਸ ਸਰਕਾਰ ਤੋਂ ਨਿਰਾਸ਼ ਹਨ, ਜਿਸ ਦਾ ਉਨ੍ਹਾਂ ਨੇ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਸੀ। ਪੈਂਸ਼ਨਰਾਂ 'ਚ ਘਬਰਾਹਟ ਹੈ, ਕਿਉਂਕਿ ਬੈਂਕ ਇਨ੍ਹਾਂ ਨੂੰ ਨਿਚੋੜ ਰਹੇ ਹਨ। ਇੱਥੇ ਤਕ ਕਿ ਝੁਕਣ ਵਾਲੇ ਮੀਡੀਆ ਨੇ ਵੀ ਇਨ੍ਹਾਂ ਦੀ ਜੀ-ਹਜੂਰੀ ਵਾਲੇ ਗੀਤ ਬੰਦ ਕਰ ਦਿੱਤੇ ਹਨ। ਵੱਡੇ ਕਾਰੋਬਾਰੀ ਚੁੱਪ ਹਨ, ਇਕਦਮ ਚੁੱਪ, ਦੇਖ ਅਤੇ ਇੰਤਜ਼ਾਰ ਕਰ ਰਹੇ ਹਨ। ਜਦਕਿ ਹਾਲ ਹੀ 'ਚ ਨਿਯੁਕਤ ਹੋਏ ਮੰਤਰੀ ਦੀ ਹਿੰਮਤ ਤਾਂ ਵੇਖੋ ਕਿ ਉਹ ਕਹਿ ਰਿਹਾ ਹੈ ਕਿ ਜਿਹੜੇ ਪੈਟਰੋਲ-ਡੀਜ਼ਲ ਵਿਰੁੱਧ ਰੌਲਾ ਪਾ ਰਹੇ ਹਨ, ਉਹ ਭੁੱਖੇ ਤਾਂ ਨਹੀਂ ਮਰ ਰਹੇ। ਫਿਰ ਉਹ ਕਿਹੜੀ ਚੀਜ਼ ਦੀ ਸ਼ਿਕਾਇਤ ਕਰ ਰਹੇ ਹਨ। ਅਚਾਨਕ 2019 ਦੀਆਂ ਚੋਣ ਚੁਣੌਤੀਆਂ ਨਾਟਕੀ ਢੰਗ ਨਾਲ ਵੱਧ ਗਈਆਂ ਹਨ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Katha
Kirtan
News
Debate
Discussion
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


PANNU'S
LEGAL SERVICES
G.S. Pannu
ivisapass@gmail.com • FAX 510.279.7624
510.677.5200
IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)
DIVORCE
★ CHILD SUPPORT ★ CHILD VISITATION ★ CHILD CUSTODY ★ MODIFICATION
PANNU'S
PASSPORT & VISA SERVICES
indiavisa123@gmail.com • FAX 510.279.7624
M.K. Pannu
(Owner)
VISA IN ONE DAY
Indian Passport
India Visa in 1 Day
OCI
US Passport
Power of Attorney & Other Services
510.677.8440
40757, Grimmer Blvd.
FREMONT
CA-94538
3810 Eau Claire Ave, Ceres,
MODESTO/CERES
CA-95307
220 Bush St/Montgomery St, #445
SAN FRANCISCO
(OPPOSITE INDIA VISA CENTER)


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


Watch Your Favorite Channel
FREE PREVIEW
jus
punjabi
MUDDA
Daily Dose
KHIDI
DUPEHAR
PRIME TIME
NEWS
Kitty Party
Sadde
Jalwe
AMERICAN
VISION
FIRELINE
Itihaas
De
Panne
The 1st American-Punjabi Television Channel
WATCH jus punjabi ON CHANNEL 736 ON
dish | sling
TELEVISION
for advertisement & more information call: +1-718-752-9290 x 202
www.jusbroadcasting.com



SHER®
HAPPY DIWALI
Celebrate
WITH
SHER BESAN
SHER
BESAN 4lb ON
SPECIAL NOW
LIMITED TIME
DIWALI
PROMOTION
SHER®
BESAN
CHANA FLOUR
SUPER
FINE
SHER BESAN SUPER FINE
बेसन • ਵੇਸਣ • ચણાનો લોટ • بیسن •
FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
www.sherbrarmills.com